On our English language New Website
WWW.PREETNEWS.COM
preetnews2020@gmail.com

PREETNAMA
# ਪ੍ਰੀਤਨਾਮਾ
ਖਰਾ ਸੱਚ
ਨਿਊਯਾਰਕ
ਮੁੱਖ ਸੰਪਾਦਕ : ਪ੍ਰਿਤਪਾਲ ਕੌਰ ਪ੍ਰੀਤ
Online and Print Media +1 201-312-4180

ਰੋਜ਼ਾਨਾ ਦੀਆਂ ਤਾਜ਼ੀਆਂ ਖ਼ਬਰਾਂ, ਲੇਖ ਅਤੇ ਕਾਵਿ ਕਵਿਤਾਵਾਂ ਲਈ ਦੇਖੋ ਸਾਡੀ ਵੈਬਸਾਈਟ
www.preetnama.com

ਸਾਲ 4, ਅੰਕ 90, ਮਿਤੀ : 25 ਫਰਵਰੀ, 2021 ਤੋਂ 03 ਮਾਰਚ 2021 ਵੈਬਸਾਈਟ : www.preetnama.com ਈਮੇਲ preetnamausa@gmail.com



## ਲੱਖਾ ਸਿਧਾਣਾ ਦੀ ਰੈਲੀ

### 'ਅਸੀਂ ਤਾਂ ਖੇਤੀ ਕਾਨੂੰਨਾਂ ਖਿਲਾਫ ਆਏ ਹਾਂ ਰੈਲੀ ਜਿਸ ਦੀ ਮਰਜੀ ਹੋਵੇ'

26 ਜਨਵਰੀ ਦੀ ਟਰੈਕਟਰ ਪਰੇਡ ਦੌਰਾਨ ਦਿੱਲੀ 'ਚ ਲਾਲ ਕਿਲੇ ਨੇੜੇ ਹੋਈ ਹਿੰਸਾ ਦੇ ਮਾਮਲੇ ਵਿੱਚ ਨਾਮਜਦ ਕੀਤੇ ਗਏ ਲੱਖਾ ਸਿਧਾਣਾ ਦੀ ਭਾਲ ਵਿੱਚ ਜੁਟੀ ਦਿੱਲੀ ਪੁਲਿਸ ਦੀਆਂ 'ਮਸਕਾਂ' ਦੌਰਾਨ ਹੀ ਲੱਖਾ ਸਿਧਾਣਾ ਦੇ ਸਮਰਥਕਾਂ ਨੇ ਜਲ੍ਹਿਾ ਬਠਿੰਡਾ ਦੇ ਪਿੰਡ ਮਹਿਰਾਜ 'ਚ ਮੰਗਲਵਾਰ ਨੂੰ ਰੈਲੀ ਕੀਤੀ।

ਠੀਕ ਉਸ ਵੇਲੇ ਜਦੋਂ 2 ਵੱਜ ਕੇ 13 ਮਿੰਟ 'ਤੇ ਲੱਖਾ ਸਿਧਾਣਾ ਅਚਾਨਕ ਹੀ ਇਸ ਰੈਲੀ 'ਚ ਹਾਜਰ ਹੋਏ ਤਾਂ ਮੰਚ ਤੋਂ ਇਹ ਐਲਾਨ ਕਰ ਦਿੱਤਾ ਗਿਆ ਕਿ "ਜੇਕਰ ਦਿੱਲੀ ਪੁਲਿਸ 'ਚ ਹਿੰਮਤ ਹੈ ਤਾਂ ਉਹ ਲੱਖਾ ਸਿਧਾਣਾ ਨੂੰ ਗ੍ਰਿਫਤਾਰ ਕਰਕੇ ਦਿਖਾਏ।"

ਇਹ ਐਲਾਨ ਹੁੰਦਿਆਂ ਹੀ ਪੰਡਾਲ 'ਚ ਕੇਸਰੀ ਝੰਡੇ ਲਹਿਰਾਏ ਗਏ ਤੇ 'ਬੋਲੇ ਸੋ ਨਿਹਾਲ' ਦੇ ਜੈਕਾਰੇ ਗੂੰਜ ਉੱਠੇ। ਇਸ ਮੌਕੇ ਦੇਸ ਵਿੱਚ ਕਿਤੇ ਵੀ 'ਖਾਲਸਾਈ ਝੰਡੇ' ਲਹਿਰਾਉਣ ਨੂੰ ਜਾਇਜ ਕਹਿੰਦਿਆਂ ਭਾਰਤੀ ਜਨਤਾ ਪਾਰਟੀ ਦੇ ਆਗੂਆਂ ਵੱਲੋਂ ਲਹਿਰਾਏ ਜਾਂਦੇ ਝੰਡਿਆਂ ਦੀ ਚਰਚਾ ਰੱਜ ਕੇ ਕੀਤੀ ਗਈ। ਇਸ ਮੌਕੇ ਇਹ ਗੱਲ ਵੀ ਕਹੀ ਗਈ ਕਿ ਲਾਲ ਕਿਲੇ 'ਤੇ ਲਹਿਰਾਏ ਗਏ ਤਿਰੰਗੇ ਝੰਡੇ ਦਾ ਅਪਮਾਨ ਕੀਤੇ ਬਿਨਾਂ ਕੇਸਰੀ ਝੰਡਾ ਲਹਿਰਾਇਆ ਗਿਆ ਹੈ। ਅਸਲ ਵਿੱਚ 26 ਜਨਵਰੀ ਦੀ ਹਿੰਸਾ ਦੇ ਮਾਮਲੇ 'ਚ ਦਿੱਲੀ ਪੁਲਿਸ ਪਿਛਲੇ ਹਫਤੇ ਤੋਂ ਪੰਜਾਬ ਵਿੱਚ ਲੱਖਾ ਸਿਧਾਣਾ ਦੀ ਭਾਲ ਕਰ ਰਹੀ ਹੈ। ਉਂਝ, ਲੱਖਾ ਸਿਧਾਣਾ ਦੀ ਰੈਲੀ ਵਿੱਚ ਕਿਸੇ ਕਿਸਮ ਦੀ ਹਿੰਸਾ ਨੂੰ ਰੋਕਣ ਲਈ ਪੰਜਾਬ ਪੁਲਿਸ ਦੇ ਅਫਸਰ ਤੇ ਜਵਾਨ ਵੱਡੀ ਗਿਣਤੀ 'ਚ ਤਾਇਨਾਤ ਸਨ।

**ਹੋਰਨਾਂ ਜਥੇਬੀਦਆਂ ਦੇ ਆਗੂਆਂ ਨੇ ਕੀ ਕਿਹਾ**

ਪਿੰਡ ਬਰਗਾੜੀ ਦੇ ਰਹਿਣ ਵਾਲੇ ਪ੍ਰਿਤਪਾਲ ਸਿੰਘ ਇਸ ਰੈਲੀ 'ਚ ਪਹੁੰਚੇ ਸਨ। ਉਨ੍ਹਾਂ ਕਿਹਾ ਕਿ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੀਆਂ ਗਲਤ ਨੀਤੀਆਂ ਕਾਰਨ ਅੱਜ ਨੌਜਵਾਨ ਤਿਹਾੜ ਜੇਲ੍ਹ 'ਚ ਬੰਦ ਹਨ।

"ਕਿਸਾਨ ਜਥੇਬੰਦੀਆਂ ਦੇ ਅਜਿਹੇ ਰਵੱਈਏ ਕਾਰਨ ਹੀ ਦੀਪ ਸਿੱਧੂ, ਨੌਦੀਪ ਕੌਰ, ਰਣਜੀਤ ਸਿੰਘ ਤੇ ਦਿਸਾ ਰਵੀ ਸਮੇਤ ਅਨੇਕਾਂ ਬੇਕੂਸਰ ਅੱਜ ਭਾਰਤ ਦੀ ਹਾਕਮ ਧਿਰ ਦੇ ਇਸਾਰਿਆਂ 'ਤੇ ਜੇਲ੍ਹਾਂ 'ਚ ਹਨ। ਇਹ ਵੱਖਰੀ ਗੱਲ ਹੈ ਕਿ ਕੇਂਦਰ ਸਰਕਾਰ ਘੱਟ ਗਿਣਤੀਆਂ ਦੇ ਖਿਲਾਫ ਹੈ ਪਰ ਅੱਜ ਲੱਖਾ ਸਿਧਾਣਾ ਵਰਗੇ ਆਗੂਆਂ ਦੀ ਅਗਵਾਈ ਹੇਠ ਜੇਲ੍ਹਾਂ 'ਚ ਬੰਦ ਨੌਜਵਾਨਾਂ ਦੀ ਰਿਹਾਈ ਦਾ ਰਾਹ ਪੱਧਰਾ ਹੋ ਸਕਦਾ ਹੈ। ਇਸ ਲਈ ਹੀ ਮੈਂ ਅੱਜ ਇੱਥੇ ਹਾਂ।"ਦਲ ਖਾਲਸਾ ਦੇ ਬੁਲਾਰੇ ਕੰਵਰਪਾਲ ਸਿੰਘ ਨੇ ਸੰਯੁਕਤ ਕਿਸਾਨ ਮੋਰਚੇ ਦੀ ਰਣਨੀਤੀ 'ਤੇ ਸਵਾਲ ਚੁੱਕੇ।

ਉਨ੍ਹਾਂ ਨੇ ਕਿਹਾ, "ਕਿਸਾਨਾਂ ਦੀਆਂ ਮੰਗਾਂ ਜਾਇਜ ਹਨ ਅਤੇ 26 ਜਨਵਰੀ ਨੂੰ ਦਿੱਲੀ ਦੇ ਲਾਲ ਕਿਲੇ ਨੇੜੇ ਜੋ ਵਾਪਰਿਆ ਉਹ ਇੱਕ ਸਾਜਸਿ ਦਾ ਹਿੱਸਾ ਸੀ। ਪਰ ਇਸ ਗੱਲ ਦੀ ਸਮਝ ਨਹੀਂ ਆਈ ਕਿ ਜਥੇਬੰਦੀਆਂ ਸੰਯੁਕਤ ਕਿਸਾਨ ਮੋਰਚੇ ਦੇ ਆਗੂਆਂ ਵੱਲੋਂ ਭਾਰਤ ਦੀ ਲੋਕ ਸਭਾ ਦਾ ਘਿਰਾਓ ਕਰਨ ਦੇ ਕੀਤੇ ਗਏ ਐਲਾਨ ਤੋਂ ਕਿਉਂ ਪਲਟ ਗਈਆਂ। ਅਸੀਂ ਤਾਂ ਕਿਸਾਨਾਂ ਨੂੰ ਅਪੀਲ ਕਰਦੇ ਹਾਂ ਕਿ ਉਹ ਪਾਰਲੀਮੈਂਟ ਦੇ ਘਿਰਾਓ ਦਾ ਪ੍ਰੋਗਰਾਮ ਮੁੜ ਉਲੀਕਣ।"

**ਰੈਲੀ ਵਿੱਚ ਪਹੁੰਚੇ ਲੋਕਾਂ ਦਾ ਪ੍ਰਤੀਕਰਮ**

ਇਸ ਮੌਕੇ ਰੈਲੀ 'ਚ ਸਾਮਲ ਕਈ ਬਜੁਰਗ ਔਰਤ ਤੇ ਮਰਦ ਇਸ ਗੱਲੋਂ ਅਣਜਾਣ ਨਜਰ ਆਏ ਕਿ ਉਹ ਕਿਸ ਪ੍ਰਕਾਰ ਦੀ ਰੈਲੀ ਵਿੱਚ ਆਏ ਹਨ।

ਪਿੰਡ ਮਹਿਰਾਜ ਦੀ ਬਜੁਰਗ ਸੁਰਜੀਤ ਕੌਰ ਕਹਿੰਦੀ ਹੈ, "ਮੈਂ ਤਾਂ ਪੁੱਤ ਡੇਢ ਸੌ ਔਰਤਾਂ ਨਾਲ ਲੈ ਕੇ ਆਈ ਆਂ। ਮੈਨੂੰ ਨਹੀਂ ਪਤਾ ਕਿ ਕਿਸ ਦੀ ਰੈਲੀ ਹੈ, ਅਸੀਂ ਤਾਂ ਮੋਦੀ ਸਰਕਾਰ ਵਿਰੁੱਧ ਝੰਡਾ ਚੁੱਕਿਆ ਤੇ ਖੇਤੀ ਬਿੱਲਾਂ ਦੀ ਵਾਪਸੀ ਤੱਕ ਮੈਂ ਤਾਂ ਆਖਰੀ ਸਾਹ ਤੱਕ ਝੰਡਾ ਫੜ੍ਹ ਕੇ ਰੈਲੀਆਂ 'ਚ ਜਾਂਦੀ ਰਹਾਂਗੀ।"ਦੂਜੇ ਪਾਸੇ, ਭਾਰਤ ਤੇ ਪੰਜਾਬ ਦੀਆਂ ਸੁਰੱਖਿਆ ਏਜੰਸੀਆਂ ਦੇ ਲੋਕ ਪੰਡਾਲ ਵਿੱਚ ਇਸ ਗੱਲ ਦਾ ਜਾਇਜਾ ਲੈਂਦੇ ਨਜਰ ਆਏ ਕਿ ਆਖਰਕਾਰ ਰੈਲੀ 'ਚ ਆਏ ਲੋਕਾਂ ਦੇ ਮਨਾਂ ਦਾ ਅਸਲ ਖਿਆਲ ਕੀ ਹੈ। ਪੰਡਾਲ 'ਚ ਬੈਠੇ ਨੌਜਵਾਨਾਂ ਨੂੰ ਸੰਬੋਧਨ ਕਰਦਿਆਂ ਲੱਖਾ ਸਿਧਾਣਾ ਨੇ ਕਿਹਾ ਕਿ ਨੌਜਵਾਨ ਹੀ ਕਿਸੇ ਕੌਮ ਦਾ ਸਰਮਾਇਆ ਹੁੰਦੇ ਹਨ।

'ਮੇਰੇ 'ਤੇ ਭਾਵੇਂ ਕੇਂਦਰ ਸਰਕਾਰ ਨੇ ਮਾਮਲਾ ਦਰਜ ਕਰ ਲਿਆ ਹੈ ਪਰ ਨੌਜਵਾਨ ਕਿਸਾਨਾਂ ਨੂੰ ਇਹ ਕਾਰਵਾਈ ਕਦੇ ਵੀ ਡਰਾ ਨਹੀਂ ਸਕਦੀ। ਮੈਂ ਸੰਯੁਕਤ ਮੋਰਚੇ ਦੇ ਆਗੂਆਂ ਦੇ ਨਾਲ ਹਾਂ ਪਰ ਉਹ ਨੌਜਵਾਨਾਂ ਨੂੰ ਕੋਈ ਠੋਸ ਗੱਲ ਕਹਿਣ।"

ਰੈਲੀ ਦੌਰਾਨ ਲੱਖਾ ਸਿਧਾਣਾ ਦੇ ਸਮਰਥਕਾਂ ਨੇ ਮੰਚ ਤੋਂ ਲੈ ਕੇ ਨਾਕਿਆਂ ਤੱਕ ਦੀ ਸੁਰੱਖਿਆ ਆਪਣੇ ਹੱਥ ਵਿੱਚ ਹੀ ਰੱਖੀ। ਭਾਵੇਂ ਕੋਈ ਪੱਤਰਕਾਰ ਸੀ ਤੇ ਭਾਵੇਂ ਕੋਈ ਰਾਜਨੇਤਾ, ਸਾਰਿਆਂ 'ਤੇ ਕਰੜੀ ਨਜਰ ਰੱਖੀ ਗਈ।

**ਮੀਡੀਆ ਦੀ ਭੂਮੀਕਾ 'ਤੇ ਸਵਾਲ**

ਹਾਲਾਤ ਇੱਥੋਂ ਤੱਕ ਚਲੇ ਗਏ ਕਿ ਜਿਵੇਂ ਹੀ ਲੱਖਾ ਸਿਧਾਣਾ ਨੇ ਆਪਣੇ ਭਾਸਨ ਦੌਰਾਨ ਮੀਡੀਆ ਦੀ ਭੂਮੀਕਾ ਦੌਰਾਨ ਕੁੱਝ ਨਿਊਜ ਚੈਨਲਾਂ ਅਤੇ ਅਖਬਾਰਾਂ 'ਤੇ ਕਈ ਪ੍ਰਕਾਰ ਦੇ ਸਵਾਲ ਚੁੱਕੇ ਤਾਂ ਭੜਕਾਹਟ ਵਿੱਚ ਆ ਕੇ ਪੰਡਾਲ 'ਚ ਬੈਠੇ ਕੁੱਝ ਲੋਕਾਂ ਨੇ ਸਬੰਧਤ ਚੈਨਲ ਦੇ ਪੱਤਰਕਾਰਾਂ ਨਾਲ ਧੱਕਾ-ਮੁੱਕੀ ਸੁਰੂ ਕਰ ਦਿੱਤੀ। ਗਨੀਮਤ ਰਹੀ ਕਿ 'ਕੰਮ' ਇੱਥੇ ਹੀ ਨਿੱਬੜ ਗਿਆ।

ਪੱਤਰਕਾਰ ਉਮਸ ਕੁਮਾਰ ਸਿੰਗਲਾ ਨੇ ਦੱਸਿਆ ਕਿ ਉਨ੍ਹਾਂ ਦੇ ਚੈਨਲ ਨੂੰ ਨਿਸਾਨਾ ਬਣਾਇਆ ਗਿਆ।

"ਅਸੀਂ ਤਾਂ ਚੈਨਲ ਲਈ 12 ਸਾਲਾਂ ਤੋਂ ਕੰਮ ਕਰਦੇ ਆ ਰਹੇ ਹਾਂ ਪਰ ਮੇਰੇ ਕੈਮਰਾਮੈਨ ਜੋਇਲ ਗਿੱਲ ਨਾਲ ਜੋ ਵਾਪਰਿਆ, ਉਹ ਕਿਸੇ ਵੀ ਦ੍ਰਿਸਟੀਕੋਣ ਤੋਂ ਠੀਕ ਨਹੀਂ ਹੈ।" ਰੈਲੀ ਦੇ ਅੰਤ ਵਿੱਚ ਲੱਖਾ ਸਿਧਾਣਾ ਦੇ ਕਈ ਨੌਜਵਾਨ ਸਮਰਥਕ ਡਾਂਗਾਂ ਦੇ 'ਬਲਬੂਤੇ' 'ਤੇ ਆਪਣੇ ਆਗੂ ਨੂੰ ਪੰਡਾਲ ਤੋਂ ਬਾਹਰ ਲੈ ਗਏ ਅਤੇ ਲੱਖਾ ਸਿਧਾਣਾ ਨੂੰ ਕਾਬੂ ਕਰਨ ਆਈ ਪੁਲਿਸ ਪਾਰਟੀ 'ਝਾਕਦੀ' ਹੀ ਰਹਿ ਗਈ।

ਰੈਲੀ ਦੀ ਸਟੇਜ ਤੋਂ ਲੱਖਾ ਸਿਧਾਣਾ ਸਮੇਤ ਕਈ ਬੁਲਾਰਿਆਂ ਨੇ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ 'ਸਿੱਧੀ' ਚਿਤਾਵਨੀ ਦਿੱਤੀ ਕਿ 'ਜੇ ਕਰ ਦਿੱਲੀ ਪੁਲਿਸ ਪੰਜਾਬ 'ਚੋਂ ਕਿਸੇ ਕਿਸਾਨ ਆਗੂ ਦੀ ਗ੍ਰਿਫਤਾਰੀ ਕਰਦੀ ਹੈ ਤਾਂ ਇਸ ਲਈ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਜੰਮਿੇਵਾਰ ਹੋਣਗੇ'।



### ਲੱਖਾ ਸਿਧਾਣਾ ਦੀ ਰੈਲੀ ਵਿੱਚ ਕੀ ਸੀ ਖਾਸ

ਸਿਆਸੀ ਮਾਹਰਾਂ ਦਾ ਮੰਨਣਾ ਹੈ ਕਿ ਭਾਵੇਂ ਇਹ ਰੈਲੀ ਲੱਖਾ ਸਿਧਾਣਾ ਨੇ 'ਸਕਤੀ ਪ੍ਰਦਰਸਨ' ਕਰਨ ਲਈ ਰੱਖੀ ਸੀ ਪਰ ਇਸ ਰੈਲੀ ਵਿੱਚ ਸੰਯੁਕਤ ਕਿਸਾਨ ਮੋਰਚੇ ਦੇ ਸੀਨੀਅਰ ਆਗੂਆਂ 'ਤੇ ਟਿੱਪਣੀਆਂ ਕੀਤੀ ਗਈਆਂ। ਲੱਖਾ ਸਿਧਾਣਾ ਦੀ ਰੈਲੀ ਇਕੱਠ ਪੱਖੋਂ ਠੀਕ ਰਹੀ। ਇਸ ਦੇ ਨਾਲ ਹੀ ਗਰਮ-ਦਲੀ ਸੰਗਠਨਾਂ ਦੇ ਕਈ ਆਗੂ ਵੀ ਇਸ ਰੈਲੀ 'ਚ ਪਹੁੰਚੇ।ਰੈਲੀ ਵਿੱਚ ਸ੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ), ਦਲ ਖਾਲਸਾ ਦੇ ਆਗੂਆਂ ਤੋਂ ਇਲਾਵਾ ਕਈ ਸਿੱਖ ਪ੍ਰਚਾਰਕਾਂ ਤੇ ਕਈ ਆਗੂਆਂ ਨੇ ਆਪਣੇ ਵਿਚਾਰ ਰੱਖੇ। ਇਹ ਗੱਲ ਵੀ ਵਿਲੱਖਣ ਸੀ ਕਿ ਰੈਲੀ ਵਿੱਚ ਕਿਸਾਨ ਸੰਗਠਨਾਂ ਦੇ ਝੰਡਿਆਂ ਦੀ ਥਾਂ ਖਾਲਸਾਈ ਝੰਡੇ ਆਮ ਸਨ। ਇਹ ਵੀ ਜਕਿਰਯੋਗ ਸੀ ਕਿ ਮੰਚ ਤੋਂ ਬੋਲਣ ਵਾਲੇ ਬੁਲਾਰਿਆਂ ਨੇ ਪੰਜਾਬ ਦੀਆਂ ਸਮੁੱਚੀਆਂ ਸਿਆਸੀ ਪਾਰਟੀਆਂ 'ਤੇ ਰੱਜ ਕੇ ਤੰਜ ਕਸੇ। ਭਾਵੇਂ ਇਸ ਮੌਕੇ ਪੰਜਾਬ ਯੂਥ ਕਾਂਗਰਸ ਅਤੇ ਆਮ ਆਦਮੀ ਪਾਰਟੀ ਦੇ ਆਗੂ ਹਾਜਰ ਸਨ ਪਰ ਮੰਚ ਸੰਚਾਲਕ ਨੇ ਉਨ੍ਹਾਂ ਦੀ ਬੇਨਤੀ ਦੇ ਬਾਵਜੂਦ ਸਟੇਜ ਤੋਂ ਬੋਲਣ ਦੀ ਇਜਾਜਤ ਨਹੀਂ ਦਿੱਤੀ। ਇਸ ਰੈਲੀ ਵਿੱਚ ਚਰਚਿਤ ਸਖਸੀਅਤਾਂ ਹਰਦੀਪ ਸਿੰਘ ਡਿਬਡਿਬਾ, ਨਾਰਾਇਣ ਸਿੰਘ ਚੌੜਾ, ਹਰਦੀਪ ਸਿੰਘ ਮਹਿਰਾਜ, ਪ੍ਰੋ. ਮਹਿੰਦਰਪਾਲ ਸਿੰਘ ਸਮੇਤ ਕਈ ਲੋਕ ਚਰਚਾ ਦਾ ਵਿਸਾ ਰਹੇ।

# ਦਿਸ਼ਾ ਰਵੀ ਟੂਲਕਿਟ ਮਾਮਲਾ

# ਸਰਕਾਰ ਦੀਆਂ ਨੀਤੀਆਂ ਦੇ ਵਿਰੋਧ ਕਾਰਨ ਕਿਸੇ ਨੂੰ ਜੇਲ੍ਹ ਨਹੀਂ ਭੇਜਿਆ ਜਾ ਸਕਦਾ - ਅਦਾਲਤ



ਕਿਸਾਨ ਅੰਦੋਲਨ ਨਾਲ ਸਬੰਧਤ "ਟੂਲਕਿਟ" ਸੋਸਲ ਮੀਡੀਆ ਉੱਤੇ ਸੇਅਰ ਕਰਨ ਦੇ ਮਾਮਲੇ ਵਿਚ ਅਦਾਲਤ ਨੇ ਸਬੂਤਾਂ ਦੀ ਘਾਟ ਅਤੇ ਠੋਸ ਨਾ ਹੋਣ ਦੀ ਗੱਲ ਕਰਦਿਆਂ ਵਾਤਾਵਰਨ ਕਾਰਕੁਨ ਦਿਸਾ ਰਵੀ ਨੂੰ ਜਮਾਨਤ ਦੇ ਕੇ ਦਿੱਲੀ ਪੁਲਿਸ ਨੂੰ ਤਕੜਾ ਝਟਕਾ ਦਿੱਤਾ ਹੈ। ਅਦਾਲਤ ਨੇ ਕਿਹਾ ਕਿ ਪੁਲਿਸ ਦੇ ਸਬੂਤਾਂ ਤੋਂ ਦਿਸਾ ਰਵੀ ਅਤੇ ਖਾਲਿਸਤਾਨ ਸਮਰਥਕ ਜਥੇਬੰਦੀ ਪੋਇਟਿਕ ਜਸਟਿਸ ਫਾਊਂਡੇਸਨ ਵਿਚਾਲੇ ਕੋਈ ਸਿੱਧਾ ਲਿੰਕ ਸਾਬਤ ਨਹੀਂ ਹੁੰਦਾ ਹੈ। ਅਦਾਲਤ ਨੇ ਕਿਹਾ ਕਿ ਮੁਹੱਈਆ ਕਰਵਾਏ ਗਏ ਸਬੂਤਾਂ ਤੋਂ ਦਿੱਲੀ ਦੀਆਂ 26 ਜਨਵਰੀ ਦੀਆਂ ਘਟਨਾਵਾਂ ਨੂੰ ਅੰਜਾਮ ਦੇਣ ਵਾਲਿਆਂ ਅਤੇ ਪੀਜਐਫ ਜਾਂ ਦਿਸਾ ਰਵੀ ਨਾਲ ਵੀ ਕੋਈ ਲਿੰਕ ਸਾਬਿਤ ਨਹੀਂ ਹੁੰਦਾ। ਅਦਾਲਤ ਨੇ ਇਹ ਵੀ ਕਿਹਾ ਕਿ ਵਾਤਾਵਰਨ ਕਾਰਕੁਨ ਦੇ ਕਿਸੇ ਵੀ ਵਿਚਾਰ ਤੋਂ ਉਸ ਦੀ ਪਾਬੰਦੀਸੁਦਾ ਸੰਗਠਨ ਸਿਖਸ ਫਾਰ ਜਸਿਟਸ ਨਾਲ ਕੋਈ ਸਾਂਝ ਵੀ ਸਾਬਤ ਨਹੀਂ ਹੁੰਦੀ। ਐਡੀਸਨਲ ਸੈਸਨ ਜੱਜ ਧਰਮਿੰਦਰ ਰਾਣਾ ਨੇ ਰਵੀ ਨੂੰ ਇੱਕ ਲੱਖ ਰੁਪਏ ਦੇ ਨਿੱਜੀ ਮੁਚੱਲਕੇ ਅਤੇ ਇੰਨੀ ਹੀ ਰਕਮ ਵਾਲੀਆਂ ਦੋ ਜਾਮਨੀਆਂ ਉੱਤੇ ਜਮਾਨਤ ਦੇ ਦਿੱਤੀ।

**ਸਰਕਾਰ ਨੀਤੀਆਂ ਦਾ ਵਿਰੋਧ ਕਾਰਨ ਜੇਲ੍ਹ ਨਹੀਂ - ਜੱਜ**

**ਆਰਡਰ -1**

ਜੱਜ ਨੇ ਕਿਹਾ, "ਰਿਕਾਰਡ ਵਿਚ ਦਿੱਤੇ ਗਏ ਸਬੂਤਾਂ ਦੀ ਘਾਟ ਅਤੇ ਅਸਪੱਸਟਤਾ ਕਾਰਨ ਮੈਨੂੰ ਕੋਈ ਅਜਿਹਾ ਕਾਰਨ ਨਜਰ ਨਹੀਂ ਆਉਂਦਾ ਜੋ 22 ਸਾਲਾ ਕਾਰਕੁਨ ਨੂੰ ਕੋਈ ਸਮਾਜ ਨੂੰ ਨੁਕਸਾਨ ਪਹੁੰਚਾਉਣ ਵਾਲਾ ਅਪਰਾਧੀ ਮੰਨ ਕੇ ਜੇਲ੍ਹ ਭੇਜਣ ਦਾ ਅਧਾਰ ਬਣਦਾ ਹੋਵੇ ਤੇ ਜਮਾਨਤ ਦੇਣ ਦੇ ਰਾਹ ਵਿਚਆਉਂਦਾ ਹੋਵੇ ਜੱਜ ਨੇ ਕਿਹਾ ਕਿ ਉਕਤ ਟੂਲਕਿਟ ਬਾਰੇ ਜਾਣਕਾਰੀ ਦੱਸਦੀ ਹੈ ਕਿ ਇਹ ਕਿਸੇ ਕਿਸਮ ਦੀ ਹਿੰਸਾ ਨੂੰ ਸੱਦਾ ਨਹੀਂ ਦਿੰਦੀ ਹੈ।

**ਆਰਡਰ -2**

ਜੱਜ ਨੇ ਕਿਹਾ ਮੇਰੇ ਵਿਚਾਰ ਅਨੁਸਾਰ ਇੱਕ ਜਮਹੂਰੀ ਮੁਲਕ ਵਿਚ ਸਹਿਰੀ ਸਰਕਾਰਾਂ ਦੀ ਜਮੀਰ ਜਿੰਦਾ ਰੱਖਣ ਵਾਲੇ ਹੁੰਦੇ ਹਨ। ਉਨ੍ਹਾਂ ਨੂੰ ਸਿਰਫ ਇਸ ਲਈ ਸਲਾਖਾਂ ਪਿੱਛੇ ਨਹੀਂ ਭੇਜਿਆ ਜਾ ਸਕਦਾ ਕਿ ਉਹ ਸਟੇਟ ਨੀਤੀਆਂ ਨਾਲ ਅਸਿਹਮਤੀ ਪ੍ਰਗਟਾਉਂਦੇ ਹਨ। ਦੇਸਧ੍ਰੋਹ ਦੇ ਅਪਰਾਧ ਨਾਲ ਸਰਕਾਰ ਦੀ ਮਾੜੀ ਸੇਵਾਦਾਰੀ ਨਹੀਂ ਕੀਤੀ ਜਾ ਸਕਦੀ।

ਅਦਾਲਤ ਨੇ ਕਿਹਾ ਕਿ ਮਤਭੇਦ, ਅਸਹਿਮਤੀ, ਭਿੰਨਤਾ, ਅਸਹਿਮਤੀ, ਰਾਜ ਦੀਆਂ ਨੀਤੀਆਂ ਵਿਚ ਉਦੇਸਾਂ ਨੂੰ ਪ੍ਰਭਾਵਿਤ ਕਰਨ ਲਈ ਜਾਇਜ ਸੰਦ ਹਨ।

ਅਦਾਲਤ ਨੇ ਕਿਹਾ, "ਇੱਕ ਜਾਗਰੂਕ ਅਤੇ ਕਠੋਰ ਨਾਗਰਿਕ, ਇੱਕ ਉਦਾਸੀਨ ਜਾਂ ਡਕਾਰਲ ਨਾਗਰਿਕ ਦੇ ਉਲਟ, ਨਿਰਪੱਖ ਰੂਪ ਵਿੱਚ ਇੱਕ ਸਿਹਤਮੰਦ ਅਤੇ ਜੀਵੰਤ ਲੋਕਤੰਤਰ ਦੀ ਨਿਸਾਨੀ ਹੈ।

"ਸੰਵਿਧਾਨ ਦੇ ਆਰਟੀਕਲ 19 ਅਧੀਨ ਅਸਹਿਮਤੀ ਦੇ ਅਧਿਕਾਰ ਨੂੰ ਦ੍ਰਿੜਤਾ ਦਿੱਤੀ ਗਈ। ਮੇਰ ਵਿਚਾਰ ਵਿੱਚ ਭਾਸਣ ਅਤੇ ਪ੍ਰਗਟਾਵੇ ਦੀ ਆਜਾਦੀ ਵਿੱਚ ਵਿਸਵ ਵਿਆਪੀ ਸਰੋਤਿਆਂ ਦੀ ਭਾਲ ਕਰਨ ਦਾ ਅਧਿਕਾਰ ਸਾਮਲ ਹੈ।

ਅਦਾਲਤ ਨੇ ਕਿਹਾ, "ਸੰਚਾਰ ਵਿਚ ਕੋਈ ਭੂਗੋਲਿਕ ਰੁਕਾਵਟਾਂ ਨਹੀਂ ਹਨ। ਇਕ ਨਾਗਰਿਕ ਨੂੰ ਸੰਚਾਰ ਕਰਨ ਅਤੇ ਪ੍ਰਾਪਤ ਕਰਨ ਦੇ ਸਭ ਤੋਂ ਵਧੀਆ ਢੰਗਾਂ ਦੀ ਵਰਤੋਂ ਕਰਨ ਦੇ ਬੁਨਿਆਦੀ ਅਧਿਕਾਰ ਹਨ, ਕਾਨੂੰਨ ਦੇ ਚਾਰਾਂ ਕੋਨਿਆਂ ਅਧੀਨ ਵੀ ਇਹ ਆਗਿਆ ਹੈ ਅਤੇ ਜਿਵੇਂ ਵਿਦੇਸਾਂ ਵਿਚ ਦਰਸਕਾਂ ਦੀ ਪਹੁੰਚ ਹੈ"

## ਜਸਟਿਸ ਦੀਪਕ ਗੁਪਤਾ, ਸਾਬਕਾ ਜੱਜ, ਸੁਪਰੀਮ ਕੋਰਟ

ਫੋਨ ਉੱਤੇ ਗੱਲ ਕਰਦੇ ਹੋਏ ਉਨ੍ਹਾਂ ਨੇ ਕਿਹਾ, "ਲੋਕਤੰਤਰ 'ਚ ਦੇਸਧ੍ਰੋਹ ਦੇ ਕਾਨੂੰਨ ਦਾ ਕੋਈ ਮਤਲਬ ਹੀ ਨਹੀਂ ਹੈ, ਜਦੋਂ ਤੱਕ ਹਿੰਸਾ ਨੂੰ ਭੜਕਾਉਣ ਦੇ ਲਈ ਕਿਸੇ ਨੇ ਕੋਈ ਕੰਮ ਨਾ ਕੀਤਾ ਹੋਵੇ। ਭਾਰਤ 'ਚ ਦੇਸਧ੍ਰੋਹ ਦਾ ਕਾਨੂੰਨ ਅੰਗਰੇਜ ਲੈ ਕੇ ਆਏ ਸਨ, ਜਦੋਂ ਭਾਰਤ ਉਨ੍ਹਾਂ ਦੇ ਅਧੀਨ ਸੀ। ਉਦੋਂ ਵੀ ਬ੍ਰਿਟੇਨ 'ਚ ਦੇਸਧ੍ਰੋਹ ਦਾ ਕਾਨੂੰਨ ਬਹੁਤਾ ਸਖਤ ਨਹੀਂ ਸੀ, ਪਰ ਭਾਰਤ 'ਚ ਉਸਦੇ ਲਈ ਤਾ-ਉਮਰ ਕੈਦ ਦੀ ਸਜਾ ਸੀ। ਭਾਰਤ ਵਿੱਚ ਇੱਕ ਧਾਰਨਾ ਸੀ ਕਿ ਆਜਾਦੀ ਤੋਂ ਬਾਅਦ ਇਸ ਤਰ੍ਹਾਂ ਦਾ ਕਾਨੂੰਨ ਹਟਾਇਆ ਜਾਵੇਗਾ।" ਪਰ ਇੰਦਰਾ ਗਾਂਧੀ ਨੇ ਐਮਰਜੈਂਸੀ ਦੇ ਸਮੇਂ ਇਸ ਕਾਨੂੰਨ ਨੂੰ ਨਹੀਂ ਹਟਾਇਆ, ਸਗੋਂ ਇਸ ਨੂੰ ਸੁਣਵਾਈ ਯੋਗ ਅਪਰਾਧ ਬਣਾ ਦਿੱਤਾ, ਜਿਸ ਦਾ ਮਤਲਬ ਇਹ ਹੋਇਆ ਕਿ ਦੇਸਧ੍ਰੋਹ ਦੇ ਅਪਰਾਧ 'ਚ ਬਿਨਾਂ ਵਾਰੰਟ ਦੇ ਵੀ ਗ੍ਰਿਫਤਾਰੀ ਕੀਤੀ ਜਾ ਸਕਦੀ ਹੈ। ਲੋਕਤੰਤਰ 'ਚ ਹਰ ਨਾਗਰਿਕ ਦਾ ਹੱਕ ਹੈ ਕਿ ਉਹ ਸਰਕਾਰ ਦੀਆਂ ਨੀਤੀਆਂ ਦੇ ਖਲਿਾਫ ਬੋਲ ਸਕੇ। ਲੋਕਤੰਤਰ ਦੀ ਖੂਬਸੂਰਤੀ ਮਤਭੇਦ 'ਚ ਹੀ ਹੈ। ਜੇ ਇੱਕ-ਦੂਜੇ 'ਚ ਮਤਭੇਦ ਹੀ ਨਾ ਹੋਣ ਤਾਂ ਲੋਕਤੰਤਰ ਦਾ ਕੋਈ ਮਤਲਬ ਹੀ ਨਹੀਂ ਹੈ। ਸਭ ਇੱਕ ਆਵਾਜ 'ਚ ਬੋਲਣ, ਤਾਂ ਉਹ ਲੋਕਤੰਤਰ ਨਹੀਂ ਹੈ। ਵੱਖ-ਵੱਖ ਆਵਾਜਾਂ ਨੂੰ ਸੁਣਨਾ ਲੋਕਤੰਤਰ ਦਾ ਅਹਿਮ ਪਹਿਲੂ ਹੈ।" ਲੋਕਾਂ ਦੀ ਆਵਾਜ ਦੱਬਣ ਲਈ ਪਿਛਲੇ ਦੋ-ਚਾਰ ਸਾਲਾਂ 'ਚ ਦੇਸਧ੍ਰੋਹ ਦੇ ਕਾਨੂੰਨ ਦਾ ਬਹੁਤ ਗਲਤ ਇਸਤੇਮਾਲ ਕੀਤਾ ਜਾ ਰਿਹਾ ਹੈ। ਮੈਂ ਟੂਲਕਿੱਟ ਪੂਰੀ ਦੇਖੀ ਤਾਂ ਨਹੀਂ ਪਰ ਜੋ ਕੁਝ ਪਬਲਿਕ ਡੋਮੇਨ ਵਿੱਚ ਸਾਹਮਣੇ ਹੈ, ਉਸ 'ਚ ਮੈਨੂੰ ਦੇਸਧ੍ਰੋਹ ਵਰਗੀ ਕੋਈ ਗੱਲ ਨਹੀਂ ਲੱਗੀ।"

"ਦਿਸਾ ਰਵੀ ਦੇ ਖਲਿਾਫ ਇੱਕ ਧਾਰਾ 153ਏ ਲਗਾਈ ਗਈ ਹੈ। ਜਿਸ ਦਾ ਮਤਲਬ ਹੁੰਦਾ ਹੈ ਦੋ ਭਾਈਚਾਰਿਆਂ ਦੇ ਵਿਚਾਲੇ ਕੁਝ ਵਿਵਾਦ ਖੜ੍ਹਾ ਕਰਨਾ ਚਾਹੁੰਦੇ ਹਨ। ਪਬਲਿਕ ਡੋਮੇਨ 'ਚ ਜਿਹੜੀ ਟੂਲਕਿੱਟ ਹੈ, ਉਸ 'ਚ ਅਜਿਹੀ ਕੋਈ ਗੱਲ ਨਹੀਂ ਦਿਖਦੀ, ਜਿਸ ਕਾਰਨ ਅਸੀਂ ਕਹਿ ਸਕੀਏ ਕਿ ਦਿਸਾ ਉੱਤੇ ਇਹ ਧਾਰਾ ਲੱਗੇ। ਸਾਡੇ ਦੇਸ ਦਾ ਕਾਨੂੰਨ ਕਹਿੰਦਾ ਹੈ ਕਿ ਸਾਨੂੰ ਜਮਾਨਤ ਦੇਣੀ ਚਾਹੀਦੀ ਹੈ, ਜੇਲ੍ਹ ਨਹੀਂ। ਜਾਂਚ ਲਈ ਜੋ ਕਾਗਜ ਮੰਗੇ ਗਏ, ਦਿਸਾ ਨੇ ਉਹ ਸਾਰੇ ਉਪਲਬਧ ਕਰਵਾਏ, ਫੋਨ ਜਾਂ ਕੰਪਿਊਟਰ ਦੀ ਜਾਂਚ ਲਈ ਵੀ ਦਿਸਾ ਨੇ ਇਨਕਾਰ ਨਹੀਂ ਕੀਤਾ। ਅੰਡਰ ਟ੍ਰਾਇਲ ਦੀ ਸਟੇਜ 'ਤੇ ਸਜਾ ਨਹੀਂ ਹੋ ਸਕਦੀ। ਗ੍ਰਿਫਤਾਰੀ ਉਦੋਂ ਹੀ ਜਰੂਰੀ ਹੈ, ਜਦੋਂ ਜਾਂਚ ਵਿੱਚ ਮੁਲਜਮ ਸਹਿਯੋਗ ਨਾ ਕਰ ਰਿਹਾ ਹੋਵੇ। ਤੁਹਾਡੇ ਸਵਾਲਾਂ ਦੇ ਜਵਾਬ ਨਾ ਦੇ ਰਿਹਾ ਹੋਵੇ। ਸਨੀਵਾਰ 13 ਫਰਵਰੀ ਨੂੰ ਗ੍ਰਿਫਤਾਰ ਅਤੇ ਐਤਵਾਰ 14 ਫਰਵਰੀ ਨੂੰ ਅਦਾਲਤ 'ਚ ਪੇਸ, ਪੁਲਿਸ ਕਈ ਵਾਰ ਕਰਦੀ ਹੈ, ਜਦੋਂ ਉਹ ਮੁਲਜਮ ਨੂੰ ਰੇਗੂਲਰ ਕੋਰਟ 'ਚ ਪੇਸ ਨਹੀਂ ਕਰਨਾ ਚਾਹੁੰਦੀ।

**ਆਰਡਰ -3**

ਕੋਈ ਵਟਸਐਪ ਗਰੁੱਪ ਬਣਾਉਣ ਜਾਂ ਕਿਸੇ ਗੈਰਅਪਰਾਧਿਕ ਟੂਲਕਿਟ ਦਾ ਐਡੀਟਰ ਹੋਣਾ ਕੋਈ ਅਪਰਾਧ ਨਹੀਂ ਹੈ। ਅੱਗੇ, ਕਿਉਂਕਿ ਉਪਰੋਕਤ ਟੂਲਕਿੱਟ ਜਾਂ ਪੀਜੇਐਫ ਨਾਲ ਸਬੰਧ ਇਤਰਾਜਯੋਗ ਨਹੀਂ ਪਾਇਆ ਗਿਆ, ਇਸ ਲਈ ਉਸ ਨੂੰ ਟੂਲਕਿਟ ਅਤੇ ਪੀਜੇਐਫ ਨਾਲ ਜੋੜਨ ਵਾਲੇ ਸਬੂਤਾਂ ਨੂੰ ਖਤਮ ਕਰਨ ਲਈ ਵਟਸਐਪ ਚੈਟ ਨੂੰ ਹਟਾਉਣਾ ਵੀ ਅਰਥਹੀਣ ਹੋ ਗਿਆ।

**ਆਰਡਰ -4**

"ਇਹ ਧਿਆਨ ਰੱਖਣਾ ਮਹੱਤਵਪੂਰਣ ਹੋਵੇਗਾ ਕਿ ਰਿਕਾਰਡ ਵਿਚ ਅਜਿਹਾ ਕੁਝ ਵੀ ਨਹੀਂ ਹੈ ਜਿਸ ਤੋਂ ਸਾਬਿਤ ਹੋ ਜਾਵੇ ਕਿ ਬਿਨੈਕਾਰ ਦੋਸੀ ਕਿਸੇ ਵੀ ਵੱਖਵਾਦੀ ਵਿਚਾਰ ਦਾ ਹਿੱਸਾ ਬਣ ਗਿਆ ਹੈ"

**ਦਿਸਾ ਰਵੀ ਖਲਿਾਫ ਕੀ ਹੈ ਮਾਮਲਾ**

ਦਿਸਾ ਰਵੀ ਉੱਤੇ ਆਈਪੀਸੀ ਤਹਿਤ ਰਾਜਦ੍ਰੋਹ, ਸਮਾਜ ਦੇ ਭਾਇਚਾਰਿਆਂ ਵਿਚਾਲੇ ਨਫਰਤ ਫੈਲਾਉਣ ਅਤੇ ਅਪਰਾਧਿਕ ਸਾਜਸਿ ਦੇ ਮਾਮਲੇ ਦਰਜ ਕੀਤੇ ਗਏ ਸਨ।

ਦਿੱਲੀ ਪੁਲਿਸ ਨੇ ਦਿਸਾ ਰਵੀ ਨੂੰ ਬੰਗਲੁਰੂ ਤੋਂ ਗ੍ਰਿਫਤਾਰ ਕੀਤਾ ਸੀ ਅਤੇ ਦਿੱਲੀ ਦੀ ਇੱਕ ਅਦਾਲਤ 'ਚ ਪੇਸ ਕਰਦੇ ਹੋਏ ਕਿਹਾ ਕਿ "ਦਿਸਾ ਰਵੀ ਟੂਲਕਿੱਟ ਗੂਗਲ ਡੌਕੂਮੈਂਟ ਦੀ ਐਡਿਟਰ ਹੈ ਅਤੇ ਇਸ ਡੌਕੂਮੈਂਟ ਨੂੰ ਬਣਾਉਣ ਅਤੇ ਇਸ ਨੂੰ ਪ੍ਰਸਾਰਿਤ ਕਰਨ 'ਚ ਉਸ ਦੀ ਅਹਿਮ ਭੂਮਿਕਾ ਹੈ।"

ਇਸ ਦੇ ਨਾਲ ਹੀ ਪੁਲਿਸ ਨੇ ਆਪਣੇ ਬਿਆਨ 'ਚ ਕਿਹਾ ਸੀ ਕਿ "ਇਸ ਸਿਲਸਿਲੇ 'ਚ ਉਸ ਨੇ ਖਾਲਿਸਤਾਨ ਸਮਰਥਕ 'ਪੌਇਟਿਕ ਜਸਟਿਸ ਫਾਊਂਡੇਸਨ' ਦੇ ਨਾਲ ਮਿਲ ਕੇ ਭਾਰਤ ਦੇ ਪ੍ਰਤੀ ਨਫਰਤ ਫੈਲਾਉਣ ਦਾ ਕੰਮ ਕੀਤਾ ਅਤੇ ਉਨ੍ਹਾਂ ਨੇ ਹੀ ਗ੍ਰੇਟਾ ਥਨਬਰਗ ਦੇ ਨਾਲ ਇਹ ਟੂਲਕਿੱਟ ਸੇਅਰ ਕੀਤੀ ਸੀ।"

ਦਿੱਲੀ ਪੁਲਿਸ ਦੀ ਸਾਈਬਰ ਸੈੱਲ 'ਚ ਜੁਆਇੰਟ ਪੁਲਿਸ ਕਮਿਸਨਰ ਪ੍ਰੇਮ ਨਾਥ ਨੇ ਸੋਮਵਾਰ 15 ਫਰਵਰੀ ਨੂੰ ਪ੍ਰੈੱਸ ਕਾਨਫਰੰਸ ਦੌਰਾਨ ਇਹ ਦਾਅਵਾ ਕੀਤਾ ਕਿ ਨਿਕਿਤਾ, ਸਾਂਤਨੁ ਅਤੇ ਦਿਸਾ ਨੇ ਟੂਲਕਿੱਟ ਡੌਕੂਮੈਂਟ ਬਣਾਇਆ, ਜਿਸ ਦਾ ਮਕਸਦ ਭਾਰਤ ਦੇ ਅਕਸ ਨੂੰ ਖਰਾਬ ਕਰਨਾ ਸੀ।

ਦਿਸਾ ਰਵੀ ਨੂੰ ਬੰਗਲੁਰੂ ਤੋਂ ਗ੍ਰਿਫਤਾਰ ਕਰਨ ਤੋਂ ਬਾਅਦ ਦਿੱਲੀ ਪੁਲਿਸ ਨੇ ਟੂਲਕਿੱਟ ਮਾਮਲੇ 'ਚ ਨਿਕਿਤਾ ਅਤੇ ਸਾਂਤਨੁ ਦੇ ਖਲਿਾਫ ਗੈਰ-ਜਮਾਨਤੀ ਵਾਰੰਟ ਜਾਰੀ ਕੀਤਾ ਹੈ।

ਖਬਰ ਏਜੰਸੀ ਏਐਨਆਈ ਨੇ ਮੰਗਲਵਾਰ 16 ਫਰਵਰੀ ਨੂੰ ਦਿੱਲੀ ਪੁਲਿਸ ਕਮਿਸਨਰ ਦਾ ਇੱਕ ਬਿਆਨ ਟਵੀਟ ਕੀਤਾ ਹੈ। ਇਸ ਟਵੀਟ 'ਚ ਕਿਹਾ ਗਿਆ ਹੈ ਕਿ ਦਿਸਾ ਦੀ ਗ੍ਰਿਫਤਾਰੀ 'ਚ ਕਾਨੂੰਨ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਗਈ ਹੈ। ਭਾਰਤ ਦਾ ਕਾਨੂੰਨ 22 ਸਾਲ ਅਤੇ 50 ਸਾਲ ਦੀ ਉਮਰ 'ਚ ਫਰਕ ਨਹੀਂ ਕਰਦਾ।

ਜਾਹਿਰ ਹੈ ਕਿ ਦਿੱਲੀ ਪੁਲਿਸ ਕਮਿਸਨਰ ਦੇ ਬਿਆਨ ਨੂੰ ਪੂਰੇ ਮਾਮਲੇ 'ਚ ਦਿੱਲੀ ਪੁਲਿਸ ਵੱਲੋਂ ਸਫਾਈ ਦੇ ਤੌਰ 'ਤੇ ਦੇਖਿਆ ਜਾ ਰਿਹਾ ਹੈ।

ਇਸ ਲਈ ਇਹ ਜਾਣਨਾ ਜਰੂਰੀ ਹੈ ਕਿ ਦਿਸਾ ਦੀ ਗ੍ਰਿਫਤਾਰੀ ਨੂੰ ਲੈ ਕੇ ਕਿਹੜੇ ਸਵਾਲ ਉੱਠ ਰਹੇ ਹਨ ਅਤੇ ਉਹ ਕੌਣ ਲੋਕ ਹਨ, ਜੋ ਸਵਾਲ ਚੁੱਕ ਰਹੇ ਹਨ।

ਕਾਂਗਰਸ ਆਗੂ ਰਾਹੁਲ ਗਾਂਧੀ ਅਤੇ ਵਿਰੋਧੀ ਧਿਰ ਦੇ ਦੂਜੇ ਆਗੂਆਂ ਤੋਂ ਇਲਾਵਾ ਸਾਬਕਾ ਜੱਜ ਤੋਂ ਲੈਕੇ ਕਾਨੂੰਨ ਪੜ੍ਹਨ ਅਤੇ ਪੜ੍ਹਾਉਣ ਵਾਲੇ ਤੱਕ ਇਸ ਉੱਤੇ ਸਵਾਲ ਚੁੱਕ ਰਹੇ ਹਨ।

ਬੀਬੀਸੀ ਨੇ ਦਿਸਾ ਦੀ ਗ੍ਰਿਫਤਾਰੀ ਉੱਤੇ ਉੱਠ ਰਹੇ ਸਵਾਲਾਂ ਉੱਤੇ ਸੁਪਰੀਮ ਕੋਰਟ ਦੇ ਸਾਬਕਾ ਜੱਜ ਦੀਪਕ ਗੁਪਤਾ, ਵਿਧੀ ਸੈਂਟਰ ਫਾਰ ਲੀਗਲ ਪੌਲਿਸੀ ਦੇ ਸੀਨੀਅਰ ਰੈਂਜੀਡੇਂਟ ਫੇਲੋਆਲੋਕ ਪ੍ਰਸੰਨਾ ਅਤੇ ਹੈਦਰਾਬਾਦ ਨੈਲਸਾਰ ਲਾਅ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਫੈਜਾਨ ਮੁਸਤਫਾ ਨਾਲ ਗੱਲ ਕੀਤੀ।

# ਯੂਕੇ ਦਾ ਸਿੱਖ ਫੂਡ ਬੈਂਕ ਜੋ ਕੋਰੋਨਾਵਾਇਰਸ ਮਹਾਂਮਾਰੀ ਦੌਰਾਨ ਕਰਦਾ ਰਿਹਾ ਮਦਦ



ਸਿੱਖ ਭਾਈਚਾਰੇ ਵੱਲੋਂ ਚਲਾਏ ਜਾਂਦੇ ਪੌਪ-ਅਪ ਫੂਡ ਬੈਂਕ ਦੇ ਇੱਕ ਵਲੰਟੀਅਰ ਦਾ ਕਹਿਣਾ ਹੈ ਕਿ ਆਪਣੇ ਸਹਿਰਾਂ ਵਿੱਚ ਸੰਘਰਸ ਕਰ ਰਹੇ ਲੋਕਾਂ ਦੀ 'ਵਧਦੀ ਗਿਣਤੀ' ਦੀ ਮਦਦ ਕਰਨ ਦੀ 'ਵੱਡੀ ਲੋੜ' ਹੈ। ਰਾਜ ਬਾਸਨ, ਨੌਰਥੈਮਪਟਨ ਦੇ ਗੁਰਦੁਆਰੇ ਤੋਂ ਮਹੀਨਾਵਾਰ ਸੇਵਾ ਚਲਾਉਣ ਵਿੱਚ ਮਦਦ ਕਰਦੇ ਹਨ, ਜਿਸ ਦੀ ਸਥਾਪਨਾ ਉਦੋਂ ਕੀਤੀ ਗਈ ਜਦੋਂ ਸਹਿਰ ਦਾ ਨਾਈਟ ਸੈਲਟਰ ਕੋਵਿਡ ਮਹਾਂਮਾਰੀ ਕਾਰਨ ਬੰਦ ਹੋ ਗਿਆ ਸੀ। ਪਿਛਲੇ ਸਾਲ ਲਗਭਗ 30 ਲੋਕ ਹਰ ਮਹੀਨੇ ਸਾਮਲ ਹੁੰਦੇ ਰਹੇ, ਪਰ ਇਹ ਗਿਣਤੀ ਹੁਣ ਵੱਧ ਕੇ 80 ਹੋ ਗਈ ਹੈ। ਉਨ੍ਹਾਂ ਨੇ ਕਿਹਾ ਕਿ ਬਹੁਤ ਸਾਰੇ ਲੋੜਵੰਦਾਂ ਨੂੰ ਦੇਖ ਕੇ ਕਾਫੀ ਨਿਰਾਸਾ ਹੁੰਦੀ ਸੀ ਪਰ "ਜੇਕਰ ਕੋਈ ਫੂਡ ਬੈਂਕ ਨਾ ਹੁੰਦਾ ਤਾਂ ਉਹ ਚਲੇ ਜਾਂਦੇ।"

**ਕਿਵੇਂ ਹੋਈ ਫੂਡ ਬੈਂਕ ਦੀ ਸੁਰੂਆਤ**

ਕ੍ਰੋਮਵੈੱਲ ਸਟ੍ਰੀਟ 'ਤੇ ਸਥਿਤ ਗੁਰਦੁਆਰਾ ਸਾਹਿਬ ਨੇ ਟੀਵੀ ਪ੍ਰਸਾਰਕ ਅਤੇ ਵਿੱਤੀ ਮਾਹਰ ਮਾਰਟਿਨ ਲੂਈਸ ਵੱਲੋਂ ਬਣਾਏ ਗਏ ਕੋਰੋਨਾਵਾਇਰਸ ਫੰਡ ਵਿੱਚੋਂ 10,000 ਡਾਲਰ ਮਿਲਣ ਤੋਂ ਬਾਅਦ ਫੂਡ ਬੈਂਕ ਸਥਾਪਤ ਕੀਤਾ। ਇਹ ਜੁਲਾਈ ਵਿੱਚ ਸੁਰੂ ਹੋਇਆ ਸੀ ਅਤੇ ਉਦੋਂ ਤੋਂ ਹੀ ਸੈਂਕੜੇ ਲੋਕਾਂ ਨੂੰ ਖਾਣਾ, ਪਖਾਨਾ ਅਤੇ ਸਫਾਈ ਦੇ ਉਤਪਾਦਾਂ ਵਿੱਚ ਮਦਦ ਕਰ ਰਿਹਾ ਹੈ। ਇਹ ਪੈਸਾ ਵਿੱਤੀ ਤੌਰ 'ਤੇ ਕਮਜੋਰ ਪਰਿਵਾਰਾਂ ਲਈ ਸਥਾਨਕ ਪ੍ਰਾਇਮਰੀ ਸਕੂਲ ਮੁਹੱਈਆ ਕਰਾਉਣ ਅਤੇ ਹਰ ਮੰਗਲਵਾਰ ਬੇਘਰ ਲੋਕਾਂ ਲਈ ਖਾਣਾ ਤਿਆਰ ਕਰਨ ਲਈ ਵੀ ਵਰਤਿਆ ਗਿਆ ਹੈ। ਰਾਜ ਬਾਸਨ ਨੇ ਕਿਹਾ, "ਇਸ ਹਾਲਤ ਵਿੱਚ ਲੋਕਾਂ ਦੀ ਵੱਧ ਰਹੀ ਗਿਣਤੀ ਨੂੰ ਦੇਖਕੇ ਦੁਖ ਹੁੰਦਾ ਹੈ। ਅਸੀਂ ਜਿਨ੍ਹਾਂ ਲੋਕਾਂ ਦੀ ਮਦਦ ਕਰ ਰਹੇ ਹਾਂ, ਉਨ੍ਹਾਂ ਦਾ ਹੁੰਗਾਰਾ, ਮੁਸਕਰਾਹਟ ਅਤੇ ਧੰਨਵਾਦੀ ਰਵੱਈਆ ਦੇਖ ਕੇ ਖੁਸ ਹਾਂ।"

ਕੁਝ ਕਹਾਣੀਆਂ ਬਹੁਤ ਦਿਲਖਿੱਚਵੀਆਂ ਹਨ। ਕੁਝ ਲੋਕ ਡਿਪ੍ਰੈਸਨ ਤੋਂ ਬਾਹਰ ਆ ਗਏ ਹਨ ਅਤੇ ਨੌਕਰੀ ਲੱਭ ਲਈ ਹੈ। ਸਾਨੂੰ ਇਹ ਦੱਸਣ ਲਈ ਇੱਕ ਨੋਟ ਵੀ ਭੇਜਦੇ ਹਨ ਕਿ 'ਸਾਨੂੰ ਖਾਣੇ ਦੀ ਹੋਰ ਜਰੂਰਤ ਨਹੀਂ ਹੈ ਅਤੇ ਇਸ ਲਈ ਧੰਨਵਾਦੀ ਹਾਂ ਕਿ ਤੁਸੀਂ ਸਾਡੀ ਸਹਾਇਤਾ ਕੀਤੀ।' "ਅਸੀਂ ਕਾਗਜੀ ਕਾਰਵਾਈ ਜਾਂ ਉਨ੍ਹਾਂ ਦੀ ਸਥਿਤੀ ਵੱਲ ਨਹੀਂ ਦੇਖਦੇ। ਅਸੀਂ ਬੱਸ ਕਿਸੇ ਗੱਲ ਦੀ ਪਰਵਾਹ ਕੀਤੇ ਬਿਨਾ ਮਦਦ ਕਰਨਾ ਚਾਹੁੰਦੇ ਹਾਂ। ਕ੍ਰਿਸਮਸ ਵੇਲੇ ਅਸੀਂ ਇੱਕ ਕਦਮ ਹੋਰ ਅੱਗੇ ਵਧੇ ਅਤੇ ਬੱਚਿਆਂ ਨੂੰ ਚਾਕਲੇਟ ਅਤੇ ਤੋਹਫੇ ਦਿੱਤੇ।" ਇੰਦਰਜੀਤ ਕੌਰ ਜੁਟਲਾ ਜਿਨ੍ਹਾਂ ਨੇ ਫੰਡਾਂ ਲਈ ਬੋਲੀ ਲਗਾਈ, ਨੇ ਕਿਹਾ, "ਜਦੋਂ ਸਾਨੂੰ ਇਹ ਮਿਲਿਆ ਤਾਂ ਸਾਨੂੰ ਬਹੁਤ ਖੁਸੀ ਮਿਲੀ ਸੀ। ਪੂਰੇ ਪ੍ਰੋਜੈਕਟ ਨੇ ਸਾਨੂੰ ਇੱਕ ਭਾਈਚਾਰੇ ਵਜੋਂ ਇਕੱਠੇ ਕੀਤਾ ਹੈ।

**ਸੇਵਾ ਇੱਕ ਬਰਕਤ ਹੈ'**

ਫੂਡ ਬੈਂਕ ਆਉਂਦੀ ਰਹੀ ਦੋ ਬੱਚਿਆਂ ਦੀ ਮਾਂ ਨੇ ਕਿਹਾ ਕਿ ਉਹ ਮਦਦ ਮੰਗਣ ਵਿੱਚ ਸਰਮਿੰਦਗੀ ਮਹਿਸੂਸ ਕਰਦੀ ਸੀ। ਉਨ੍ਹਾਂ ਕਿਹਾ, "ਉਨ੍ਹਾਂ ਨੇ ਬਹੁਤ ਸਾਰੇ ਲੋਕਾਂ ਦੀ ਮਦਦ ਕੀਤੀ ਹੈ ਅਤੇ ਜੇ ਉਹ ਅਜਿਹਾ ਨਾ ਕਰਦੇ ਤਾਂ ਬਹੁਤ ਸਾਰੇ ਲੋਕ ਸੰਘਰਸ ਕਰਦੇ।" "ਮੇਰੇ ਬੱਚੇ ਬਹੁਤ ਖੁਸ ਸਨ ਕਿਉਂਕਿ ਉਨ੍ਹਾਂ ਕੋਲ ਖਾਣ ਲਈ ਭੋਜਨ ਸੀ। ਅਸੀਂ ਧੰਨਵਾਦੀ, ਨਿਮਰ ਅਤੇ ਭਾਵੁਕ ਮਹਿਸੂਸ ਕੀਤਾ ਅਤੇ ਸੇਵਾ ਇੱਕ ਵਰਦਾਨ ਹੈ।" ਆਪਣੇ ਫੰਡਾਂ ਰਾਹੀਂ ਹਰ ਸੁੱਕਰਵਾਰ ਨੂੰ 'ਕਰੀ' ਵੀ ਦਿੱਤੀ ਜਾਂਦੀ ਸੀ ਅਤੇ ਸੈਂਕੜੇ ਸਥਾਨਕ ਲੋਕਾਂ ਦੀ ਮਦਦ ਕੀਤੀ, ਜਿਨ੍ਹਾਂ ਨੂੰ ਕ੍ਰਿਸਮਸ ਦੀ ਸਾਮ ਨੂੰ ਘਰਾਂ 'ਚੋਂ ਬਾਹਰ ਕੱਢ ਦਿੱਤਾ ਗਿਆ ਸੀ। ਮੈਟ ਕੈਂਪ ਨੇ ਕਿਹਾ ਕਿ ਉਨ੍ਹਾਂ ਨੇ ਬਿਲਿੰਗ ਐਕੁਆਡ੍ਰੋਮ ਵਿਖੇ ਬਚਾਏ ਜਾਣ ਤੋਂ ਬਾਅਦ ਮਦਦ ਲਈ ਇੱਕ ਆਨਲਾਈਨ ਅਪੀਲ ਕੀਤੀ। ਉਨ੍ਹਾਂ ਕਿਹਾ, "ਸਿੱਖ ਭਾਈਚਾਰਾ ਤੁਰੰਤ ਬਾਹਰ ਪਹੁੰਚਿਆ ਅਤੇ ਤਿੰਨ ਘੰਟੇ ਦੇ ਅੰਦਰ-ਅੰਦਰ ਲੋੜਵੰਦਾਂ ਨੂੰ 500 ਗਰਮ ਖਾਣੇ ਦਿੱਤੇ।



# ਲੱਖਾ ਸਿਧਾਣਾ: ਬਠਿੰਡਾ ਰੈਲੀ ਦੌਰਾਨ ਕਿਉਂ ਨਹੀਂ ਹੋਈ ਗ੍ਰਿਫ਼ਤਾਰੀ ਤੇ ਸਿਆਸੀ ਧਿਰਾਂ ਨੇ ਕੀ ਕਿਹਾ

26 ਜਨਵਰੀ ਦੀ ਦਿੱਲੀ ਹਿੰਸਾ ਦੇ ਮਾਮਲੇ ਵਿਚ ਪੁਲਿਸ ਵਲੋਂ ਬਤੌਰ ਮੁਲਜਮ ਲਖਬੀਰ ਸਿੰਘ ਉਰਫ ਲੱਖਾ ਸਿਧਾਣਾ ਦੀ ਮੰਗਲਵਾਰ ਨੂੰ ਬਠਿੰਡਾ ਜਲ੍ਹਿ ਵਿੱਚ ਇੱਕ ਜਨਤਕ ਰੈਲੀ ਵਿੱਚ ਹਾਜਰੀ ਨੇ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਪੁਲਿਸ ਦੀ ਗੰਭੀਰਤਾ ਬਾਰੇ ਸਵਾਲ ਉੱਠ ਰਹੇ ਹਨ।

ਉਸ ਉੱਤੇ ਇੱਕ ਲੱਖ ਰੁਪਏ ਦਾ ਇਨਾਮ ਰੱਖਿਆ ਗਿਆ ਹੈ।ਹਾਲਾਂਕਿ, ਮੰਗਲਵਾਰ ਨੂੰ ਸਿਧਾਣਾ ਨਾ ਸਿਰਫ ਮਹਿਰਾਜ ਪਿੰਡ ਵਿੱਚ ਰੈਲੀ ਵਿੱਚ ਪਹੁੰਚਿਆ ਬਲਕਿ ਇਕੱਠ ਨੂੰ ਸੰਬੋਧਨ ਵੀ ਕੀਤਾ।

ਸਿਧਾਣਾ ਨੇ ਇਸ ਤੋਂ ਪਹਿਲਾਂ ਇਸ ਰੈਲੀ ਲਈ ਹੁੰਮ ਹੁਮਾ ਕੇ ਸਾਮਲ ਹੋਣ ਦਾ ਸੋਸਲ ਮੀਡੀਆ 'ਤੇ ਸੱਦਾ ਦਿੱਤਾ ਸੀ।

**ਪੰਜਾਬ ਪੁਲਿਸ ਨੇ ਕਿਉਂ ਨਹੀਂ ਕੀਤੀ ਕਾਰਵਾਈ**

ਜਦੋਂ ਬੀਬੀਸੀ ਨੇ ਪੰਜਾਬ ਦੇ ਪੁਲਿਸ ਅਧਿਕਾਰੀਆਂ ਨੂੰ ਪੁੱਛਿਆ ਕਿ ਉਸ ਨੂੰ ਗ੍ਰਿਫ਼ਤਾਰ ਕਿਉਂ ਨਹੀਂ ਕੀਤਾ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਇਹ ਦਿੱਲੀ ਪੁਲਿਸ ਦਾ ਮਾਮਲਾ ਹੈ ਅਤੇ ਉਨ੍ਹਾਂ ਦੀ ਗ੍ਰਿਫ਼ਤਾਰੀ ਵਰਗੇ ਕਦਮ ਚੁੱਕਣ ਤੋਂ ਪਹਿਲਾਂ ਉਨ੍ਹਾਂ ਨੂੰ ਅਮਨ-ਕਾਨੂੰਨ ਨੂੰ ਵੀ ਧਿਆਨ ਵਿੱਚ ਰੱਖਣਾ ਚਾਹੀਦਾ ਹੈ।

ਬਠਿੰਡਾ ਦੇ ਐੱਸਐੱਸਪੀ ਭੁਪਿੰਦਰ ਸਿੰਘ ਵਿਰਕ ਨੇ ਬੀਬੀਸੀ ਪੰਜਾਬੀ ਨੂੰ ਦੱਸਿਆ, "ਦਿੱਲੀ ਪੁਲਿਸ ਨੇ ਇਸ ਸਬੰਧ ਵਿੱਚ ਘੱਟੋ-ਘੱਟ ਸੋਮਵਾਰ ਸਾਮ ਤੱਕ ਸਾਡੇ ਨਾਲ ਸੰਪਰਕ ਨਹੀਂ ਕੀਤਾ ਸੀ।"

ਉਨ੍ਹਾਂ ਨੇ ਕਿਹਾ ਕਿ ਉਹ ਮੰਗਲਵਾਰ ਨੂੰ ਛੁੱਟੀ 'ਤੇ ਹਨ ਅਤੇ ਸਹਿਰ ਤੋਂ ਬਾਹਰ ਹਨ। ਉਨ੍ਹਾਂ ਨੇ ਕਿਹਾ, "ਇਹ ਦਿੱਲੀ ਪੁਲਿਸ ਦਾ ਕੇਸ ਹੈ ਨਾ ਕਿ ਪੰਜਾਬ ਪੁਲਿਸ ਦਾ।"

ਪੰਜਾਬ ਦੇ ਬਠਿੰਡਾ ਜੋਨ ਦੇ ਇੰਸਪੈਕਟਰ ਜਨਰਲ ਜਸਕਰਨ ਸਿੰਘ ਨੇ ਮੰਨਿਆ ਕਿ ਸਿਧਾਣਾ ਇੱਕ ਕੇਸ ਵਿੱਚ ਮੁਲਜਮ ਹੈ। "ਹਾਂ, ਦਿੱਲੀ ਪੁਲਿਸ ਉਸ ਦੀ ਭਾਲ ਕਰ ਰਹੀ ਹੈ।"

ਇਹ ਪੁੱਛੇ ਜਾਣ 'ਤੇ ਕਿ ਉਸ ਨੂੰ ਉਦੋਂ ਗ੍ਰਿਫ਼ਤਾਰ ਕਿਉਂ ਨਹੀਂ ਕੀਤਾ ਗਿਆ ਤਾਂ ਉਨ੍ਹਾਂ ਨੇ ਕਿਹਾ ਕਿ ਪੁਲਿਸ ਨੂੰ ਅਮਨ-ਕਾਨੂੰਨ ਨੂੰ ਧਿਆਨ ਵਿੱਚ ਰੱਖਣਾ ਪੈਂਦਾ ਹੈ।

ਇੰਸਪੈਕਟਰ ਜਨਰਲ ਜਸਕਰਨ ਸਿੰਘ ਨੇ ਕਿਹਾ, "ਤੁਹਾਨੂੰ ਇਸ ਮਾਮਲੇ ਬਾਰੇ ਦਿੱਲੀ ਪੁਲਿਸ ਨੂੰ ਪੁੱਛਣਾ ਚਾਹੀਦਾ ਹੈ।"

**ਪੰਜਾਬ ਦੀਆਂ ਸਿਆਸੀ ਧਿਰਾਂ ਦਾ ਪ੍ਰਤੀਕਰਮ**

ਭਾਰਤੀ ਜਨਤਾ ਪਾਰਟੀ ਦੇ ਆਗੂ ਹਰਜੀਤ ਸਿੰਘ ਗਰੇਵਾਲ ਨੇ ਬਠਿੰਡਾ ਰੈਲੀ ਦੌਰਾਨ ਲੱਖਾ ਸਿਧਾਣਾ ਨੂੰ ਪੰਜਾਬ ਪੁਲਿਸ ਵਲੋਂ ਗ੍ਰਿਫ਼ਤਾਰ ਨਾ ਕਰਨ ਨੂੰ ਪ੍ਰਸਾਸਨਿਕ ਨਾਕਾਮੀ ਦੱਸਿਆ। ਉਨ੍ਹਾਂ ਬੀਬੀਸੀ ਪੰਜਾਬੀ ਨੂੰ ਕਿਹਾ, " ਉਸ ਉੱਤੇ ਇੱਕ ਲੱਖ ਦਾ ਇਨਾਮ ਹੈ ਅਤੇ ਇਹ ਹੈਰਾਨੀਜਨਕ ਹੈ ਕਿ ਪੰਜਾਬ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰਨ ਲਈ ਦਿੱਲੀ ਪੁਲਿਸ ਨਾਲ ਤਾਲਮੇਲ ਨਹੀਂ ਕੀਤਾ। ਆਖਰਕਾਰ ਲਾਅ ਐਂਡ ਆਰਡਰ ਨੂੰ ਕਾਇਮ ਰੱਖਣਾ ਉਨ੍ਹਾਂ ਦੀ ਡਿਊਟੀ ਹੈ। ਉਹ ਇੱਕ ਸੱਕੀ ਮੁਲਜਮ ਹੈ ਜੋ ਅੰਦੋਲਨ ਕਰ ਰਿਹਾ ਹੈ। ਇਸ ਮਾਮਲੇ ਉੱਤੇ ਆਮ ਆਦਮੀ ਪਾਰਟੀ ਨੇ ਇਸ ਮਾਮਲੇ ਉੱਤੇ ਫਿਲਹਾਲ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਆਮ ਆਦਮੀ ਪਾਰਟੀ ਦੇ ਆਗੂ ਅਤੇ ਵਿਧਾਇਕ ਅਮਨ ਅਰੋੜਾ ਨੇ ਕਿਹਾ, "ਅਸੀਂ ਇਸ ਮਸਲੇ ਉੱਤੇ ਕੁਝ ਨਹੀਂ ਕਹਿਣਾ"। ਇਸ ਮਾਮਲੇ ਵਿਚ ਪੰਜਾਬ ਅਤੇ ਕੇਂਦਰ ਸਰਕਾਰ ਨੇ ਦੇਖਣਾ ਹੈ ਕਿ ਇਸ ਉੱਤੇ ਕੀ ਕੀਤਾ ਜਾਣਾ ਹੈ। ਸ਼੍ਰੋਮਣੀ ਅਕਾਲੀ ਦਲ ਦੇ ਆਗੂ ਦਲਜੀਤ ਸਿੰਘ ਚੀਮਾ ਨੇ ਇਹ ਮਾਮਲੇ ਉੱਤੇ ਸੂਬਾ ਸਰਕਾਰ ਹੀ ਚੰਗੀ ਤਰ੍ਹਾਂ ਦੱਸ ਸਕਦੀ ਹੈ। "ਇਹ ਕਾਨੂੰਨ ਦਾ ਮਜਾਕ ਹੈ।"

**ਕੀ ਹੈ ਮਾਮਲਾ**

ਬਠਿੰਡਾ ਦਾ ਨਿਵਾਸੀ ਤੇ ਗੈਂਗਸਟਰ ਤੋਂ ਸਮਾਜਿਕ ਕਾਰਕੁਨ ਬਣੇ ਲੱਖਾ ਸਿਧਾਣਾ ਪਿਛਲੇ ਕਾਫੀ ਸਮੇਂ ਤੋਂ ਖਾਸਕਰਕੇ 26 ਜਨਵਰੀ 2021 ਤੋਂ ਬਾਅਦ ਸੁਰਖੀਆਂ ਵਿੱਚ ਹੈ। 26 ਜਨਵਰੀ ਨੂੰ ਖੇਤੀ ਕਾਨੂੰਨਾਂ ਵਿਰੁੱਧ ਕਿਸਾਨਾਂ ਦੀ ਦਿੱਲੀ ਵਿਚ ਟਰੈਕਟਰ ਰੈਲੀ ਦੌਰਾਨ ਲਾਲ ਕਿਲੇ ਉੱਤੇ ਜੋ ਹਿੰਸਾ ਵਾਪਰੀ ਸੀ ਉਸ ਵਿੱਚ ਦਿਲੀ ਪੁਲਿਸ ਲੱਖਾ ਸਿਧਾਣਾ ਦੀ ਲਗਾਤਾਰ ਤਲਾਸ ਕਰ ਰਹੀ ਹੈ। ਇਸੇ ਮਾਮਲੇ ਨੂੰ ਲੈ ਕੇ ਦਿੱਲੀ ਪੁਲਿਸ ਨੇ ਉਸ ਉੱਤੇ ਇੱਕ ਲੱਖ ਰੁਪਏ ਦਾ ਇਨਾਮ ਰੱਖਿਆ ਹੈ।

ਲੱਖਾ ਨੇ ਕਥਿਤ ਤੌਰ 'ਤੇ ਹਿੰਸਾ ਤੋਂ ਇੱਕ ਦਿਨ ਪਹਿਲਾਂ 25 ਜਨਵਰੀ ਨੂੰ ਮੰਚ ਤੋਂ ਭਾਸਣ ਦਿੱਤਾ ਸੀ ਕਿ ਨੌਜਵਾਨ ਜਿੱਥੋਂ ਵੀ ਪਰੇਡ ਕਰਨਾ ਚਾਹੁੰਦੇ ਹਨ, ਪਰੇਡ ਉੱਥੋਂ ਹੀ ਨਿਕਲੇਗੀ। ਪੁਲਿਸ ਨੇ ਉਸ 'ਤੇ ਇਲਜਾਮ ਲਾਇਆ ਕਿ ਉਸ ਨੇ ਲਾਲ ਕਿਲੇ 'ਤੇ ਭੀੜ ਨੂੰ ਭੜਕਾਇਆ ਸੀ। ਕੁਝ ਦਿਨ ਪਹਿਲਾਂ ਉਸ ਨੇ ਵੀਡੀਓ ਜਾਰੀ ਕਰ ਕੇ ਕਿਹਾ ਸੀ ਕਿ ਉਸ ਦੇ ਦੀਪ ਸਿੱਧੂ ਨਾਲ ਭਾਵੇਂ ਕਿੰਨੇ ਵੀ ਮਤਭੇਦ ਕਿਉਂ ਨਾ ਹੋਣ ਪਰ ਸਾਨੂੰ ਉਸ ਨਾਲ ਖੜ੍ਹਨਾ ਚਾਹੀਦਾ ਹੈ। ਲਾਲ ਕਿਲੇ 'ਝੰਡਾ ਲਹਿਰਾਉਣ ਅਤੇ ਹਿੰਸਾ ਭੜਕਾਉਣ ਦੇ ਮਾਮਲੇ ਦੇ ਮੁਲਜਮ ਦੀਪ ਸਿੱਧੂ ਤੇ ਇਕਬਾਲ ਸਿੰਘ ਨੂੰ ਦਿੱਲੀ ਪੁਲਿਸ ਪਹਿਲਾਂ ਹੀ ਗ੍ਰਿਫ਼ਤਾਰ ਕਰ ਚੁੱਕੀ ਹੈ। ਦਿੱਲੀ ਪੁਲਿਸ ਦੇ ਸਪੈਸਲ ਸੈੱਲ ਨੇ ਇਕਬਾਲ ਸਿੰਘ ਨੂੰ ਪੰਜਾਬ ਦੇ ਹੁਸਿਆਰਪੁਰ ਤੋਂ ਗ੍ਰਿਫ਼ਤਾਰ ਕੀਤਾ ਸੀ।

**ਕੌਣ ਹੈ ਲੱਖਾ ਸਿਧਾਣਾ**

ਪਿਛਲੇ ਕੁਝ ਸਾਲਾਂ ਤੋਂ ਲੱਖਾ ਸਿਧਾਣਾ ਦੀ ਪਛਾਣ ਇੱਕ ਅਜਿਹੇ ਸਾਬਕਾ ਗੈਂਗਸਟਰ ਵਜੋਂ ਹੁੰਦੀ ਰਹੀ ਹੈ ਜੋ ਪਹਿਲਾਂ ਸਿਆਸਤ ਵਿੱਚ ਆਇਆ ਤੇ ਫਿਰ ਸਮਾਜਿਕ ਕਾਰਜਾਂ ਵਿੱਚ ਸਰਗਰਮ ਹੋ ਗਿਆ। ਖੇਤੀ ਕਾਨੂੰਨਾਂ ਦੇ ਵਿਰੋਧ ਵਿੱਚ ਜਾਰੀ ਕਿਸਾਨ ਅੰਦੋਲਨ ਵਿੱਚ ਉਹ ਸੁਰੂ ਤੋਂ ਹੀ ਸੁਰਖੀਆਂ ਵਿੱਚ ਰਿਹਾ ਹੈ। ਕਬੱਡੀ ਨਾਲ ਵੀ ਜੁੜੇ ਰਹੇ ਲੱਖਾ ਸਿਧਾਣਾ ਨੇ ਪਿਛਲੇ ਸਾਲਾਂ ਦੌਰਾਨ ਪੰਜਾਬੀ ਸਤਿਕਾਰ ਕਮੇਟੀ ਵਿੱਚ ਸਾਮਲ ਹੋ ਕੇ ਪੰਜਾਬੀ ਭਾਸਾ ਨੂੰ ਬਚਾਉਣ ਲਈ ਸੰਘਰਸ ਵੀ ਕੀਤਾ। ਨੈਸਨਲ ਹਾਈਵੇ ਸਾਈਨ ਬੋਰਡਾਂ 'ਤੇ ਪੰਜਾਬੀ ਭਾਸਾ ਨੂੰ ਤੀਜੇ ਨੰਬਰ 'ਤੇ ਲਿਖੇ ਜਾਣ ਜਾਂ ਨਾ ਲਿਖੇ ਜਾਣ ਕਾਰਨ ਅੰਗਰੇਜੀ ਤੇ ਹਿੰਦੀ ਅੱਖਰਾਂ 'ਤੇ ਕਾਲਖ ਪੋਤਣ ਦੀ ਮੁਹਿੰਮ ਵੀ ਲੱਖਾ ਸਿਧਾਣਾ ਨੇ ਹੀ ਚਲਾਈ ਸੀ । ਉਸ ਦੀ ਇਸ ਪੋਚਾਮਾਰ ਮੁਹਿੰਮ ਕਾਫੀ ਚਰਚਾ ਵਿਚ ਰਹੀ ਸੀ। ਲੱਖਾ ਸਿਧਾਣਾ ਉਰਫ ਲਖਬੀਰ ਸਿੰਘ ਪੰਜਾਬ ਦੇ ਬਠਿੰਡਾ ਜਲ੍ਹਿ ਦੇ ਸਿਧਾਣਾ ਪਿੰਡ ਨਾਲ ਸਬੰਧ ਰੱਖਦਾ ਹੈ। ਇੱਕ ਸਮੇਂ ਪੰਜਾਬ ਦੇ ਗੈਂਗਸਟਰਾਂ ਵਿੱਚ ਸੁਮਾਰ, ਲੱਖਾ ਸਿਧਾਣਾ ਖਲਿਾਫ ਬੂਥਾਂ 'ਤੇ ਕਬਜਾ ਕਰਨ, ਕਤਲ ਦੀ ਕੋਸਸਿ, ਆਰਮਜ ਐਕਟ ਦੀ




ਉਲੰਘਣਾ ਸਮੇਤ ਕਈ ਮਾਮਲੇ ਦਰਜ ਕੀਤੇ ਗਏ ਹਨ। ਉਸ ਨੇ ਇੱਕ ਇੰਟਰਵਿਊ ਵਿੱਚ ਬੀਬੀਸੀ ਪੰਜਾਬੀ ਨੂੰ ਦੱਸਿਆ ਸੀ ਕਿ ਉਹ ਵਿਦਿਆਰਥੀ ਆਗੂ ਵਜੋਂ ਛੋਟੇ ਝਗੜਿਆਂ ਵਿੱਚ ਸਾਮਲ ਸੀ ਪਰ ਬਾਅਦ ਵਿੱਚ ਵੱਡੇ ਮਾਮਲਿਆਂ ਵਿਚ ਉਲਝ ਗਿਆ ਅਤੇ ਫਿਰ ਇੱਕ ਗੈਂਗਸਟਰ ਬਣ ਗਿਆ। ਉਸ ਨੇ ਇਹ ਵੀ ਦੱਸਿਆ ਸੀ ਕਿ ਉਸ ਉੱਤੇ ਹਮਲਾ ਵੀ ਹੋਇਆ ਸੀ। ਕਈ ਵਾਰ ਉਹ ਜੇਲ੍ਹ ਵੀ ਗਿਆ ਪਰ ਉਸ ਨੇ ਦਾਅਵਾ ਕੀਤਾ ਸੀ ਕਿ ਫਿਰ ਉਸ ਨੇ ਅਪਰਾਧ ਦੀ ਦੁਨੀਆਂ ਨੂੰ ਛੱਡ ਦਿੱਤਾ ਸੀ। ਲੱਖਾ ਸਿਧਾਣਾ ਦਾ ਸਿਆਸੀ ਪਾਰਟੀਆਂ ਨਾਲ ਵੀ ਸੰਬੰਧ ਰਿਹਾ ਹੈ। ਪਿਛਲੇ ਕੁੱਝ ਸਾਲਾਂ ਤੋਂ ਉਹ ਸਮਾਜਿਕ ਕੰਮਾਂ ਵਿੱਚ ਸਾਮਲ ਰਿਹਾ ਸੀ। ਲੱਖਾ ਸਿਧਾਣਾ ਨੇ ਰਾਮਪੁਰਾ ਫੂਲ ਵਿਧਾਨ ਸਭਾ ਹਲਕੇ ਤੋਂ ਪੰਜਾਬ ਪੀਪਲਜ ਪਾਰਟੀ (ਪੀਪੀਪੀ) ਦੀ ਟਿਕਟ 'ਤੇ ਵਿਧਾਨ ਸਭਾ ਚੋਣ ਵੀ ਲੜੀ ਜਿਸ ਵਿੱਚ ਉਹ ਹਾਰ ਗਿਆ ਸੀ।

**ਸੋਸਲ ਮੀਡੀਆ 'ਤੇ ਕੀ ਕਹਿੰਦਾ ਹੈ ਲੱਖਾ ਸਿਧਾਣਾ**

ਲੱਖਾ ਸਿਧਾਣਾ 26 ਨਵੰਬਰ ਤੋਂ ਸਿੰਘੂ ਸਰਹੱਦ 'ਤੇ ਨਜਰ ਆਉਂਦਾ ਰਿਹਾ ਹੈ। ਲੱਖਾ ਲੋਕਾਂ ਤੱਕ ਆਪਣਾ ਸੰਦੇਸ ਪਹੁੰਚਾਉਣ ਲਈ ਕਾਫੀ ਹੱਦ ਤੱਕ ਸੋਸਲ ਮੀਡੀਆ ਦਾ ਸਹਾਰਾ ਲੈਂਦਾ ਹੈ। ਹਿੰਸਾ ਵਾਲੇ ਦਿਨ 26 ਜਨਵਰੀ ਤੋਂ ਬਾਅਦ ਅਗਲੇ ਕੁੱਝ ਹੀ ਘੰਟਿਆਂ ਵਿੱਚ ਉਸ ਨੇ ਚਾਰ ਵੀਡੀਓ ਜਾਰੀ ਕੀਤੇ। ਕਿਸਾਨ ਅੰਦੋਲਨ ਬਾਰੇ ਉਹ ਲਗਾਤਾਰ ਵੀਡੀਓ ਜਾਰੀ ਕਰਦਾ ਰਿਹਾ ਹੈ। ਇੱਕ ਵੀਡੀਓ ਵਿੱਚ ਲੱਖਾ ਸਿਧਾਣਾ ਨੂੰ ਦਿੱਲੀ ਸਰਹੱਦ ਦੇ ਵਿਰੋਧ ਸਥਾਨ ਉੱਤੇ ਸਨੈਕਸ ਦਾ ਸੁਆਦ ਲੈਂਦੇ ਦੇਖਿਆ ਜਾ ਸਕਦਾ ਹੈ। ਫੇਸਬੁੱਕ ਲਾਈਵ ਵੀਡੀਓ ਸੈਸਨ ਦੌਰਾਨ ਉਹ ਲੋਕਾਂ ਨਾਲ ਗੱਲ ਕਰਦਾ ਹੈ। ਇੱਕ ਹੋਰ ਫੇਸਬੁੱਕ ਲਾਈਵ ਵੀਡੀਓ ਵਿੱਚ 5 ਫਰਵਰੀ ਨੂੰ ਲੱਖਾ ਸਿਧਾਣਾ ਲੋਕਾਂ ਨੂੰ ਵੱਡੀ ਗਿਣਤੀ ਵਿੱਚ 6 ਫਰਵਰੀ ਦੇ ਖੇਤੀ ਕਾਨੂੰਨ ਦੇ ਵਿਰੋਧ ਵਿੱਚ 'ਚੱਕਾ ਜਾਮ' ਵਿੱਚ ਸਾਮਲ ਹੋਣ ਲਈ ਕਹਿੰਦਾ ਦਿਖਾਈ ਦੇ ਰਿਹਾ ਹੈ। ਹਾਲ ਹੀ ਵਿੱਚ ਜਾਰੀ ਕੀਤੀਆਂ ਗਏ ਪੋਸਟਾਂ ਵਿੱਚ ਉਹ ਲੋਕਾਂ ਨੂੰ ਇੱਕਜੁੱਟ ਹੋ ਕੇ ਰਹਿਣ ਲਈ ਕਹਿੰਦਾ ਹੈ ਤਾਂ ਕਿ ਇਕੱਠੇ ਰਹਿ ਕੇ ਖੇਤੀ ਕਾਨੂੰਨਾਂ ਖਲਿਾਫ ਅੰਦੋਲਨ ਕੀਤਾ ਜਾਵੇ। ਇੱਕ ਫੇਸਬੁੱਕ ਲਾਈਵ ਵੀਡੀਓ ਵਿੱਚ ਲੱਖਾ ਸਿਧਾਨਾ ਕਿਸਾਨਾਂ ਨੂੰ ਆਪਣੇ ਮਤਭੇਦ ਭੁੱਲਣ ਅਤੇ ਵਿਰੋਧ ਨੂੰ ਸਫਲ ਬਣਾਉਣ ਲਈ ਆਪਣੀ ਹਉਮੈ ਨੂੰ ਪਾਸੇ ਕਰਨ ਲਈ ਕਹਿੰਦੇ ਦੇਖਿਆ ਜਾ ਸਕਦਾ ਹੈ। ਲੱਖਾ ਸਿਧਾਣਾ ਨੇ ਕਿਹਾ ਕਿ ਸਾਨੂੰ ਲੋਕਾਂ ਦਾ ਵਿਸਵਾਸ ਨਹੀਂ ਤੋੜਨਾ ਚਾਹੀਦਾ। ਉਹ ਕਹਿੰਦਾ ਹੈ ਕਿ ਜੋ ਵੀ ਪਹਿਲਾਂ ਹੋਇਆ ਸੀ ਸਾਨੂੰ ਖੇਤ ਕਾਨੂੰਨਾਂ ਵਿਰੁੱਧ ਲੜਨ ਲਈ ਇੱਕਜੁੱਟ ਰਹਿਣਾ ਚਾਹੀਦਾ ਹੈ ਕਿਉਂਕਿ ਸਾਡੀ ਲੜਾਈ ਵਿਅਕਤੀਗਤ ਨਹੀਂ ਸਗੋਂ ਸਾਰੇ ਪੰਜਾਬ ਦੀ ਹੈ।

# ਸਰਦੂਲ ਸਿਕੰਦਰ ਨੂੰ ਮਿਲ ਕੇ ਹੰਸ ਰਾਜ ਹੰਸ ਦੀ ਕਿਹੜੀ ਗਲਤਫਹਿਮੀ ਦੂਰ ਹੋਈ ਸੀ




ਪੰਜਾਬ ਦੇ ਪ੍ਰਸਿੱਧ ਗਾਇਕ ਸਰਦੂਲ ਸਿਕੰਦਰ ਦੀ ਅੱਜ ਮੋਹਾਲੀ ਦੇ ਫੋਰਟਿਸ ਹਸਪਤਾਲ 'ਚ ਮੌਤ ਹੋ ਗਈ ਹੈ।

ਸਰਦੂਲ ਸਿਕੰਦਰ ਪਿਛਲੇ ਕਰੀਬ ਡੇਢ ਮਹੀਨੇ ਤੋਂ ਮੋਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਇਲਾਜ ਅਧੀਨ ਚੱਲ ਰਹੇ ਸਨ, ਜਿੱਥੇ ਉਨ੍ਹਾਂ ਦੀ ਹਾਲਤ ਬੇਹੱਦ ਨਾਜੁਕ ਬਣੀ ਹੋਈ ਸੀ ਅਤੇ ਅੱਜ ਉਨ੍ਹਾਂ ਦੀ ਮੌਤ ਹੋ ਗਈ।

ਸਰਦੂਲ ਸਿਕੰਦਰ ਦਾ ਜਨਮ 15 ਅਗਸਤ 1961 ਨੂੰ ਹੋਇਆ ਸੀ। ਉਨ੍ਹਾਂ ਨੇ ਗਾਇਕੀ ਦੀ ਸੁਰੂਆਤ 'ਚ 'ਰੋਡਵੇਜ ਦੀ ਲਾਰੀ' ਐਲਬਮ ਨਾਲ ਕਾਫੀ ਨਾਮਣਾ ਖੱਟਿਆ ਸੀ। ਆਪਣੀ ਪਤਨੀ ਅਮਰ ਨੂਰੀ ਨਾਲ ਉਨ੍ਹਾਂ ਦੀ ਜੋੜੀ ਮੰਚ 'ਤੇ ਅਕਸਰ ਕਾਫੀ ਵਾਹੋਵਾਹੀ ਲੁੱਟਦੀ ਸੀ। ਉਨ੍ਹਾਂ ਦੋਹਾਂ ਨੇ ਦੇਸ-ਵਿਦੇਸਾਂ ਵਿੱਚ ਜਾ ਕੇ ਕਈ ਸੋਅ ਕੀਤੇ।

ਸਰਦੂਲ ਸਿਕੰਦਰ 50 ਦੇ ਕਰੀਬ ਮਿਊਜਕਿ ਐਲਬਮਾਂ ਬਣਾ ਚੁੱਕੇ ਹਨ ਅਤੇ ਪੰਜਾਬੀ ਗਾਇਕੀ 'ਚ ਉਨ੍ਹਾਂ ਦੀ ਆਪਣੀ ਇੱਕ ਜਗ੍ਹਾ ਸੀ। ਗਾਇਕ ਅਤੇ ਅਦਾਕਾਰ ਸਰਦੂਲ ਸਿਕੰਦਰ ਪੰਜਾਬੀ ਮਿਊਜਕਿ ਇੰਡਸਟਰੀ ਵਿੱਚ ਲੰਬੇ ਸਮੇਂ ਤੱਕ ਸਰਗਰਮ ਰਹੇ ਸਨ। 1980ਵਿਆਂ ਵਿੱਚ ਉਨ੍ਹਾਂ ਦੀ ਐਲਬਮ ਰੋਡਵੇਜ ਦੀ ਲਾਰੀ ਕਾਫੀ ਮਕਬੂਲ ਹੋਈ।

ਉਨ੍ਹਾਂ ਕਈ ਪੰਜਾਬੀ ਫਿਲਮਾਂ ਵਿੱਚ ਵੀ ਐਕਟਿੰਗ ਕੀਤੀ, ਇਨ੍ਹਾਂ ਵਿੱਚ ਜੱਗਾ ਡਾਕੂ ਕਾਫੀ ਮਸਹੂਰ ਹੋਈ।

ਸਰਦੂਲ ਸਿਕੰਦਰ ਪਟਿਆਲਾ ਸੰਗੀਤ ਘਰਾਨੇ ਨਾਲ ਸਬੰਧ ਰਖਦੇ ਸਨ। ਸਰਦੂਲ ਦੇ ਦੋ ਪੁੱਤਰ ਅਲਾਪ ਅਤੇ ਸਾਰੰਗ ਸਿਕੰਦਰ ਵੀ ਮਿਊਜਕਿ ਇੰਡਸਟਰੀ ਨਾਲ ਜੁੜੇ ਹਨ।

ਗਾਇਕ ਅਤੇ ਬੀਜੇਪੀ ਲੀਡਰ ਹੰਸ ਰਾਜ ਹੰਸ ਨੇ ਦੱਸਿਆ ਕਿ ਸਰਦੂਲ ਸਿਕੰਦਰ ਉਨ੍ਹਾਂ ਦੇ ਭਰਾਵਾਂ ਵਰਗੇ ਸਨ। ਇੱਕ-ਦੂਜੇ ਦੇ ਘਰ ਬਿਨਾਂ ਝਿਝਕ ਦੇ ਉਹ ਅਕਸਰ ਜਾਂਦੇ ਸਨ।

ਉਨ੍ਹਾਂ ਦੱਸਿਆ ਕਿ ਬੀਤੀ ਰਾਤ ਹੀ ਉਨ੍ਹਾਂ ਦੀ ਸਰਦੂਲ ਦੇ ਬੇਟੇ ਅਲਾਪ ਸਿਕੰਦਰ ਨਾਲ ਗੱਲਬਾਤ ਹੋਈ ਸੀ ਜਿਸ ਵਿੱਚ ਉਨ੍ਹਾਂ ਕਿਹਾ ਕਿ ਉਹ ਠੀਕ ਹੋ ਜਾਣਗੇ।

ਉਨ੍ਹਾਂ ਦੱਸਿਆ, "ਸਵੇਰੇ ਉਠੱਦਿਆ ਹੀ ਚਰਨਜੀਤ ਅਹੂਜਾ ਵੱਲੋਂ ਮਾੜੀ ਖਬਰ ਆਈ, ਉਨ੍ਹਾਂ ਕਿਹਾ ਕਿ ਤੇਰਾ ਭਾਈ ਚਲਾ ਗਿਆ।"

ਹੰਸ ਰਾਜ ਹੰਸ ਨੇ ਕਿਹਾ ਕਿ ਸਰਦੂਲ ਇਨ੍ਹੇਂ ਸੁਰੀਲੇ ਸਨ ਕਿ ਉਨ੍ਹਾਂ ਕਰਕੇ ਮੈਨੂੰ ਵੀ ਦੁਗਣਾ ਰਿਆਜ ਕਰਨਾ ਪੈਂਦਾ ਸੀ।

ਉਨ੍ਹਾਂ ਕਿਹਾ, " ਮੈਂ ਕੁਝ ਦਿਨਾਂ ਪਹਿਲਾਂ ਉਨ੍ਹਾਂ ਨਾਲ ਬੈਠਾ ਸੀ। ਅਸੀਂ ਹਰਮੋਨੀਅਮ ਲੈਕੇ ਗਾਇਕੀ ਕਰਨ ਲੱਗ ਪਏ। ਮੈਂ ਉਸ ਨੂੰ ਕਿਹਾ ਕਿ ਮੈਂ ਭਾਵੇਂ ਆਪਣੇ ਆਪ ਨੂੰ ਜਿਨ੍ਹਾਂ ਵੀ ਵੱਡਾ ਗਾਇਕ ਮੰਨ ਲਵਾਂ, ਪਰ ਤੂੰ ਤਕਨੀਕੀ ਤੌਰ 'ਤੇ ਬਹੁਤ ਪੱਕਾ ਹੈ।"

ਗਾਇਕ ਸੁਰਿੰਦਰ ਸ਼ਿੰਦਾ ਨੇ ਕਿਹਾ ਕਿ ਸਰਦੂਲ ਸਿਕੰਦਰ ਦਾ ਜਾਣਾ ਪੂਰੇ ਸੰਗੀਤ ਜਗਤ ਲਈ ਇੱਕ ਵੱਡਾ ਘਾਟਾ ਹੈ। ਉਨ੍ਹਾਂ ਨੇ ਬਹੁਰੰਗੀ ਗਾਇਕੀ ਗਾ ਕੇ ਆਪਣਾ ਵੱਖਰਾ ਟ੍ਰੈਕ ਬਣਾਇਆ ਹੈ।

ਉਨ੍ਹਾਂ ਕਿਹਾ ਕਿ ਉਹ ਬਹੁਤ ਸੁਰੀਲੇ ਗਾਉਂਦੇ ਸੀ ਅਤੇ ਕਈ ਨਵੇਂ ਐਕਸਪੈਰੀਮੇਂਟ ਆਪਣੀ ਗਾਇਕੀ ਨਾਲ ਉਹ ਕਰਦੇ ਸਨ।

ਉਨ੍ਹਾਂ ਨੇ ਕਿਹਾ ਕਿ ਇਸ ਖਬਰ 'ਤੇ ਅਜੇ ਵੀ ਯਕੀਨ ਕਰਨਾ ਔਖਾ ਲੱਗ ਰਿਹਾ ਹੈ। ਬੀਬੀਸੀ ਪੰਜਾਬੀ ਨਾਲ ਗੱਲ ਕਰਦਿਆਂ ਗੀਤਕਾਰ ਸਮਸੇਰ ਸੰਧੂ ਨੇ ਸਰਦੂਲ ਸਿਕੰਦਰ ਨਾਲ ਬਿਤਾਏ ਆਪਣੇ ਪਲਾਂ ਨੂੰ ਯਾਦ ਕੀਤਾ।

ਉਨ੍ਹਾਂ ਦੱਸਿਆ ਕਿ ਸਰਦੂਲ ਸਿਕੰਦਰ ਨੇ ਉਨ੍ਹਾਂ ਵੱਲੋਂ ਲਿਖੇ ਕਈ ਗਾਣੇ ਗਾਏ। ਉਨ੍ਹਾਂ ਵੱਲੋਂ ਗਾਇਆ 'ਡਿਸਕੋ ਬੁਖਾਰ' ਗਾਣਾ ਕਾਫੀ ਹਿੱਟ ਹੋਇਆ।

ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਸੁਭਾਅ ਕਾਫੀ ਮਜਾਕਿਆ ਸੀ ਅਤੇ ਅਜਿਹੇ ਕਈ ਕਿੱਸੇ ਵੀ ਸੁਣਾਏ।

ਉਨ੍ਹਾਂ ਦੱਸਿਆ ਕਿ ਉਹ ਕਾਫੀ ਗਾਇਕਾ ਦੀ ਆਵਾਜ ਕੱਢ ਲੈਂਦੇ ਸੀ ਅਤੇ ਇੱਕ ਦਿਨ ਉਨ੍ਹਾਂ ਨਾਲ ਸੁਖਵਿੰਦਰ ਸ਼ਿੰਦਾ ਬਣ ਕੇ ਗੱਲ ਵੀ ਕਰਦੇ ਰਹੇ।

ਉਨ੍ਹਾਂ ਨੇ ਪਿਛੋਕੜ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਨੇ ਦੱਸਿਆ ਕਿ ਉਹ ਸਮਰਾਲੇ ਦੇ ਲਾਗੇ ਖੇੜੀ ਨੌਧ ਸਿੰਘ ਸੀ। ਉਨ੍ਹਾਂ ਦੇ ਪਿਤਾ ਮਸਤਾਨਾ ਜੀ ਗੁਰਦੁਆਰਿਆਂ ਅਤੇ ਮੰਦਰਾਂ 'ਚ ਗਾਉਂਦੇ ਹੁੰਦੇ ਸੀ। ਉਨ੍ਹਾਂ ਦੇ ਪੂਰੇ ਪਰਿਵਾਰ ਨੇ ਬਹੁਤ ਸੰਘਰਸ ਕੀਤਾ।

ਉਨ੍ਹਾਂ ਦੱਸਿਆ, "ਉਨ੍ਹਾਂ ਨੇ ਗਾਇਕੀ ਆਪਣੇ ਪਿਤਾ ਮਸਤਾਨਾ ਜੀ ਤੋਂ ਸਿੱਖੀ ਸੀ ਅਤੇ ਚਰਨਜੀਤ ਅਹੁਜਾ ਨੂੰ ਉਹ ਆਪਣਾ ਗੁਰੂ ਮੰਨਦੇ ਸੀ।"

ਗਾਇਕਾ ਰੁਪਿੰਦਰ ਹਾਂਡਾ ਨੇ ਦੱਸਿਆ ਕਿ ਉਨ੍ਹਾਂ ਦੀ ਸਰਦੂਲ ਸਿਕੰਦਰ ਦੇ ਪਰਿਵਾਰ ਨਾਲ ਕਾਫੀ ਨੇੜਤਾ ਸੀ। ਉਨ੍ਹਾਂ ਨੇ ਕਿਹਾ ਕਿ ਉਹ ਉਨ੍ਹਾਂ ਨਾਲ ਪਾਰਿਵਾਰਕ ਸਾਂਝ ਰੱਖਦੇ ਸਨ ਅਤੇ ਇਸ ਖਬਰ ਤੋਂ ਬਾਅਦ ਦਿਲ ਕਾਫੀ ਭਾਰੀ ਹੈ।

ਗਾਇਕਾ ਅਫਸਾਨਾ ਖਾਨ ਨੇ ਵੀ ਇਸ ਖਬਰ 'ਤੇ ਦੁਖ ਜਤਾਂਦਿਆਂ ਕਿਹਾ ਕਿ ਇਹ ਗਾਇਕੀ ਲਈ ਕਦੇ ਵੀ ਨਾ ਪੂਰਾ ਹੋਣ ਵਾਲਾ ਘਾਟਾ ਹੈ ਅਤੇ ਪੂਰੇ ਪਰਿਵਾਰ ਨੂੰ ਇਹ ਦੁਖ ਸਹਿਣ ਦਾ ਹੌਂਸਲਾ ਦੇਣ ਦੀ ਪ੍ਰਾਰਥਨਾ ਕੀਤਾ।

ਅਦਾਕਾਰਾ ਅਤੇ ਗਾਇਕਾ ਨਿਸਾ ਬਾਨੋ ਨੇ ਸਰਦੂਲ ਸਿਕੰਦਰ ਦੇ ਫੌਤ ਹੋਣ 'ਤੇ ਅਫਸੋਸ ਜਾਹਿਰ ਕਰਦਿਆਂ ਉਨ੍ਹਾਂ ਨਾਲ ਹੋਈ ਮੁਲਾਕਾਤਾਂ ਨੂੰ ਚੇਤੇ ਕੀਤਾ।

ਨਿਸਾ ਮੁਤਾਬਕ ਸਰਦੂਲ ਜੀ ਦੇ ਘਰ ਪਾਠ ਵੇਲੇ ਉਨ੍ਹਾਂ ਨਾਲ ਹੋਈ ਮੁਲਾਕਾਤ ਚੇਤਿਆਂ ਵਿੱਚ ਹੈ।

ਗਾਇਕਾ ਜਸਵਿੰਦਰ ਬਰਾੜ ਦੇ ਇਸ ਖਬਰ 'ਤੇ ਪਹਿਲੇ ਬੋਲ ਸਨ, 'ਬੁਝ ਗਿਆ ਸੁਰਾਂ ਦਾ ਦੀਵਾ, ਸੁਰਾਂ ਦਾ ਸਿਕੰਦਰ...ਸਰਦੂਲ ਸਿਕੰਦਰ'। ਜਸਵਿੰਦਰ ਬਰਾੜ ਦੇ ਪੁੱਤਰ ਦੀ ਹਾਲ ਹੀ ਵਿੱਚ ਇੱਕ ਸਰਜਰੀ ਹੋਈ ਸੀ ਅਤੇ ਉਸ ਵੇਲੇ ਨੂੰ ਯਾਦ ਕਰਦਿਆਂ ਜਸਵਿੰਦਰ ਜਕਿਰ ਕਰਦੇ ਹਨ ਕਿ ਉਸ ਵੇਲੇ ਸਰਦੂਲ ਸਿਕੰਦਰ ਹੋਰਾਂ ਦੇ ਕਈ ਫੋਨ ਆਏ ਸਨ ਤੇ ਕਹਿੰਦੇ ਸਨ, "ਭੈਣ ਜੀ ਤੁਸੀਂ ਟੈਨਸਨ ਨਹੀਂ ਲੈਣੀ ਅਸੀਂ ਹਾਂ"

# ਸ੍ਰੀ ਹਨੂੰਮਾਨ ਮੰਦਿਰ ਭੁਲੱਥ ਦੇ ਸੰਤ ਗੋਪਾਲ ਦਾਸ ਜੀ ਨੇ ਗੁਰੂ ਨਾਨਕ ਦੇਵ ਫ੍ਰੀ ਡਾਇਲਿਸਿਸ ਸੈਂਟਰ ਲਈ 50,000 ਹਜਾਰ ਰੁਪਏ ਦੀ ਰਕਮ ਸੇਵਾ ਵਜੋਂ ਦਿੱਤੀ



ਭੁਲੱਥ, (ਅਜੈ ਗੋਗਨਾ )ਬਾਬਾ ਜੋਰਾਵਰ ਸਿੰਘ ਬਾਬਾ ਫਤਿਹ ਸਿੰਘ ਸੇਵਾ ਸੁਸਾਇਟੀ (ਰਜਿ:) ਵੱਲੋ ਗੁਰੂ ਨਾਨਕ ਦੇਵ ਜੀ ਫਰੀ ਡਾਇਲਿਸਿਸ ਸੈਟਰ ਜੋ ਕਿ ਜਲਦੀ ਹੀ ਸਰਕਾਰੀ ਹਸਪਤਾਲ ਭੁਲੱਥ ਵਿੱਚ ਖੁੱਲਣ ਜਾ ਰਿਹਾ ਹੈ ਜਿਸ ਵਿੱਚ ਤਕਰੀਬਨ 6 ਡਾਇਲਿਸਿਸ ਮਸੀਨਾਂ ਲੋੜਵੰਦ ਮਰੀਜਾ ਦੀ ਫ੍ਰੀ ਡਾਇਲਿਸਿਸ ਕਰਨ ਲਈ ਲਗਾਈਆਂ ਜਾ ਰਹੀਆਂ ਹਨ।ਇਹ ਸੰਸਥਾ ਅਜੋਕੇ ਸਮੇ ਚ' ਇਕ ਐਸੀ ਪਿਰਤ ਪਾਵੇਗੀ ਜਿਸ ਵਿੱਚ ਬਿਨਾ ਕਿਸੇ ਧਾਰਮਿਕ,ਸਮਾਜਿਕ ਅਤੇ ਸਿਆਸੀ ਭੇਦਭਾਵ ਤੋ ਲੋੜਵੰਦ ਲੋਕਾਂ ਦੀ ਬਾਹ ਫੜੇਗੀ।ਇਸ ਕਾਰਜ ਲਈ ਹਰ ਇਕ ਸਮਾਜ ਸੇਵੀ ਇਸ ਸੰਸਥਾ ਚ' ਵੱਧ ਚੜ੍ਹ ਕੇ ਹਿੱਸਾ ਪਾ ਰਹੇ ਹਨ।ਅੱਜ ਸ੍ਰੀ ਹਨੂੰਮਾਨ ਮੰਦਿਰ ਭੁਲੱਥ ਦੇ ਬਾਬਾ ਜੀ ਸ੍ਰੀ 1008 ਗੋਪਾਲ ਦਾਸ ਜੀ ਵੱਲੋ ਵੀ 50, 000 ਰੁਪਏ ਦੀ ਰਕਮ ਸੇਵਾ ਵਜੋ ਦਿੱਤੀ ਹੈ। ਬਾਬਾ ਜੋਰਾਵਰ ਸਿੰਘ ਫਤਿਹ ਸਿੰਘ ਸੇਵਾ ਸੋਸਾਇਟੀ ਦੇ ਮੈਂਬਰ ਜਿੰਨਾਂ ਚ' ਡਾਕਟਰ ਸੁਰਿੰਦਰ ਕੁਮਾਰ ਕੱਕੜ ਭੁਲੱਥ, ਸ:ਬਲਵਿੰਦਰ ਸਿੰਘ ਚੀਮਾ,ਸ: ਸੁਰਿੰਦਰ ਸਿੰਘ ਲਾਲੀਆ,ਸ: ਅਵਤਾਰ ਸਿੰਘ ਲਾਲੀਆ,ਸ: ਮੋਹਨ ਸਿੰਘ ਸਰਪੰਚ ਪਿੰਡ ਡਾਲਾ ਅਤੇ ਭੁਲੱਥ ਨਿਵਾਸੀਆ ਵਲੋਂ ਸੰਤਾਂ ਵੱਲੋ ਇਸ ਯੋਗਦਾਨ ਪਾਉਣ ਲਈ ਸ੍ਰੀ ਹਨੂੰਮਾਨ ਮੰਦਰ ਦੇ ਸਮੂੰਹ ਸੇਵਾਦਾਰਾ ਅਤੇ ਸੰਤ ਬਾਬਾ ਗੋਪਾਲ ਦਾਸ ਜੀ ਦਾ ਬਹੁਤ ਬਹੁਤ ਧੰਨਵਾਦ ਕੀਤਾ। ਇਸ ਮੋਕੇ ਮੰਦਿਰ ਚ' ਮਹੰਤ ਸ੍ਰੀ ਲਛਮਣ ਦਾਸ ਜੀ,ਲਕਸ ਚੌਧਰੀ(ਐਮ ਸੀ ਭੁਲੱਥ),ਪੁਸਕਰ ਭਾਟੀਆ, ਬਾਂਕੇ ਬਿਹਾਰੀ ਸਰਮਾ ਵੀ ਉਚੇਚੇ ਤੌਰ ਤੇ ਹਾਜਰ ਸਨ।

# ਕੈਨੇਡਾ ਸਰਕਾਰ ਵੱਲੋਂ ਬਾਹਰਲੇ ਦੇਸ਼ਾਂ ਤੋਂ ਕੈਨੇਡਾ ਆਉਣ ਵਾਲੇ ਯਾਤਰੀਆਂ ਲਈ ਲਾਜਮੀ ਕੀਤੇ ਕੋਰੋਨਾ ਟੈਸਟ ਤੋਂ ਟਰੱਕ ਡਰਾਈਵਰਾਂ ਨੂੰ ਮਿਲੇਗੀ ਛੋਟ

ਨਿਊਯਾਰਕ/ ਟੋਰਾਂਟੋ ( ਰਾਜ ਗੋਗਨਾ/ ਕੁਲਤਰਨ ਪਧਿਆਣਾ )- ਫੈਡਰਲ ਸਰਕਾਰ ਦੁਆਰਾ ਹਾਲ ਹੀ ਵਿੱਚ ਐਲਾਨ ਕੀਤੇ ਗਏ ਨਵੇਂ ਯਾਤਰਾ ਦੇ ਨਿਯਮਾਂ, ਜਿਸ ਵਿੱਚ ਕੈਨੇਡਾ ਦਾਖਲ ਹੋਣ ਤੇ ਕੋਵਿਡ-19 ਟੈਸਟ ਕਰਵਾਉਣਾ ਤੇ ਦੋ ਹਫਤਿਆਂ ਦਾ ਕੁਆਰੰਟੀਨ ਸਾਮਲ ਹੈ ਵਿੱਚੋਂ ਵਪਾਰਕ ਟਰੱਕ ਡਰਾਈਵਰਾਂ( ) ਨੂੰ ਛੋਟ ਮਿਲੇਗੀ । ਇਸਦਾ ਮਤਲਬ ਹੈ ਕਿ ਉਨਾਂ ਨੂੰ ਲਾਜਮੀ ਟੈਸਟ ਤੇ ਦੋ ਹਫਤਿਆਂ ਦਾ ਕੁਆਰੰਟੀਨ ਨਹੀਂ ਕਰਨਾ ਪਵੇਗਾ।ਕੈਨੇਡਾ ਸਰਕਾਰ ਵੱਲੋਂ 22 ਫਰਵਰੀ ਤੋਂ ਕੈਨੇਡਾ ਦਾਖਲ ਹੋਣ ਵਾਲੇ ਅੰਤਰਰਾਸਟਰੀ ਯਾਤਰੀਆਂ ਨੂੰ ਤਿੰਨ ਦਿਨ ਵਾਸਤੇ ਸਰਕਾਰ ਵੱਲੋਂ ਮਨਜੂਰਸੁਦਾ ਹੋਟਲਾਂ ਵਿੱਚ ਰੱਖ ਲਾਜਮੀ ਕਰੋਨਾ ਟੈਸਟ ਅਤੇ ਕੁਆਰੰਟੀਨ ਕਰਵਾਇਆ ਜਾਵੇਗਾ ਕੈਨੇਡਾ ਬਾਰਡਰ ਸਰਵਿਸਿਜ ਏਜੰਸੀ ਦੇ ਅਨੁਸਾਰ 21 ਮਾਰਚ, 2020 ਤੋਂ ਹੁਣ



ਤੱਕ ਕੈਨੇਡਾ ਵਿੱਚ ਹੋਈਆਂ 10 ਮਿਲੀਅਨ ਐਂਟਰੀਆਂ ਵਿਚੋਂ, ਲਗਭਗ 4.6 ਮਿਲੀਅਨ ਐਂਟਰੀਆਂ ਵਪਾਰਕ ਟਰੱਕ ਡਰਾਈਵਰਾਂ ਦੁਆਰਾ ਕੀਤੀਆਂ ਗਈਆਂ ਸਨ ਜੋ ਜਮੀਨ ਦੇ ਰਸਤੇ ਰਾਹੀਂ ਹੋਈਆਂ ਸਨ।ਇਥੇ ਜਿਕਰਯੋਗ ਹੈ ਕਿ ਟਰੱਕ ਡਰਾਈਵਰ ਇਸ ਮਹਾਂਮਾਰੀ ਦੇ ਦੌਰਾਨ ਬਾਰਡਰ ਪਾਰ ਜਰੂਰੀ ਚੀਜਾਂ ਪਹੁੰਚਾਉਂਦੇ ਹਨ, ਸਰਕਾਰ ਨੇ ਉਨ੍ਹਾਂ ਨੂੰ ਕੁਆਰੰਟੀਨ ਅਤੇ ਸਾਰੀਆਂ ਕੋਵਿਡ -19 ਟੈਸਟ ਦੀਆਂ ਜਰੂਰਤਾਂ ਤੋਂ ਛੋਟ ਦੇ ਦਿੱਤੀ ਹੈ। ਸਰਕਾਰ ਦਾ ਕਹਿਣਾ ਹੈ ਕਿ ਟਰੱਕ ਡਰਾਈਵਰਾਂ ਨੂੰ ਮਾਸਕ ਅਤੇ ਹੋਰ ਜਰੂਰੀ ਅਹਿਤਿਆਤ ਰੱਖਣੀ ਚਾਹੀਦੀ ਹੈ ਤਾਂਕਿ ਇਸ ਬਿਮਾਰੀ ਤੋਂ ਉਨਾਂ ਦਾ ਬਚਾਅ ਹੋ ਸਕੇ।

# ਕੋਵਿਡ ਟੈਸਟ ਨਾ ਕਰਵਾਉਣ ਦੇ ਦੋਸ ਹੇਠ 31 ਟਿਕਟਾਂ ਦਿੱਤੀਆ ਗਈਆਂ, ਕੋਵਿਡ ਟੈਸਟ ਨਾ ਕਰਵਾਉਣ ਤੇ 750 ਡਾਲਰ ਦਾ ਜੁਰਮਾਨਾ



ਨਿਊਯਾਰਕ/ ਮਿਸੀਸਾਗਾ (ਰਾਜ ਗੋਗਨਾ/ ਕੁਲਤਰਨ ਪਧਿਆਣਾ ) ਕੈਨੇਡਾ ਦੇ ਮਿਸੀਸਾਗਾ ਦੇ ਅੰਤਰਰਾਸਟਰੀ ਪੀਅਰਸਨ ਏਅਰਪੋਰਟ ਵਿਖੇ ਅੰਤਰਰਾਸਟਰੀ ਯਾਤਰੀਆਂ ਵੱਲੋਂ ਪਹੁੰਚਣ ਤੋਂ ਬਾਅਦ ਕੋਵਿਡ ਟੈਸਟ ਨਾ ਕਰਵਾਉਣ ਦੇ ਦੋਸਾਂ ਹੇਠ ਹੁਣ ਤੱਕ 31 ਟਿਕਟਾਂ ਦਿੱਤੀਆਂ ਜਾ ਚੁੱਕੀਆਂ ਹਨ।ਇੰਨਾ ਟਿਕਟਾਂ ਵਿੱਚੋਂ 18 ਟਿਕਟਾਂ ਇਸ ਏਅਰਪੋਰਟ ਤੇ ਡੱਗ ਫੋਰਡ ਸਰਕਾਰ ਵੱਲੋਂ ਕੋਵਿਡ ਟੈਸਟ ਲਾਜਮੀ ਕਰਨ ਦੇ ਪਹਿਲੇ ਹਫਤੇ ਫਰਵਰੀ 1 ਤੋਂ ਫਰਵਰੀ 7 ਦੇ ਵਿੱਚਕਾਰ ਅਤੇ ਬਾਕੀ 13 ਟਿਕਟਾਂ ਉਸਤੋਂ ਬਾਅਦ ਵਿੱਚ ਦਿੱਤੀਆਂ ਗਈਆਂ ਹਨ। ਕੋਵਿਡ ਟੈਸਟ ਨਾ ਕਰਵਾਉਣ ਉੱਤੇ 750 ਡਾਲਰ ਦਾ ਜੁਰਮਾਨਾ ਲਾਇਆ ਜਾਂਦਾ ਹੈ।

# ਜਦੋਂ ਅਮਰੀਕਾ ਦੇ ਭਾਰਤੀ ਜਨਤਾ ਪਾਰਟੀ ਸਿੱਖ ਅਫੇਅਰਜ ਦੇ ਪ੍ਰਧਾਨ ਨੇ ਆਪਣੇ ਅਹੁਦੇ ਤੋ ਦਿੱਤਾ ਅਸਤੀਫਾ, ਮੁੜ 12 ਘੰਟੇ ਬਾਅਦ ਹੀ ਵਾਪਿਸ ਲਿਆ



ਵਾਸ਼ਿਗਟਨ (ਰਾਜ ਗੋਗਨਾ )ਬੀਤੇਂ ਦਿਨ ਅਮਰੀਕਾ ਦੇ ਭਾਰਤੀ ਜਨਤਾ ਪਾਰਟੀ ਦੇ ਸਿੱਖ ਅਫੇਅਰਜ ਵਿੰਗ ਦੇ ਪ੍ਰਧਾਨ ਕੰਵਲਜੀਤ ਸਿੰਘ ਸੋਨੀ ਵੱਲੋਂ ਬੀਤੇਂ ਦਿਨ ਕਿਸਾਨੀ ਮੁੱਦਿਆਂ ਨੂੰ ਲੈ ਕੇ ਕੇਂਦਰ ਦੀ ਮੋਦੀ ਸਰਕਾਰ ਦੇ ਕਿਸਾਨਾਂ ਪ੍ਰਤੀ ਵਤੀਰੇ ਨੂੰ ਲੈ ਕੇ ਆਪਣੇ ਆਹੁਦੇ ਤੋ ਅਸਤੀਫਾ ਦਿੱਤਾ ਸੀ। ਉਸ ਤੋ ਤਕਰੀਬਨ 12 ਕੁ ਘੰਟੇ ਦਾ ਸਮਾਂ ਗੁਜਰ ਜਾਣ ਤੋ ਬਾਅਦ ਸੋਨੀ ਵੱਲੋਂ ਲਿਖਤੀ ਪ੍ਰੈਸ ਨੋਟ ਜਾਰੀ ਕਰਦਿਆਂ ਆਪਣਾ ਅਸਤੀਫਾ ਵਾਪਸ ਲੈ ਲਿਆ ਹੈ। ਉਹਨਾਂ ਅਸਤੀਫੇ ਤੋ ਬਾਅਦ ਇਕ ਲਿਖਤੀ ਬਿਆਨ ਜਾਰੀ ਕਰਦਿਆਂ ਲਿਖਿਆਂ ਹੈ ਕਿ ਬੀਜੇਪੀ ਦੀ ਹਾਈ ਕਮਾਂਡ ਵੱਲੋਂ ਉਹਨਾਂ ਨੂੰ ਪਾਰਟੀ ਦੇ ਕਾਫੀ ਫੋਨ ਆਏ ਅਤੇ ਉਹਨਾਂ ਨੂੰ ਕਿਹਾ ਗਿਆ ਹੈ ਕਿ ਉਹ ਜਲਦੀ ਤੋ ਜਲਦੀ ਕਿਸਾਨੀ ਮਸਲੇ ਹੱਲ ਕਰ ਦੇਣਗੇ ਅਤੇ ਆਪ ਆਪਣਾ ਅਸਤੀਫਾ ਵਾਪਿਸ ਲੈ ਲਵੋ ਦੂਜੇ ਪਾਸੇ ਅਮਰੀਕਾ ਚ' ਵੱਸਦੇ ਪੰਜਾਬੀ ਭਾਈਚਾਰੇ ਵਲੋ ਵੀ ਉਸ ਦੀ ਨੋਟੰਕੀ ਨੂੰ ਦੇਖ ਕੇ ਉਸ ਤੋ ਪਿੱਛੇ ਹੱਟ ਗਏ ਨੇ ਇੱਥੇ ਜਿਕਰਯੋਗ ਹੈ ਕਿ ਲੰਘੇ ਮਹੀਨੇ ਚ' ਇੱਥੋਂ ਦੇ ਬੀਜੇਪੀ ਸਿੱਖ ਅਫੇਅਰਜ ਦੇ ਜਿੰਨੇ ਵੀ ਇੱਥੇ ਆਹੁਦੇਦਾਰ ਸਨ ਉਹਨਾਂ ਨੇ ਕਿਸਾਨਾਂ ਦੇ ਹੱਕ ਚ' ਹਾਅ ਦਾ ਨਾਅਰਾ ਮਾਰਦੇ ਹੋਏ ਆਪਣੇ ਆਪਣੇ ਆਹੁਦਿਆ ਤੋ ਅਸਤੀਫੇ ਦੇ ਦਿੱਤੇ ਸਨ ਸਿਰਫ ਹੁਣ ਇਹੋ ਹੀ ਇੱਕਲਾ ਇੱਥੇ ਆਹੁਦੇਦਾਰ ਹੈ।ਅਤੇ ਬੀਜੇਪੀ ਦੇ ਸਿੱਖ ਅਫੇਅਰਜ ਵਿੰਗ ਦਾ ਇੱਥੇ ਭੋਗ ਪੈ ਚੁੱਕਾ ਹੈ।

# 62 ਸਾਲਾ ਪਾਕਿਸਤਾਨੀ ਸਾਂਸਦ ਨੇ 14 ਸਾਲਾ ਨਾਬਾਲਗ ਨਾਲ ਕੀਤਾ ਵਿਆਹ

ਨਵੀਂ ਦਿੱਲੀ : ਇੱਕ ਪਾਸੇ ਪੂਰੀ ਦੁਨੀਆ ਬਾਲ ਵਿਆਹ ਖਿਲਾਫ ਹੈ ਤੇ ਇਸ ਸਮਾਜਿਕ ਬੁਰਾਈ ਨੂੰ ਖਤਮ ਕਰਨ ਲਈ ਆਵਾਜ ਬੁਲੰਦ ਕਰ ਰਹੀ ਹੈ, ਉੱਥੇ ਹੀ ਪਾਕਿਸਤਾਨ ਦੇ ਬਲੋਚਿਸਤਾਨ ਤੋਂ ਇੱਕ ਹੈਰਾਨ ਕਰਨ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇੱਥੇ ਇੱਕ 62 ਸਾਲਾ ਸਾਂਸਦ ਮੌਲਾਨਾ ਸਲਾਹਊਦੀਨ ਅਯੂਬੀ ਨੇ ਇੱਕ



14 ਸਾਲਾ ਨਾਬਾਲਗ ਨਾਲ ਵਿਆਹ ਕੀਤਾ ਹੈ। ਹਾਲਾਂਕਿ ਸਰਕਾਰ ਨੇ ਪੁਲਿਸ ਜਾਂਚ ਦੇ ਆਦੇਸ਼ ਦੱਤੇ ਹਨ। ਸਲਾਹਊਦੀਨ ਬਲੋਚਿਸਤਾਨ ਦੇ ਚਿੱਤਰਾਲ ਵਿੱਚ ਸਾਂਸਦ ਹੈ।ਪਾਕਿਸਤਾਨ ਦੇ ਅੰਗਰੇਜ਼ੀ ਅਖਬਾਰ 'ਦ ਡਾਊਨ' ਦੀ ਇੱਕ ਰਿਪੋਰਟ ਮੁਤਾਬਕ, ਬੱਚੀ ਦੇ ਸਲੂਕ ਨੇ ਉਸ ਦਾ ਜਨਮ ਸਰਟੀਫਿਕੇਟ ਮੀਡੀਆ ਨੂੰ ਦਿਖਾਇਆ ਹੈ। ਇਸ ਵਿੱਚ ਬੱਚੀ ਦਾ ਜਨਮ 28 ਅਕਤੂਬਰ 2006 ਦੱਸਿਆ ਗਿਆ ਹੈ। ਇਸ ਦੇ ਬਾਅਦ ਇੱਕ ਸਥਾਨਕ ਐਨਜੀਓ ਨੇ ਪੁਲਿਸ ਨੂੰ ਸ਼ਿਕਾਇਤ ਦਰਜ ਕਰਵਾਈ।ਹੁਣ ਇਸ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ।ਉਧਰ, ਇਸ ਮਾਮਲੇ ਸਬੰਧੀ ਜਦੋਂ ਪੁਲਿਸ ਲੜਕੀ ਦੇ ਘਰ ਪਹੁੰਚੀ ਤਾਂ ਲੜਕੀ ਦੇ ਘਰ ਵਾਲਿਆਂ ਨੇ ਬੇਟੀ ਦੇ ਵਿਆਹ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਕਿਹਾ ਕਿ ਸਾਡੀ ਲੜਕੀ ਦਾ ਵਿਆਹ ਹੋਇਆ ਹੀ ਨਹੀਂ।ਪਾਕਿਸਤਾਨ ਵਿੱਚ ਵਿਆਹ ਕਾਨੂੰਨ ਦੀ ਗੱਲ ਕਰੀਏ ਤਾਂ ਲੜਕੀਆਂ ਦੇ ਵਿਆਹ ਦੇ ਉਮਰ 16 ਸਾਲ ਤੈਅ ਕੀਤੀ ਗਈ ਹੈ। ਜੇ ਇਸ ਤੋਂ ਘੱਟ ਉਮਰ ਦੀ ਲੜਕੀ ਦਾ ਵਿਆਹ ਕੀਤਾ ਜਾਂਦਾ ਹੈ ਤਾਂ ਇਸ ਨੂੰ ਕਾਨੂੰਨੀ ਤੌਰ 'ਤੇ ਗੁਨਾਹ ਮੰਨਿਆ ਜਾਂਦਾ ਹੈ।

# ਆਪਣੀ ਮਾਂ ਨੂੰ ਜਖਮੀ ਕਰਕੇ ਭੱਜਿਆ ਪੁੱਤਰ ਪ੍ਰਤੀਕ ਮਾਨ ਚੜਿਆ ਪੁਲਿਸ ਦੇ ਅੜਿੱਕੇ



ਨਿਊਯਾਰਕ/ ਬਰੈਂਪਟਨ (ਰਾਜ ਗੋਗਨਾ/ ਕੁਲਤਰਨ ਪਧਿਆਣਾ ) ਕੈਨੇਡਾ ਦੇ ਬਰੈਂਪਟਨ ਵਿਖੇ ਪੰਜਾਬੀਆਂ ਦੀ ਸੰਘਣੀ ਵਸੋਂ ਵਾਲੇ ਇਲਾਕੇ ਡਿਕਸੀ/ਬੋਵੇਅਰਡ (/) ਵਿਖੇ ਆਪਣੀ ਮਾਂ ਨੂੰ ਚਾਕੂ ਮਾਰਕੇ ਗੰਭੀਰ ਜਖਮੀ ਕਰਨ ਵਾਲਾ ਪ੍ਰਤੀਕ ਮਾਨ (29) ਪੁਲਿਸ ਦੇ ਕਾਬੂ ਆ ਗਿਆ ਹੈ ਤੇ ਉਸਦੀ ਅੱਜ ਬਰੈਂਪਟਨ ਕੋਰਟ ਵਿਖੇ ਪੇਸੀ ਹੈ। ਦੋਸੀ ਪਹਿਲਾਂ ਵੀ ਜੇਲ੍ਹ ਦੇ ਵਿੱਚ ਰਹਿ ਚੁੱਕਾ ਹੈ ਤੇ ਕੱਲ ਸਨਿਚਰਵਾਰ ਦੁਪਿਹਰੇ ਉਹ ਬਰੈਂਪਟਨ ਵਿਖੇ ਆਪਣੇ ਘਰ ਵਿੱਚ ਆਪਣੀ ਮਾਂ ਨੂੰ ਗੰਭੀਰ ਜਖਮੀ ਕਰਕੇ ਪੈਦਲ ਹੀ ਭੱਜ ਗਿਆ ਸੀ ਤੇ ਪੁਲਿਸ ਵੱਲੋਂ ਉਸਦੀ ਭਾਲ ਕੀਤੀ ਜਾ ਰਹੀ ਸੀ । ਵੈਸੇ ਅੱਜ ਦੁਨੀਆਂ ਭਰ ਵਿੱਚ ਮਾਂ ਬੋਲੀ ਦਿਹਾੜਾ ਮਨਾਇਆ ਜਾ ਰਿਹਾ ਹੈ ਪਰ ਕੁੱਝ ਇਹੋ ਜਿਹੇ ਕਪੁੱਤ ਵੀ ਹੁੰਦੇ ਹਨ ਜਿਨ੍ਹਾਂ ਲਈ ਮਾਂ ਨੂੰ ਕਤਲ ਕਰਨਾ ਕੋਈ ਵੱਡੀ ਗੱਲ ਨਹੀਂ ਹੁੰਦੀ ਭਾਵੇਂ ਕਿ ਮਾਂ ਬੋਲੀ ਹੋਵੇ ਜਾਂ ਜਨਮ ਦੇਣ ਵਾਲੀ ਮਾਂ ..!

# ਕਾਰਕੁਨ ਨੌਦੀਪ ਕੌਰ ਦੀ ਗ੍ਰਿਫਤਾਰੀ ਬਾਰੇ ਹਾਈਕੋਰਟ ਕੋਲ ਵੱਡਾ ਦਾਅਵਾ

ਚੰਡੀਗੜ੍ਹ : ਮਜ਼ਦੂਰ ਅਧਿਕਾਰਾਂ ਦੀ ਕਾਰਕੁਨ ਨੌਦੀਪ ਕੌਰ ਦੀ ਗ੍ਰਿਫਤਾਰੀ ਬਾਰੇ ਵੱਡਾ ਖੁਲਾਸਾ



ਹੋਇਆ ਹੈ। ਇਸ ਨਾਲ ਹਰਿਆਣਾ ਪੁਲਿਸ ਉੱਪਰ ਸਵਾਲ ਖੜ੍ਹੇ ਹੋ ਗਏ ਹਨ। ਨੌਦੀਪ ਕੌਰ ਨੇ ਆਪਣੀ ਜਮਾਨਤ ਅਰਜੀ ਵਿੱਚ ਪੰਜਾਬ ਤੇ ਹਰਿਆਣਾ ਹਾਈ ਕੋਰਟ ਕੋਲ ਦਾਅਵਾ ਕੀਤਾ ਹੈ ਕਿ ਉਸ ਨੂੰ ਸੋਨੀਪਤ ਪੁਲਿਸ ਨੇ ਪਿਛਲੇ ਮਹੀਨੇ ਗ੍ਰਿਫਤਾਰ ਕਰਨ ਤੋਂ ਬਾਅਦ ਥਾਣੇ ਵਿੱਚ ਬੁਰੀ ਤਰ੍ਹਾਂ ਕੁੱਟਿਆ ਸੀ। ਪੰਜਾਬ ਦੇ ਮੁਕਤਸਰ ਜ਼ਿਲ੍ਹੇ ਦੀ 23 ਸਾਲਾ ਨੌਦੀਪ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਉਸ ਦੀ ਡਾਕਟਰੀ ਜਾਂਚ ਨਹੀਂ ਕਰਵਾਈ ਗਈ, ਜੋ ਫੌਜਦਾਰੀ ਜਾਬਤਾ ਦੀ ਧਾਰਾ 54 ਦੀ ਉਲੰਘਣਾ ਹੈ।ਉਹ ਇਸ ਸਮੇਂ ਹਰਿਆਣਾ ਦੀ ਕਰਨਾਲ ਜੇਲ੍ਹ ਵਿਚ ਬੰਦ ਹੈ। ਪੰਜਾਬ ਤੇ ਹਰਿਆਣਾ ਹਾਈ ਕੋਰਟ ਨੇ ਸੋਮਵਾਰ ਨੂੰ ਉਸ ਦੀ ਜ਼ਮਾਨਤ ਪਟੀਸ਼ਨ 'ਤੇ ਸੁਣਵਾਈ ਮੁਲਤਵੀ ਕਰ ਦਿੱਤੀ ਸੀ ਤੇ ਮਾਮਲੇ ਦੀ ਸੁਣਵਾਈ 24 ਫਰਵਰੀ ਲਈ ਪਾ ਦਿੱਤੀ। ਦੱਸ ਦਈਏ ਕਿ ਨੌਦੀਪ ਕੌਰ ਦਾ ਪਰਿਵਾਰ ਤੇ ਕਿਸਾਨ ਮਜਦੂਰ ਜਥੇਬੰਦੀਆਂ ਪਹਿਲਾਂ ਹੀ ਇਲਜਾਮ ਰਹੀਆਂ ਹਨ ਕਿ ਪੁਲਿਸ ਨੇ ਲੜਕੀ ਉੱਪਰ ਬੇਹੱਦ ਤਸ਼ੱਦਦ ਢਾਹਿਆ ਹੈ। ਇਹ ਸਵਾਲ ਉਸ ਵੇਲੇ ਵੀ ਉੱਠਿਆ ਸੀ ਜਦੋਂ ਜੇਲ੍ਹ ਸੂਪਰਡੈਂਟ ਨੇ ਪੰਜਾਬ ਮਹਿਲਾ ਕਮਿਸ਼ਨ ਦੀ ਚੇਅਰਪਰਸਨ ਨੂੰ ਨੌਦੀਪ ਕੌਰ ਨਾਲ ਨਹੀਂ ਮਿਲਣ ਦਿੱਤਾ ਗਿਆ ਸੀ।

# ਭਾਰਤ ਸਰਕਾਰ ਵੱਲੋਂ ਨਨਕਾਣਾ ਸਾਹਿਬ ਜਾ ਰਹੇ ਜਥੇ ਨੂੰ ਰੋਕਣਾ ਮੰਦਭਾਗਾ

ਨਿਊਯਾਰਕ : ਸਾਕਾ ਨਨਕਾਣਾ ਸਾਹਿਬ 100 ਸਾਲਾ ਸ਼ਹੀਦੀ ਸਮਾਗਮ ਮਨਾਉਣ ਜਾ ਰਹੇ ਜਥੇ ਨੂੰ ਸੁਰੱਖਿਆ ਦਾ ਬਹਾਨਾ ਲਗਾ ਕੇ ਰੋਕਣਾ ਬਹੁਤ ਹੀ ਮੰਦਭਾਗਾ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਵੱਲੋਂ ਸਾਰੇ ਪ੍ਰਬੰਧ ਮੁਕੰਮਲ ਕੀਤੇ ਗਏ ਸਨ। ਭਾਰਤ ਸਰਕਾਰ ਨੇ ਕਾਗਜ਼ੀ ਕਾਰਵਾਈ ਪੂਰੀ ਕਰਕੇ ਇਜਾਜ਼ਤ ਵੀ ਦਿੱਤੀ ਸੀ। ਪਾਕਿਸਤਾਨ ਸਰਕਾਰ ਵੱਲੋਂ ਸਿੱਖ ਜਥੇ ਦੇ ਮੈਂਬਰਾਂ ਨੂੰ ਵੀਜ਼ੇ ਦਿੱਤੇ ਗਏ। ਜਥੇ ਦੀ ਅਗਵਾਈ ਜਥੇਦਾਰ ਹਰਪ੍ਰੀਤ ਸਿੰਘ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਨੇ ਕਰਨੀ ਸੀ। ਪਾਕਿਸਤਾਨ ਸਰਕਾਰ, ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਕਮੇਟੀ ਵੱਲੋਂ ਲੱਖਾਂ ਰੁਪਏ ਖਰਚ ਕੀਤਾ ਗਿਆ। ਜਦੋਂ ਜਥੇ ਨੇ ਤੁਰਨਾ ਸੀ ਤਾਂ ਜਥੇ ਨੂੰ ਜਾਣ ਤੋਂ ਰੋਕ ਦਿੱਤਾ ਗਿਆ। ਜਿਸ ਕਾਰਨੀ ਸਿੱਖ ਪੰਥ ਅਤੇ ਜਾਣ ਵਾਲੇ ਜਥੇ ਦੇ ਮਨਾਂ ਨੂੰ ਡੂੰਘੀ ਸੱਟ ਵਜੀ। ਹਰ ਸਿੱਖ ਰੋਜ਼ਾਨਾ ਵਿਛੜੇ ਗੁਰਧਾਮਾਂ ਦੇ ਦਰਸ਼ਨਾਂ ਲਈ ਅਰਦਾਸ ਕਰਦਾ ਹੈ। ਬੜੀ ਦੂਰ ਦੂਰ ਤੋਂ ਸ਼ਰਧਾਲੂ ਜਾਣ ਲਈ ਆਏ ਸਨ। ਉਨ੍ਹਾਂ ਦਾ ਸੁਆਗਤ ਕਰਨ ਲਈ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸਰਕਾਰ ਦੇ ਨੁਮਾਇੰਦੇ ਹੱਥਾਂ ਵਿਚ ਫੁਲਾਂ ਦੇ ਗੁਲਦਸਤੇ ਫੜ ਕੇ ਵਾਹਗਾ ਬਾਰਡਰ 'ਤੇ ਖੜ੍ਹੇ ਉਡੀਕਦੇ ਰਹੇ। ਹਰ ਵਾਰ ਪਾਕਿਸਤਾਨ ਜਾਣ ਵਾਲੇ ਜਥੇ ਦੀ ਸੁਰੱਖਿਆ ਪਾਕਿਸਤਾਨ ਵਧੀਆ ਤਰੀਕੇ ਨਾਲ ਕਰਦਾ ਰਿਹਾ ਹੈ। ਸਿੱਖਾਂ ਨੂੰ ਲਗਦਾ ਹੈ ਕਿ ਉਨ੍ਹਾਂ ਨੂੰ ਕਿਸਾਨ ਮੋਰਚੇ ਦੀ ਸਜ਼ਾ ਇਸ ਰੂਪ ਵਿਚ ਦਿੱਤੀ ਗਈ ਹੈ। ਇਸ ਨਾਲ ਸਿੱਖ ਬੇਗਾਨਾ ਮਹਿਸੂਸ ਕਰ ਰਹੇ ਹਨ। ਸਿੱਖ ਕਮਿਊਨਿਟੀ ਕੌਂਸਲ ਅਮਰੀਕਾ ਦੇ ਸਰਪ੍ਰਸਤ ਬਲਦੇਵ ਸਿੰਘ ਹਰਿਆਣਾ ਅਤੇ ਮੁੱਖ ਬੁਲਾਰੇ ਗਿਆਨੀ ਰਣਜੀਤ ਸਿੰਘ ਸੰਗੋਜਲਾ ਨੇ ਇੱਕ ਸਾਂਝੇ ਬਿਆਨ ਰਾਹੀਂ ਜਥੇ ਨੂੰ ਰੋਕਣ ਵਾਲੀ ਕਾਰਵਾਈ ਨੂੰ ਸਿੱਖ ਸ਼ਰਧਾਲੂਆਂ ਦੇ ਮਨਾਂ 'ਤੇ ਸੱਟ ਮਾਰਨ ਵਾਲੀ ਕਾਰਵਾਈ ਕਰਾਰ ਦਿੱਤਾ ਹੈ। ਉਨ੍ਹਾਂ ਨੇ ਭਾਰਤ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਜਥੇ ਨੂੰ ਦੁਬਾਰਾ ਪ੍ਰਬੰਧ ਕਰਕੇ ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨਾਂ ਲਈ ਭੇਜਿਆ ਜਾਵੇ ਅਤੇ ਨਾਲ ਹੀ ਸ੍ਰੀ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹਿਆ ਜਾਵੇ ਜੋ ਲਗਭਗ ਇੱਕ ਸਾਲ ਤੋਂ ਬੰਦ ਹੈ।



# ਨਕਲੀ ਪਿਸਤੌਲ ਨਾਲ ਭਾਰਤੀ ਹਵਾਈ ਜਹਾਜ ਅਗਵਾ ਕੀਤੇ ਜਾਣ ਦੀ ਕਹਾਣੀ



ਜਨਵਰੀ ਦੀ ਇੱਕ ਹੱਡਚੀਰਦੀ ਠੰਢੀ ਸਵੇਰ ਹੈ ਤੇ ਪੂਰਾ ਸਹਿਰ ਬਰਫ ਨਾਲ ਢੱਕਿਆ ਹੋਇਆ ਹੈ। ਦੋ ਨੌਜਵਾਨ ਹੱਥ ਵਿੱਚ ਇੱਕ ਬ੍ਰੀਫਕੇਸ ਲਈ 26 ਹੋਰ ਯਾਤਰੀਆਂ ਦੇ ਨਾਲ ਇੱਕ ਛੋਟੇ ਫੋਕਰ ਜਹਾਜ ਵਿੱਚ ਸਵਾਰ ਹੁੰਦੇ ਹਨ। ਕੁਝ ਹੀ ਦੇਰ ਵਿੱਚ ਇਹ ਜਹਾਜ ਆਪਣੀ ਮੰਜਲਿ ਵੱਲ ਉਡਾਨ ਭਰਦਾ ਹੈ। ਜਹਾਜ ਵਿੱਚ ਨਾਲ-ਨਾਲ ਬੈਠੇ ਇਨ੍ਹਾਂ ਨੌਜਵਾਨਾਂ ਦੀ ਯਾਤਰਾ ਬੇਚੈਨੀ ਵਿੱਚ ਲੰਘ ਰਹੀ ਹੈ, ਪਰ ਇਸ ਚਿੰਤਾ ਦੇ ਬਾਵਜੂਦ ਉਹ ਇੱਕ ਦੂਸਰੇ ਨਾਲ ਗੱਲ ਕਰ ਰਹੇ ਹਨ। ਜਹਾਜ ਹੁਣ ਆਪਣੀ ਮੰਜਲ ਦੇ ਬਹੁਤ ਨੇੜੇ ਹੈ ਅਤੇ ਲੈਂਡਿੰਗ ਤੋਂ ਕੁਝ ਹੀ ਸਮਾਂ ਪਹਿਲਾਂ, ਏਅਰ ਹੌਸਟੈਸ ਨੇ ਸਾਰੇ ਯਾਤਰੀਆਂ ਨੂੰ ਆਪੋ-ਆਪਣੀਆਂ ਸੀਟ ਬੈਲਟਾਂ ਬੰਨ੍ਹਣ ਲਈ ਕਿਹਾ।

ਪਰ ਉਸੇ ਸਮੇਂ, ਉਨ੍ਹਾਂ ਵਿੱਚੋਂ ਇੱਕ ਨੌਜਵਾਨ ਦੌੜਦਾ ਹੋਇਆ ਕਾਕਪਿਟ (ਜਹਾਜ ਦੇ ਜਿਸ ਹਿੱਸੇ ਵਿੱਚ ਕਪਤਾਨ ਬੈਠਦੇ ਹਨ) ਵਿੱਚ ਵੜਕੇ ਕਪਤਾਨ ਦੇ ਸਿਰ 'ਤੇ ਪਿਸਤੌਲ ਰੱਖ ਦਿੰਦਾ ਹੈ ਅਤੇ ਉਸ ਜਹਾਜ ਨੂੰ ਕਿਸੇ ਹੋਰ ਦੇਸ ਵੱਲ ਮੋੜਨ ਲਈ ਕਹਿੰਦਾ ਹੈ।ਇਸੇ ਦਰਮਿਆਨ ਦੂਜਾ ਨੌਜਵਾਨ ਆਪਣੇ ਹੱਥ ਵਿੱਚ ਇੱਕ ਹੈਂਡ ਗ੍ਰੇਨੇਡ ਲੈ ਕੇ ਯਾਤਰੀਆਂ ਵੱਲ ਮੁੜਦਾ ਹੈ ਅਤੇ ਉਨ੍ਹਾਂ ਨੂੰ ਚੇਤਾਵਨੀ ਦਿੰਦਾ ਹੈ ਕਿ ਜੇ ਕਿਸੇ ਨੇ ਵੀ ਚਲਾਕੀ ਦਿਖਾਉਣ ਦੀ ਕੋਸਸਿ ਕੀਤੀ ਤਾਂ ਉਹ ਹੈਂਡ ਗ੍ਰੇਨੇਡ ਦਾ ਇਸਤੇਮਾਲ ਕਰਨ ਤੋਂ ਝਿਜਕੇਗਾ ਨਹੀਂ। ਇਹ ਦੋਵੇਂ ਨੌਜਵਾਨ ਇੱਕ ਖਿਡੌਣਾ ਪਿਸਤੌਲ ਅਤੇ ਲੱਕੜੀ ਦੀ ਬਣੀ ਇੱਕ ਹੈਂਡ ਗ੍ਰੇਨੇਡ ਦੀ ਮਦਦ ਨਾਲ ਜਹਾਜ ਨੂੰ ਹਾਈਜੈੱਕ ਕਰਨ ਵਿੱਚ ਕਾਮਯਾਬ ਹੋ ਗਏ ਅਤੇ ਉਸ ਜਹਾਜ ਨੂੰ ਜਬਰਨ ਗੁਆਂਢੀ ਦੇਸ ਵਿੱਚ ਲੈ ਗਏ, ਜਿਥੇ ਉਨ੍ਹਾਂ ਨੇ ਜੇਲ੍ਹ 'ਚ ਬੰਦ ਆਪਣੇ ਕੁਝ ਸਾਥੀਆਂ ਦੀ ਰਿਹਾਈ ਦੀ ਮੰਗ ਕੀਤੀ।

ਤੁਸੀਂ ਸੋਚ ਰਹੇ ਹੋਵੋਗੇ ਕਿ ਇਹ ਦ੍ਰਿਸ ਕਿਸੇ ਹਾਲੀਵੁੱਡ ਐਕਸਨ ਥ੍ਰਿਲਰ ਫਲਿਮ ਦਾ ਹੈ, ਪਰ ਅਜਿਹਾ ਨਹੀਂ ਹੈ। ਕਿਉਂਕਿ ਇਹ ਦ੍ਰਿਸ ਅੱਜ ਤੋਂ ਪੰਜਾਹ ਸਾਲ ਪਹਿਲਾਂ ਹੋਏ ਉਸ ਜਹਾਜ ਅਗਵਾਹ ਕਾਂਡ ਦਾ ਹੈ, ਜਿਸ ਬਾਰੇ ਕਈ ਸਵਾਲ ਅਤੇ ਅਸਪੱਸਟਤਾ ਕਈ ਦਹਾਕੇ ਬੀਤ ਜਾਣ ਦੇ ਬਾਅਦ, ਅੱਜ ਵੀ ਜਵਾਬ ਦੀ ਉਡੀਕ ਵਿੱਚ ਹੈ।

50 ਸਾਲ ਪਹਿਲਾ, 30 ਜਨਵਰੀ 1971 ਨੂੰ, ਦੋ ਕਸਮੀਰੀ ਨੌਜਵਾਨਾਂ, (ਜੰਮੂ ਕਸਮੀਰ ਡੈਮੋਕਰੇਟਿਕ ਲਿਬਰੇਸਨ ਪਾਰਟੀ ਦੇ ਪ੍ਰਧਾਨ ਮੁਹੰਮਦ ਹਾਸਮਿ ਕੁਰੈਸੀ ਅਤੇ ਉਨ੍ਹਾਂ ਦੇ ਦੂਰ ਦੇ ਰਿਸਤੇਦਾਰ ਅਸਰਫ ਕੁਰੈਸੀ) ਨੇ ਇੱਕ ਇੰਡੀਅਨ ਫ੍ਰੈਂਡਸਪਿ ਫੋਕਰ ਜਹਾਜ 'ਗੰਗਾ' ਨੂੰ ਸ੍ਰੀਨਗਰ ਹਵਾਈ ਹੱਡੇ ਤੋਂ ਜੰਮੂ ਜਾਂਦੇ ਹੋਏ ਅਗਵਾ ਕਰ ਲਿਆ ਸੀ। ਬਾਅਦ ਵਿੱਚ ਉਹ ਜਹਾਜ ਨੂੰ ਜਬਰਨ ਪਾਕਿਸਤਾਨ ਦੇ ਸਹਿਰ ਲਾਹੌਲ ਲੈ ਗਏ।

**ਜਹਾਜ ਹਾਈਜੈਕ ਦੀ ਯੋਜਨਾ ਕਦੋਂ ਅਤੇ ਕਿਸ ਨੇ ਬਣਾਈ ?**

1968 ਵਿੱਚ ਜੰਮੂ ਕਸਮੀਰ ਲਿਬਰੇਸਨ ਫਰੰਟ ਦੇ ਪ੍ਰਧਾਨ ਮਕਬੂਲ ਭੱਟ, ਕਸਮੀਰ ਦੀ ਆਜਾਦੀ ਲਈ ਚਲਾਏ ਜਾਣ ਵਾਲੇ ਹਥਿਆਰਬੰਦ ਸੰਘਰਸ ਵਿੱਚ ਮੋਹਰੀ ਸਖਸੀਅਤ ਸਨ। ਉਨ੍ਹਾਂ ਨੂੰ ਭਾਰਤੀ ਅਧਿਕਾਰੀ, ਅਮਰ ਚੰਦ ਦਾ ਕਤਲ ਕਰਨ ਦੇ ਮਾਮਲੇ ਵਿੱਚ ਮੌਤ ਦੀ ਸਜਾ ਸੁਣਾਈ ਗਈ, ਤਾਂ ਉਹ ਜੇਲ ਤੋੜਕੇ ਪਾਕਿਸਤਾਨ ਸਾਸਤ ਕਸਮੀਰ ਭੱਜ ਗਏ। ਇਸ ਘਟਨਾ ਦੇ ਕੁਝ ਸਮਾਂ ਬਾਅਦ, 16 ਸਾਲਾ ਨੌਜਵਾਨ ਹਾਸਮਿ ਕੁਰੈਸੀ ਵੀ ਆਪਣੇ ਇੱਕ ਨਜਦੀਕੀ ਰਿਸਤੇਦਾਰ ਨੂੰ ਮਿਲਣ ਪਾਕਿਸਤਾਨ ਆਏ ਸਨ।

ਪੇਸਾਵਰ ਵਿੱਚ ਰਹਿੰਦੇ ਹੋਏ ਹਾਸਮਿ ਕੁਰੈਸੀ ਦੀ ਮੁਲਾਕਾਤ ਮਕਬੂਲ ਭੱਟ ਨਾਲ ਹੋਈ। ਮਕਬੂਲ ਭੱਟ ਤੋਂ ਪ੍ਰੇਰਿਤ ਹੋ ਕੇ ਹਾਸਮਿ ਜੰਮੂ ਕਸਮੀਰ ਲਿਬਰੇਸਨ ਫਰੰਟ ਵਿੱਚ ਰਸਮੀਂ ਤੌਰ 'ਤੇ ਸਾਮਿਲ ਹੋ ਗਏ। ਇਸ ਸੰਗਠਨ ਦਾ ਮੰਤਵ ਕਸਮੀਰ ਨੂੰ ਪਾਕਿਸਤਾਨ ਅਤੇ ਭਾਰਤ ਦੋਵਾਂ ਤੋਂ ਆਜਾਦ ਕਰਵਾਉਣਾ ਸੀ।

ਇਹ ਨੌਜਵਾਨ ਪਾਰਟੀ ਦੇ ਸੁਨੇਹੇ ਨੂੰ ਫੈਲਾਉਣ ਲਈ ਭਾਰਤ ਸਾਸਤ ਕਸਮੀਰ ਦੇ ਸ੍ਰੀਨਗਰ ਇਲਾਕੇ ਵਿੱਚ ਵਾਪਸ ਆਇਆ। ਕੁਝ ਮਹੀਨਿਆਂ ਬਾਅਦ ਇਹ ਨੌਜਵਾਨ ਸਿਆਲਕੋਟ ਦੇ ਰਸਤੇ ਦੁਬਾਰਾ ਪਾਕਿਸਤਾਨ ਆਇਆ। ਪਰ ਇਸ ਵਾਰ ਪਾਕਿਸਤਾਨ ਦਾਖਲ ਹੋਣ ਲਈ ਉਸਨੇ ਜੋ ਤਰੀਕਾ ਅਪਣਾਇਆ ਉਹ ਗੈਰ ਕਾਨੂੰਨੀ ਸੀ। ਜਿਸ ਵਿੱਚ ਉਸਦੀ ਸਹਾਇਤਾ ਖੁਦ ਭਾਰਤੀ ਸੀਮਾ ਸੁਰੱਖਿਆ ਬਲ (ਬੀਐੱਸਐੱਫ) ਦੇ ਇੱਕ ਅਧਿਕਾਰੀ ਨੇ ਕੀਤੀ ਸੀ। ਉਹ ਅਧਿਕਾਰੀ ਕੁਰੈਸੀ ਨੂੰ ਲਾਲ ਚੌਕ ਸ੍ਰੀਨਗਰ ਵਿੱਚ ਮਿਲਿਆ ਸੀ ਅਤੇ ਬਾਰਡਰ ਪਾਰ ਕਰਵਾਉਣ ਬਦਲੇ ਮਕਬੂਲ ਭੱਟ ਬਾਰੇ ਜਾਣਕਾਰੀ ਹਾਸਿਲ ਕਰਨਾ ਚਾਹੁੰਦਾ ਸੀ। ਬੀਐੱਸਐੱਫ ਦੀ ਮਦਦ ਨਾਲ ਸੀਮਾ ਪਾਰ ਕਰਨ ਬਾਅਦ ਹਾਸਮਿ ਕੁਰੈਸੀ ਮਕਬੂਲ ਭੱਟ ਨੂੰ ਮਿਲੇ ਅਤੇ ਭਵਿੱਖ ਦੀ ਯੋਜਨਾ ਬਣਾਉਣ ਲੱਗੇ। 18 ਜੂਨ, 1969 ਨੂੰ ਮਕਬੂਲ ਭੱਟ, ਹਾਸਮਿ ਕੁਰੈਸੀ ਅਤੇ ਅਮਾਨਉੱਲਾ ਖਾਨ ਰਾਵਲਪਿੰਡੀ ਵਿੱਚ ਡਾਕਟਰ ਫਾਰੁਕ ਹੈਦਰ ਦੇ ਘਰ ਖਾਣੇ ਦੇ ਮੇਜ 'ਤੇ ਬੈਠੇ ਸਨ।ਅਚਾਨਕ ਰੇਡੀਓ 'ਤੇ ਖਬਰ ਆਈ ਕਿ ਏਰੇਟ੍ਰੀਆ ਦੀ ਆਜਾਦੀ ਲਈ ਲੜਨ ਵਾਲੇ ਤਿੰਨ ਨੌਜਵਾਨਾਂ ਨੇ ਇਥੋਪੀਆ ਦੇ ਇੱਕ ਯਾਤਰੀ ਜਹਾਜ 'ਤੇ ਹੈਂਡ ਗ੍ਰੇਨੇਡ ਅਤੇ ਟਾਈਮ ਬੰਬਾਂ ਨਾਲ ਹਮਲਾ ਕਰ ਦਿੱਤਾ ਹੈ। ਕਿਉਂਕਿ ਉਸ ਸਮੇਂ ਇਥੋਪੀਆ ਨੇ ਏਰੀਟ੍ਰੀਆ ਉੱਤੇ ਕਬਜਾ ਕੀਤਾ ਹੋਇਆ ਸੀ ਅਤੇ ਉਥੇ ਹਥਿਆਰਬੰਦ ਆਜਾਦੀ ਦੀ ਲਹਿਰ ਚੱਲ ਰਹੀ ਸੀ।

ਉਥੇ ਬੈਠੇ-ਬੈਠੇ ਮਕਬੂਲ ਭੱਟ ਦੇ ਦਿਮਾਗ ਵਿੱਚ ਵੀ ਵਿਚਾਰ ਆਇਆ ਕਿ ਉਨ੍ਹਾਂ ਨੂੰ ਵੀ ਆਜਾਦੀ ਦੀ ਆਵਾਜ ਪੂਰੀ ਦੁਨੀਆਂ ਵਿੱਚ ਪਹੁੰਚਾਉਣ ਲਈ, ਕੁਝ ਇਸ ਤਰ੍ਹਾ ਦੀ ਯੋਜਨਾ ਬਣਾਉਣੀ ਚਾਹੀਦੀ ਹੈ ਅਤੇ ਇੱਕ ਜਹਾਜ ਨੂੰ ਅਗਵਾ ਕਰਨਾ ਚਾਹੀਦਾ ਹੈ।ਸ੍ਰੀਨਗਰ ਵਿੱਚ ਮੌਜੂਦ ਹਾਸਮਿ ਕੁਰੈਸੀ ਨੇ ਇੱਕ ਵਿਸੇਸ ਇੰਟਰਵਿਊ ਵਿੱਚ ਬੀਬੀਸੀ ਨੂੰ ਦੱਸਿਆ ਕਿ ਕਿਉਂਕਿ ਉੱਥੇ ਮੌਜੂਦ ਚਾਰ ਲੋਕਾਂ ਵਿੱਚ ਸਭ ਤੋਂ ਘੱਟ ਉਮਰ ਅਤੇ ਸਭ ਤੋਂ ਜਵਾਨ ਉਹ (ਹਾਸਮਿ ਕੁਰੈਸੀ) ਹੀ ਸਨ। ਇਸ ਲਈ ਮਕਬੂਲ ਭੱਟ ਨੇ ਉਨ੍ਹਾਂ ਵੱਲ ਦੇਖਦੇ ਹੋਏ ਪੁੱਛਿਆ,ਕਿ "ਹਾਸਮਿ , ਕੀ ਤੂੰ ਅਜਿਹਾ ਕਰ ਲਵੇਂਗਾ ?" "ਕਿਉਂ ਨਹੀਂ, ਮੈਂ ਕਸਮੀਰ ਦੀ ਆਜਾਦੀ ਲਈ ਆਪਣੀ ਜਾਨ ਤੱਕ ਕੁਰਬਾਨ ਕਰ ਸਕਦਾ ਹਾਂ।" ਹਾਸਮਿ ਕੁਰੈਸੀ ਦੇ ਇਸ ਜਵਾਬ ਲਈ ਉਨ੍ਹਾਂ ਨੂੰ ਖੂਬ ਸਾਬਾਸੀ ਮਿਲੀ। ਇਸਦੇ ਬਾਅਦ ਜਹਾਜ ਅਗਵਾ ਕਰਨ ਦੀ ਯੋਜਨਾ ਬਣਨੀ ਸੁਰੂ ਹੋ ਗਈ।

ਹਾਸਿਮ ਕੁਰੈਸੀ ਉਸ ਸਮੇਂ ਮਹਿਜ 17 ਸਾਲ ਦੇ ਸਨ, ਜਦੋਂ ਕਿ ਅਸਰਫ ਕੁਰੈਸੀ 19 ਸਾਲ ਦੇ ਸਨ। 'ਗੰਗਾ' ਜਹਾਜ ਸੇਵਾ ਤੋਂ ਰਿਟਾਇਰ ਹੋ ਚੁੱਕਿਆ ਸੀ। ਪਰ ਅਗਵਾ ਦੀ ਇਸ ਵਾਰਦਾਤ ਤੋਂ ਕੁਝ ਹੀ ਹਫਤੇ ਪਹਿਲਾਂ, ਅਚਾਨਕ ਉਸ ਨੂੰ ਫਰਿ ਤੋਂ ਉਡਾਨ ਭਰਨ ਦੀ ਆਗਿਆ ਦੇ ਦਿੱਤੀ ਗਈ ਸੀ। ਇਸ ਜਹਾਜ ਅਗਵਾ ਕਾਂਡ ਦੇ ਪਿੱਛੇ ਕਈ ਸੰਭਵ ਕਾਰਨਾਂ ਅਤੇ ਭਵਿੱਖ 'ਤੇ ਇਸ ਦੇ ਪ੍ਰਭਾਵ ਦੇ ਵੇਰਵਿਆਂ ਨੂੰ ਜਾਣਨ ਤੋਂ ਪਹਿਲਾਂ, ਇਹ ਜਾਣਨਾ ਜਰੂਰੀ ਹੈ, ਕਿ ਇਹ ਹਾਈਜੈਕਿੰਗ ਦੀ ਯੋਜਨਾ ਕਦੋਂ ਅਤੇ ਕਿਸ ਤਰ੍ਹਾਂ ਬਣੀ ਸੀ।

**ਜਹਾਜ ਅਗਵਾ ਕਰਨ ਦੀ ਤਿਆਰੀ ?**

ਜਦੋਂ ਯੋਜਨਾ ਬਣ ਗਈ, ਤਾਂ ਹਾਸਮਿ ਕੁਰੈਸੀ ਨੂੰ ਜਹਾਜ ਅਗਵਾ ਕਰਨ ਲਈ ਸਿਖਲਾਈ ਦੇਣੀ ਸੀ। ਇਸ ਲਈ ਡਾ. ਫਾਰੁਕ ਹੈਦਰ ਦੇ ਜੀਜੇ ਜਾਵੇਦ ਮੰਟੋ, (ਜੋ ਇੱਕ ਸਾਬਕਾ ਪਾਇਲਟ ਸਨ) ਨੂੰ ਹਾਸਮਿ ਕੁਰੈਸੀ ਨੂੰ ਸਿਖਲਾਈ ਦੇਣ ਲਈ ਚੁਣਿਆ ਗਿਆ ਸੀ। ਜਾਵੇਦ ਮੰਟੋ ਫੋਕਰ ਜਹਾਜ ਬਾਰੇ ਸਾਰੀ ਜਾਣਕਾਰੀ ਦੇਣ ਲਈ ਹਾਸਮਿ ਕੁਰੈਸੀ ਨੂੰ ਰਾਵਲਪਿੰਡੀ ਦੇ ਚਕਲਾਲਾ ਹਵਾਈ ਅੱਡੇ 'ਤੇ ਲੈ ਜਾਂਦੇ ਰਹੇ। ਉਨ੍ਹਾਂ ਨੇ ਦੱਸਿਆ ਕਿ ਪਾਇਲਟ ਕਿੱਥੇ ਬੈਠਦਾ ਹੈ, ਕਾਕਪਿਟ ਵਿੱਚ ਪਾਇਲਟ ਨੂੰ ਕਾਬੂ ਕਿਸ ਤਰ੍ਹਾਂ ਕਰਨਾ ਹੈ ਅਤੇ ਜਹਾਜ ਵਿੱਚ ਬੈਠੇ ਯਾਤਰੀਆਂ ਨਾਲ ਕਿਸ ਤਰ੍ਹਾਂ ਦਾ ਵਿਵਹਾਰ ਕਰਨਾ ਹੈ। ਇਸ ਦੇ ਇਲਾਵਾ ਹਾਸਮਿ ਕੁਰੈਸੀ ਨੂੰ ਹੈਂਡ ਗ੍ਰੇਨੇਡ ਚਲਾਉਣ ਅਤੇ ਬੰਬ ਬਣਾਉਣ ਲਈ ਵੀ ਸਿਖਲਾਈ ਦਿੱਤੀ ਗਈ। ਸਿਖਲਾਈ ਪੂਰੀ ਕਰਨ ਦੇ ਬਾਅਦ, ਯੋਜਨਾ ਮੁਤਾਬਿਕ ਉਨ੍ਹਾਂ ਨੂੰ ਇੱਕ ਹੈਂਡ ਗ੍ਰੇਨੇਡ ਅਤੇ ਇੱਕ ਪਿਸਤੌਲ ਸਮੇਤ ਵਾਪਸ ਸ੍ਰੀਨਗਰ ਭੇਜਿਆ ਗਿਆ। ਹਾਸਮਿ ਕੁਰੈਸੀ ਨੇ ਸ੍ਰੀਨਗਰ ਵਾਪਸ ਆਉਣ ਲਈ ਸਿਆਲਕੋਟ ਸਰੱਹਦ ਨੂੰ ਚੁਣਿਆ, ਜਿਥੇ ਬੀਐੱਸਐੱਫ ਨੇ ਉਨ੍ਹਾਂ ਨੂੰ ਫੜ ਲਿਆ ਅਤੇ ਉਨ੍ਹਾਂ ਦੇ ਕਬਜੇ ਵਿੱਚੋਂ ਇੱਕ ਪਿਸਤੌਲ ਅਤੇ ਇੱਕ ਹੈਂਡ ਗ੍ਰੇਨੇਡ ਬਰਾਮਦ ਕਰ ਲਏ।ਆਪਣੀ ਗ੍ਰਿਫਤਾਰੀ ਦੌਰਾਨ ਹਾਸਮਿ ਕੁਰੈਸੀ ਨੇ ਪੁਲਿਸ ਨੂੰ ਮਕਬੂਲ ਭੱਟ ਦੀ ਯੋਜਨਾ ਬਾਰੇ ਜਾਣਕਾਰੀ ਦੇ ਦਿੱਤੀ, ਕਿ ਕਿਵੇਂ ਉਨ੍ਹਾਂ ਨੂੰ ਪਾਕਿਸਤਾਨ ਵਿੱਚ ਇੱਕ ਭਾਰਤੀ ਜਹਾਜ ਅਗਵਾ ਕਰਨ ਲਈ ਸਿਖਲਾਈ ਦਿੱਤੀ ਗਈ ਹੈ ਅਤੇ ਸ੍ਰੀਨਗਰ ਦੇ ਹੋਰ ਲੋਕ ਉਨ੍ਹਾਂ ਦਾ ਸਾਥ ਦੇਣਗੇ।ਹਾਸਮਿ ਕੁਰੈਸੀ ਮੁਤਾਬਿਕ, "ਅਸਲ 'ਚ ਸ੍ਰੀਨਗਰ ਵਾਪਸੀ ਸਮੇਂ, ਮਕਬੂਲ ਭੱਟ ਨੇ ਦੱਸਿਆ ਸੀ ਕਿ ਜੇ ਮੈਂ ਸਰਹੱਦ 'ਤੇ ਫੜਿਆ ਗਿਆ, ਤਾਂ ਆਪਣੇ ਮਿਸਨ ਬਾਰੇ ਉਨ੍ਹਾਂ ਨੂੰ ਦੱਸ ਦੇਵਾਂ ਅਤੇ ਕਹਾਂ ਕਿ ਮੇਰੇ ਨਾਲ ਦੋ ਹੋਰ ਲੋਕ ਵੀ ਸਾਮਿਲ ਹਨ,ਜੋ ਸ੍ਰੀਨਗਰ ਵਿੱਚ ਹਨ। ਇਸ ਤਰ੍ਹਾਂ ਬੀਐੱਸਐੱਫ ਵਾਲੇ ਮਾਰਨਗੇ ਨਹੀਂ, ਬਲਕਿ ਬਾਕੀ ਦੇ ਲੋਕਾਂ ਦੀ ਭਾਲ ਲਈ ਉਸ ਨਾਲ ਨਰਮੀ ਵਰਤਣਗੇ।"

ਹਾਸਿਮ ਕੁਰੈਸੀ ਦੱਸਦੇ ਹਨ ਕਿ ਠੀਕ ਇਹ ਹੀ ਹੋਇਆ ਅਤੇ ਬੀਐੱਸਐੱਫ ਨਾਲ ਕੰਮ ਕਰਨ ਲਈ ਸਹਿਮਤ ਹੋਣ ਦੇ ਬਾਅਦ, ਉਨ੍ਹਾਂ ਨੂੰ ਨਾ ਸਿਰਫ ਰਿਹਾਅ ਕੀਤਾ ਗਿਆ, ਬਲਕਿ ਇਹ ਵੀ ਦੱਸਿਆ ਗਿਆ ਕਿ ਉਨ੍ਹਾਂ ਨੂੰ ਬੀਐੱਸਐੱਫ ਵਿੱਚ ਸਬ-ਇੰਸਪੈਕਟਰ ਦੇ ਤੌਰ 'ਤੇ ਭਰਤੀ ਕਰ ਲਿਆ ਗਿਆ ਹੈ।ਉਨ੍ਹਾਂ ਨੇ ਕਿਹਾ ਕਿ ਯਕੀਨਨ ਇਹ (ਬੀਐੱਸਐੱਫ ਵਿੱਚ ਭਰਤੀ ਕਰਨਾ) ਸਭ ਫਰਜੀ ਸੀ। ਪਰ ਬੀਐੱਸਐੱਫ ਨੇ ਦੋ ਸੱਕੀ ਅਗਵਾਕਾਰਾਂ ਦੀ ਪਛਾਣ ਕਰਨ ਲਈ ਉਨ੍ਹਾਂ ਨੂੰ ਸ੍ਰੀਨਗਰ ਹਵਾਈ ਅੱਡੇ 'ਤੇ ਤਾਇਨਾਤ ਕਰ ਦਿੱਤਾ।ਉਹ (ਹਾਸਮਿ ਕੁਰੈਸੀ) ਉਥੇ ਲਗਾਤਾਰ ਜਾਂਦੇ ਰਹੇ ਅਤੇ ਜਹਾਜਾਂ ਵਿੱਚ ਸਵਾਰ ਹੋਣ ਬਾਰੇ ਰੇਕੀ ਕਰਦੇ ਰਹੇ, ਤਾਂ ਕਿ ਆਪਣੀ ਯੋਜਨਾ 'ਤੇ ਅਮਲ ਕਰ ਸਕਣ।ਦੂਸਰੇ ਪਾਸੇ, ਆਪਣੀ ਰਿਹਾਈ ਤੋਂ ਤੁਰੰਤ ਬਾਅਦ ਹਾਸਮਿ ਕੁਰੈਸੀ ਨੇ ਆਪਣੇ ਦੂਰ ਦੇ ਰਿਸਤੇਦਾਰ ਅਸਰਫ ਕੁਰੈਸੀ ਨੂੰ ਨਾ ਸਿਰਫ ਯੋਜਨਾ ਬਾਰੇ ਦੱਸਿਆ, ਬਲਕਿ ਉਨ੍ਹਾਂ ਨੂੰ ਰੋਜਾਨਾ ਵਰਜਿਸ ਦੇ ਬਹਾਨੇ ਕਿਲਾ ਹਰੀ ਪਰਬਤ 'ਤੇ ਜਹਾਜ ਅਗਵਾ ਕਰਨ ਦੀ ਸਿਖਲਾਈ ਵੀ ਦਿੰਦੇ ਰਹੇ।

ਹਾਲੇ ਇੱਕ ਹੋਰ ਸਮੱਸਿਆ ਸੀ। ਕਿਉਂਕਿ ਪਿਸਤੌਲ ਅਤੇ ਹੈਂਡ ਗ੍ਰੇਨੇਡ ਬੀਐੱਸਐੱਫ ਨੇ ਜਬਤ ਕਰ ਲਿਆ ਸੀ ਅਤੇ ਮਕਬੂਲ ਭੱਟ ਤੋਂ ਵੀ ਦੁਬਾਰਾ ਹਥਿਆਰ ਨਹੀਂ ਮਿਲ ਸਕਦੇ ਸਨ। ਇਸ ਲਈ ਹਾਸਮਿ ਕੁਰੈਸੀ ਨੇ ਹਥਿਆਰਾਂ ਦਾ ਪ੍ਰਬੰਧ ਬਾਰੇ ਇੱਕ ਹੋਰ ਯੋਜਨਾ ਤਿਆਰ ਕੀਤੀ।ਉਨ੍ਹਾਂ ਦਿਨਾਂ ਵਿੱਚ ਸ੍ਰੀਨਗਰ ਦੀਆਂ ਅਖਬਾਰਾਂ ਵਿੱਚ ਇੱਕ ਇਸਤਿਆਰ ਆਉਂਦਾ ਸੀ ਕਿ ਚੋਰਾਂ ਅਤੇ ਲੁਟੇਰਿਆਂ ਤੋਂ ਬਚਣ ਲਈ ਅਸਲੀ ਵਰਗੀਆਂ ਪਿਸਤੌਲਾਂ ਖਰੀਦੋ। ਹਾਸਮਿ ਕੁਰੈਸੀ ਦਾ ਕਹਿਣਾ ਹੈ, ਕਿ ਉਨ੍ਹਾਂ ਨੇ ਅਖਬਾਰੀ ਇਸਤਿਹਾਰ ਵਿੱਚ ਦਿੱਤੇ ਗਏ ਪਤੇ ਤੋਂ ਇੱਕ ਪਿਸਤੌਲ ਦਾ ਮੰਗਵਾ ਲਿਆ ਅਤੇ ਪਹੁੰਚਾਉਣ ਲਈ ਇੱਕ ਨੇੜਲੀ ਦੁਕਾਨ ਦਾ ਪਤਾ ਦੇ ਦਿੱਤਾ। ਦਸ ਜਾਂ ਬਾਰ੍ਹਾਂ ਦਿਨ੍ਹਾਂ ਬਾਅਦ ਨਕਲੀ ਪਿਸਤੌਲ ਮਿਲ ਗਈ, ਜੋ ਕਾਲੇ ਰੰਗ ਦਾ ਪੇਂਟ ਕਰਨ 'ਤੇ ਬਿਲਕੁਲ ਅਸਲੀ ਪਿਸਤੌਲ ਵਰਗੀ ਲੱਗਣ ਲੱਗੀ। ਹੁਣ ਹੈਂਡ ਗ੍ਰੇਨੇਡ ਦਾ ਕੀ ਕੀਤਾ ਜਾਵੇ ? ਇਸ ਲਈ, ਹਾਸਮਿ ਕੁਰੈਸੀ ਨੇ ਅਸਰਫ ਕੁਰੈਸੀ ਨੂੰ ਕਾਗਜ 'ਤੇ ਹੈਂਡ ਗ੍ਰੇਨੇਡ ਦੇ ਚਿੱਤਰ ਬਣਾ ਕੇ ਦਿਖਾਏ ਕਿ ਉਹ ਕਿਸ ਤਰ੍ਹਾਂ ਦੀ ਦਿਸਦੀ ਹੈ। ਇਸ 'ਤੇ ਅਸਰਫ ਕੁਰਾਸੀ ਨੇ ਕਿਹਾ ਇਹ ਲਕੜੀ ਦੀ 'ਬੀਅਰ ਮਗ' ਵਰਗੀ ਹੈ।ਅਸੀਂ ਇਸ ਨੂੰ ਖੁਦ ਬਣਾ ਲਵਾਂਗੇ। ਇਹ ਬਿਲਕੁਲ ਵੀ ਔਖਾ ਨਹੀਂ ਹੋਵੇਗਾ।

ਕੁਝ ਹੀ ਦਿਨਾਂ ਵਿੱਚ ਇੱਕ ਲਕੜੀ ਦਾ ਹੈਂਡ ਗ੍ਰੇਨੇਡ ਵੀ ਬਣ ਗਿਆ ਅਤੇ ਤਿੰਨ ਚਾਰ ਅਲੱਗ ਅਲੱਗ ਰੰਗਾਂ ਨੂੰ ਮਿਲਾਕੇ ਲੋਹੇ ਦਾ ਰੰਗ ਬਣਾਇਆ ਗਿਆ, ਜਿਸ ਨੂੰ ਉਸਦੇ ਉੱਪਰ ਲਗਾਇਆ ਗਿਆ, ਤਾਂ ਕਿ ਉਹ ਅਸਲੀ ਹੈਂਡ ਗ੍ਰੇਨੇਡ ਵਰਗਾ ਨਜਰ ਆਉਣ ਲੱਗਿਆ। ਉਨਾਂ ਦਿਨਾਂ ਵਿੱਚ ਤਤਕਾਲੀਨ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਬੇਟੇ ਰਾਜੀਵ ਗਾਂਧੀ ਇੱਕ ਪਾਇਲਟ ਵਜੋਂ ਸ੍ਰੀਨਗਰ ਆਉਂਦੇ ਰਹਿੰਦੇ ਸਨ ਅਤੇ ਕੁਝ ਖਬਰਾਂ ਸਨ ਕਿ ਰਾਜੀਵ ਗਾਂਧੀ ਪਾਇਲਟ ਦੇ ਤੌਰ 'ਤੇ 30 ਜਨਵਰੀ ਨੂੰ ਸ੍ਰੀਨਗਰ ਆ ਰਹੇ ਹਨ। ਹਾਸਮਿ ਕੁਰੈਸੀ ਮੁਤਾਬਿਕ, ਉਨ੍ਹਾਂ ਨੇ ਵੀ ਅਗਵਾ ਲਈ 30 ਜਨਵਰੀ ਦਾ ਹੀ ਦਿਨ ਚੁਣਿਆ ਤਾਂ ਕਿ ਉਸੇ ਜਹਾਜ ਨੂੰ ਅਗਵਾ ਕਰ ਸਕਣ ਜਿਸ ਦੇ ਪਾਇਲਟ ਰਾਜੀਵ ਗਾਂਧੀ ਹੋਣ। ਉਨ੍ਹਾਂ ਨੇ ਅੱਗੇ ਕਿਹਾ, ਕਿਉਂਕਿ ਬੀਐੱਸਐੱਫ ਉਨ੍ਹਾਂ 'ਤੇ ਸਖਤ ਨਿਗ੍ਹਾ ਰੱਖਦੀ ਸੀ, ਇਸ ਲਈ ਬੀਐੱਸਐੱਫ ਤੋਂ ਬਚ ਕੇ ਜਹਾਜ ਵਿੱਚ ਦਾਖਲ ਹੋਣ ਦਾ ਤਰੀਕਾ ਇਹ ਲੱਭਿਆ ਗਿਆ ਕਿ ਉਨ੍ਹਾਂ ਲਈ ਟਿਕਟ ਮੁਹੰਮਦ ਹੁਸੈਨ ਦੇ ਨਾਮ 'ਤੇ ਖਰੀਦਿਆ ਗਿਆ ਅਤੇ ਅਸਰਫ ਲਈ ਟਿਕਟ ਉਨ੍ਹਾਂ ਨੇ ਆਪ ਖਰੀਦਿਆ।

**ਜਹਾਜ ਅਗਵਾ**

30 ਜਨਵਰੀ, 1971 ਨੂੰ ਸਨਿੱਚਰਵਾਰ ਦਾ ਦਿਨ ਸੀ ਅਤੇ ਦੋਵੇਂ ਨੌਜਵਾਨ ਤਿਆਰ ਹੋ ਕੇ ਹਵਾਈ ਅੱਡੇ ਪਹੁੰਚੇ, ਪਰ ਉਨ੍ਹਾਂ ਨੂੰ ਇਹ ਜਾਣਕੇ ਨਿਰਾਸਾ ਹੋਈ ਕਿ ਰਾਜੀਵ ਗਾਂਧੀ ਕਿਸੇ ਕਾਰਨ ਕਰਕੇ ਨਹੀਂ ਆ ਸਕੇ, ਪਰ ਯੋਜਨਾ ਮੁਤਾਬਿਕ ਉਹ ਉਪਲੱਬਧ ਜਹਾਜ ਵਿੱਚ ਸਵਾਰ ਹੋ ਗਏ। ਅਸਰਫ ਕੋਲ ਇੱਕ ਬ੍ਰੀਫਕੇਸ ਸੀ ਜਿਸ 'ਚ ਨਕਲੀ ਹੈਂਡ ਗ੍ਰੇਨੇਡ ਅਤੇ ਪਿਸਤੌਲ ਸੀ ਅਤੇ ਉਹ ਅਸਾਨੀ ਨਾਲ ਇਸ ਸਾਮਾਨ ਦੇ ਨਾਲ ਜਹਾਜ ਵਿੱਚ ਚੜ੍ਹ ਗਿਆ। ਕਿਉਂਕਿ ਹਾਸਮਿ ਕੁਰੈਸੀ ਨੇ ਪਹਿਲਾਂ ਹੀ ਰੇਕੀ ਕਰ ਲਈ ਸੀ ਕਿ ਜਹਾਜ ਵਿੱਚ ਚੜ੍ਹਨ ਸਮੇਂ ਯਾਤਰੀਆਂ ਦੀ ਕੋਈ ਖਾਸ ਜਾਂਚ ਨਹੀਂ ਹੁੰਦੀ। ਜਹਾਜ ਨੇ ਸਵੇਰੇ ਕਰੀਬ 11.30 ਵਜੇ ਜੰਮੂ ਤੋਂ ਸ੍ਰੀਨਗਰ ਲਈ ਉਡਾਨ ਭਰੀ। ਕਿਉਂਕਿ ਉਨਾਂ ਦਿਨਾਂ ਵਿੱਚ ਸ੍ਰੀਨਗਰ ਅਤੇ ਜੰਮੂ ਦਰਮਿਆਨ ਅੱਧੇ ਜਾਂ ਪੌਣੇ ਘੰਟੇ ਦੀ ਉਡਾਨ ਸੀ। ਜਿਵੇਂ ਹੀ ਏਅਰਹੋਸਟੇਸ ਨੇ ਐਲਾਨ ਕੀਤਾ,ਕਿ ਯਾਤਰੀ ਆਪਣੀਆਂ ਸੀਟ ਬੈਲਟਾਂ ਬੰਨ੍ਹ ਲੈਣ, ਜਹਾਜ ਜਲਦ ਹੀ ਜੰਮੂ ਉਤਰਣ ਵਾਲਾ ਹੈ, ਤਾਂ ਹਾਸਮਿ ਕੁਰੈਸੀ ਆਪਣੀ ਸੀਟ ਤੋਂ ਉੱਠ ਕੇ ਤੇਜੀ ਨਾਲ ਕਾਕਪਿਟ ਵਿੱਚ ਚਲੇ ਗਏ।ਉਨ੍ਹਾਂ ਨੇ ਜਾ ਕੇ ਨਕਲੀ ਪਿਸਤੌਲ ਜਹਾਜ ਵਿੱਚ ਖੱਬੇ ਪਾਸੇ ਬੈਠੇ ਕਪਤਾਨ ਐੱਮਕੇ ਕਾਚਰੋ ਦੇ ਸਿਰ 'ਤੇ ਰੱਖ ਦਿੱਤੀ ਅਤੇ ਉਨ੍ਹਾਂ ਨੂੰ ਜਹਾਜ ਪਾਕਿਸਤਾਨ ਲੈ ਜਾਣ ਲਈ ਕਿਹਾ। ਕਪਤਾਨ ਉਬਰਾਏ ਸੱਜੇ ਪਾਸੇ ਬੈਠੇ ਸਨ ਅਤੇ ਉਹ ਬਿਲਕੁਲ ਵੀ ਨਹੀਂ ਦੇਖ ਸਕੇ ਕਿ ਪਿਸਤੌਲ ਅਸਲੀ ਹੈ ਜਾਂ ਨਕਲੀ। ਜਹਾਜ ਹੁਣ ਆਪਣੀ ਨਵੀਂ ਮੰਜਲ ਵੱਲ ਉੱਡ ਚੁੱਕਿਆ ਸੀ। ਹਾਸਮਿ ਦੱਸਦੇ ਹਨ ਕਿ ਜਿਵੇਂ ਹੀ ਮੈਂ ਕਾਕਪਿਟ ਵਿੱਚ ਦਾਖਲ ਹੋਇਆ, ਅਸਰਫ ਆਪਣੀ ਸੀਟ ਤੋਂ ਉੱਠੇ ਅਤੇ ਆਪਣੇ ਹੱਥ ਵਿੱਚ ਹੈਂਡ ਗ੍ਰੇਨੇਡ ਲਈ ਕਾਕਪਿਟ ਦੇ ਦਰਵਾਜੇ ਵੱਲ ਆ ਗਏ, ਜਿਥੇ ਅਸੀਂ ਦੋਵੇਂ ਇੱਕ ਦੂਜੇ ਵੱਲ ਪਿੱਠ ਕਰਕੇ ਖੜੇ ਸੀ। ਤਾਂਕਿ ਉਹ (ਹਾਸਮਿ ਕੁਰੈਸੀ) ਪਾਇਲਟ ਨੂੰ ਅਤੇ ਅਸਰਫ ਯਾਤਰੀਆਂ 'ਤੇ ਕਾਬੂ ਪਾ ਸਕਣ।

ਹਾਸਿਮ ਕੁਰੈਸੀ ਮੁਤਾਬਿਕ, ਅਸਰਫ ਨੇ ਆਪਣੇ ਹੱਥ ਵਿੱਚ ਹੈਂਡ ਗ੍ਰੇਨੇਡ ਫੜਿਆ ਅਤੇ ਸਾਰੇ ਯਾਤਰੀਆਂ ਨੂੰ ਕਿਹਾ ਕਿ ਆਪਣੇ ਹੱਥ ਉੱਪਰ ਕਰ ਲੈਣ, ਨਹੀਂ ਤਾਂ ਉਹ ਹੈਂਡ ਗ੍ਰੇਨੇਡ ਚਲਾ ਦੇਣਗੇ। ਜਹਾਜ ਵਿੱਚ ਭਾਰਤੀ ਸੈਨਾ ਦਾ ਇੱਕ ਪਾਇਲਟ ਵੀ ਸੀ, ਜਿਸ ਨੇ ਅਸਰਫ ਨੂੰ ਪੁੱਛਿਆ ਇਹ ਕਿਹੜਾ ਗ੍ਰਿਨੇਡ ਹੈ, ਜਿਸ 'ਤੇ ਅਸਰਫ ਨੇ ਜਵਾਬ ਦਿੱਤਾ ਕਿ ਹੁਣੇ ਚਲਾ ਕੇ ਦਿਖਾ ਦਿੰਦਾ ਹਾਂ, ਫਰਿ ਤੈਨੂੰ ਆਪਣੇ ਆਪ ਪਤਾ ਲੱਗ ਜਾਵੇਗਾ ਕਿ ਕਿਹੜਾ ਹੈਂਡ ਗ੍ਰੈਨੇਡ ਹੈ, ਇਸ ਨਾਲ ਉਹ ਵੀ ਡਰ ਗਿਆ ਅਤੇ ਫਰਿ ਕੋਈ ਗੱਲ ਨਾ ਕੀਤੀ। "ਮੈਂ ਜਹਾਜ ਨੂੰ ਜੇਹਲਮ ਦੇ ਉੱਪਰੋਂ ਰਾਵਲਪਿੰਡੀ ਲੈ ਜਾਣਾ ਚਾਹੁੰਦਾ ਸੀ, ਪਰ ਬਹੁਤ ਠੰਡੇ ਮੌਸਮ ਅਤੇ ਬਰਫਬਾਰੀ ਕਾਰਨ ਦਰਿਆ ਨੂੰ ਨਾ ਦੇਖ ਸਕਿਆ। ਮੈਂ ਪਾਇਲਟ ਨੂੰ ਕਿਹਾ ਜਹਾਜ ਨੂੰ ਰਾਵਲਪਿੰਡੀ ਲੈ ਜਾਵੇ, ਉਸ ਨੇ ਕਿਹਾ ਪੈਟਰੋਲ ਘੱਟ ਹੈ, ਅਸੀਂ ਇਸ ਨੂੰ ਲਾਹੌਰ ਤੱਕ ਲੈ ਜਾ ਸਕਦੇ ਹਾਂ, ਕਿਉਂਕਿ ਉਹ ਨਜਦੀਕ ਹੈ।" ਹਾਸਮਿ ਕੁਰੈਸੀ ਦੱਸਦੇ ਹਨ ਕਿ ਉਹ ਜਹਾਜ ਨੂੰ ਲਾਹੌਰ ਲੈ ਜਾਣ ਲਈ ਰਾਜੀ ਹੋ ਗਏ।



# ਗਗਨਦੀਪ ਧਾਲੀਵਾਲ ਦੀ ਪੁਸਤਕ "ਨਵੀਆਂ ਕਲਮਾਂ ਦੇ ਰੰਗ, ਗਗਨ ਦੇ ਸੰਗ"ਕੀਤੀ ਲੋਕ ਅਰਪਨ



ਬਰਨਾਲਾ (ਗਗਨਦੀਪ ਧਾਲੀਵਾਲ)-ਸਹੀਦ ਅੱਛਰਾ ਸਿੰਘ ਤੇ ਸਹੀਦ ਭੋਲਾ ਸਿੰਘ ਦੀ ਯਾਦ ਨੂੰ ਸਮਰਪਿਤ ਗਗਨਦੀਪ ਧਾਲੀਵਾਲ ਵੱਲੋਂ ਕੀਤੀ ਸੰਪਾਦਿਤ ਪੁਸਤਕ "ਨਵੀਆਂ ਕਲਮਾਂ ਦੇ ਰੰਗ,ਗਗਨ ਦੇ ਸੰਗ "ਸਰਕਾਰੀ ਪ੍ਰਾਇਮਰੀ ਸਕੂਲ ਝਲੂਰ ਵਿਖੇ ਲੋਕ ਅਰਪਨ ਕਰਦਿਆਂ ਇੱਕ ਸਾਹਿਤਕ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ।ਜਿਸ ਵਿੱਚ ਸਾਹਿਤਯ ਕਲਸ ਪਬਲੀਕੇਸਨ ਦੇ ਸੰਸਥਾਪਕ ਸ੍ਰੀ ਸਾਗਰ ਸੂਦ ਸੰਜੇ ਜੀ ਮੁੱਖ ਮਹਿਮਾਨ ਦੇ ਤੌਰ ਤੇ ਸਾਮਿਲ ਹੋਏ।ਹੋਰਨਾਂ ਤੋਂ ਇਲਾਵਾ ਸ੍ਰੀ ਸੰਜੇ ਦਰਦੀ ਅਤੇ ਸ੍ਰੀ ਬਲਜਿੰਦਰ ਸਰੋਏ ਨੇ ਵਿਸੇਸ ਸਮੂਲੀਅਤ ਕੀਤੀ।ਸਮੂਹ ਐਕਸ ਆਰਮੀ ਸਰਵਿਸਮੈਨ ਵੱਲੋਂ ਸਹੀਦਾਂ ਨੂੰ ਸਰਧਾਂਜਲੀ ਭੇਂਟ ਕੀਤੀ।ਇਸ ਪੁਸਤਕ ਵਿੱਚ ਸਾਮਿਲ ਸਾਹਿਤਕਾਰਾਂ ਵੱਲੋਂ ਅਮਨਦੀਪ ਕੌਰ ਜੋਗਾ,ਮਮਤਾ ਸੇਤੀਆ ਸੇਖਾ,ਅਮਨਦੀਪ ਕੌਰ ਸਿੱਧੂ,ਮਾਸਟਰ ਲਖਵਿੰਦਰ ਸਿੰਘ,ਅਮਰਪ੍ਰੀਤ ਕੌਰ ਦੇਹੜ,ਰਜਿੰਦਰ ਕੌਰ,ਸਿਮਰਨਜੀਤ ਕੌਰ ਸਿਮਰ ,ਮਨਦੀਪ ਰਿਪੀ,ਅੰਜਨਾ ਮੈਨਨ,ਪ੍ਰਿਆ ਗਰਗ ,ਹਰਜੀਤ ਸਿੰਘ ਕਾਤਿਲ ਆਦਿ ਨੇ ਆਪੋ ਆਪਣੀਆ ਰਚਨਾਵਾਂ ਪੇਸ ਕੀਤੀਆਂ ।ਇਸ ਪ੍ਰੋਗਰਾਮ ਵਿੱਚ ਸਹੀਦ ਅੱਛਰਾ ਸਿੰਘ ਤੇ ਸਹੀਦ ਭੋਲਾ ਸਿੰਘ ਜੀ ਦੇ ਪਰਿਵਾਰਿਕ ਮੈਂਬਰਾਂ ਤੇ ਸਾਹਿਤਕਾਰਾਂ ਨੂੰ ਸਨਮਾਨ ਚਿੰਨ੍ਹ ਦੇਕੇ ਸਨਮਾਨਿਤ ਕੀਤਾ ਗਿਆ।ਸੰਪਾਦਕ ਗਗਨਦੀਪ ਕੌਰ ਧਾਲੀਵਾਲ ਨੂੰ ਤੇ ਉਹਨਾਂ ਦੇ ਮਾਤਾ-ਪਿਤਾ ਨੂੰ ਵਿਸੇਸ ਤੌਰ ਤੇ ਸਨਮਾਨਿਤ ਕੀਤਾ ਗਿਆ।ਮੰਚ ਸੰਚਾਲਕ ਦੀ ਭੂਮਿਕਾ ਮਹਿੰਦਰ ਸਿੰਘ ਵੱਲੋਂ ਬਾਖੂਬੀ ਨਿਭਾਈ ਗਈ।ਇਸ ਮੌਕੇ ਤੇ ਕੈਪਟਨ ਹਜ਼ੂਰਾ ਸਿੰਘ,ਸੂਬੇਦਾਰ ਗੁਰਮੇਲ ਸਿੰਘ,ਨਾਇਬ ਸੂਬੇਦਾਰ ਰਾਜ ਸਿੰਘ ,ਹੌਲਦਾਰ ਹਰਨੇਕ ਸਿੰਘ ,ਹੌਲਦਾਰ ਬਲਵਿੰਦਰ ਸਿੰਘ ,ਹੌਲਦਾਰ ਕਰਨੈਲ ਸਿੰਘ ,ਰਾਮੇਸਵਰ ਦਾਸ ,ਪ੍ਰੇਮ ਸਿੰਘ ,ਲਵਿਸ,ਅਜਮੇਰ ਸਿੰਘ ,ਜਿਲਾ ਪ੍ਰੀਸਦ ਦੇ ਪ੍ਰਧਾਨ ਭੁਪਿੰਦਰ ਸਿੰਘ,ਸਮਾਜ ਸੇਵੀ ਪਰਗਟ ਸਿੰਘ ਲਾਡੀ,ਕੁਲਵੰਤ ਸਿੰਘ ਬਿੱਲੂ ,ਐਡਵੋਕੇਟ ਭੁਪਿੰਦਰ ਸਿੰਘ,ਹਰਜੀਤ ਸਿੱਖ ਕਾਤਿਲ,ਪਰਵੀਨ ਗਰਗ ,ਮਾਸਟਰ ਭੁਪਿੰਦਰ ਸਿੰਘ ,ਹਰਜੀਤ ਸਿੰਘ ਕਾਤਿਲ,ਮਾਸਟਰ ਕਰਮਜੀਤ ਸਿੰਘ,ਮਾਸਟਰ ਸਵਿ ਕੁਮਾਰ ,ਮਾਸਟਰ ਅਮਰਜੀਤ ਸਿੰਘ ਆਦਿ ਹਾਜਰਿ ਸਨ ।ਐਕਸ ਆਰਮੀ ਸਰਵਿਸਮੈਨ ਕਮੇਟੀ ਅਤੇ ਸਹੀਦ ਅੱਛਰਾ ਸਿੰਘ ਜੀ ਦੇ ਸਪੁੱਤਰ ਪ੍ਰੇਮ ਸਿੰਘ ਜੀ ਅਤੇ ਸਾਰੇ ਝਲੂਰ ਨਗਰ ਵੱਲੋਂ ਪ੍ਰੋਗਰਾਮ ਵਿੱਚ ਪਹੁੰਚੇ ਸਾਰੇ ਮਹਿਮਾਨਾਂ ਤੇ ਸਾਹਿਤਕਾਰਾਂ ਦਾ ਧੰਨਵਾਦ ਕੀਤਾ ਗਿਆ।

# ਅੰਤਰਰਾਸ਼ਟਰੀ ਇਨਕਲਾਬੀ ਮੰਚ ਦੇ ਜਪਾਨੀ ਸਮਰਥਕਾਂ ਵੱਲੋਂ ਦਿੱਲੀ ਲੋਕ ਸੰਘਰਸ਼ ਸਬੰਧੀ ਅਹਿਮ ਮੀਟਿੰਗ




ਜੋਸ਼ੋ ਸੀ (ਜਪਾਨ) - ਇਨਕਲਾਬੀ ਵਿਚਾਰਧਾਰਾ ਨੂੰ ਸਮਰਪਿਤ ਅੰਤਰਰਾਸਟਰੀ ਇਨਕਲਾਬੀ ਮੰਚ ਦੇ ਜਪਾਨੀ ਸਮਰਥਕਾਂ ਵੱਲੋਂ ਅੱਜ ਇੱਕ ਅਹਿਮ ਮੀਟਿੰਗ ਕੌਮਾਂਤਰੀ ਪ੍ਰਧਾਨ ਰੁਪਿੰਦਰ ਜੋਧਾਂ ਜਪਾਨ ਦੀ ਪ੍ਰਧਾਨਗੀ ਹੇਠ ਕੀਤੀ ਗਈ। ਜਿਸ ਵਿੱਚ ਸ. ਜੋਧਾਂ ਨੇ ਦਿੱਲੀ ਲੋਕ ਸੰਘਰਸ਼ ਦੇ ਬੀਤੇ ਤੇ ਮੌਜੂਦਾ ਸੂਰਤ-ਏ-ਹਾਲ 'ਤੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ ਅਤੇ ਸੰਯੁਕਤ ਮੋਰਚੇ ਦੀਆਂ ਭਵਿੱਖੀ ਯੋਜਨਾਵਾਂ 'ਤੇ ਚਾਨਣਾ ਪਾਇਆ। ਮੀਟਿੰਗ ਦੌਰਾਨ ਬੋਲਦਿਆਂ ਫਿਲਪੀਨ ਮੂਲ ਦੇ ਜਪਾਨੀ ਸਮਰਥਕ ਇੰਗ ਲਿਤੋ ਅਲੀਦ ਨੇ ਭਾਰਤੀ ਸਰਕਾਰ ਦੇ ਅੰਦੋਲਨਕਾਰੀਆਂ ਪ੍ਰਤੀ ਰਵੱਈਏ ਨੂੰ ਸ਼ਰਮਨਾਕ ਕਰਾਰ ਦਿੰਦਿਆਂ ਆਪਣੇ ਅਤੇ ਸਾਥੀਆਂ ਵੱਲੋਂ ਪੂਰਨ ਹਿਮਾਇਤ ਦੇਣ ਦਾ ਅਹਿਦ ਲਿਆ। ਜਿਕਰਯੋਗ ਹੈ ਕਿ ਅੰਤਰਰਾਸਟਰੀ ਇਨਕਲਾਬੀ ਮੰਚ ਵੱਲੋਂ ਲੋਕ ਨਾਇਕਾਂ ਨਾਲ਼ ਸਬੰਧਤ ਦਿਨਾਂ 'ਤੇ ਪੂਰੀ ਸ਼ਿੱਦਤ ਨਾਲ਼ ਇਨਕਲਾਬੀ ਸਮਾਗਮ ਕਰਵਾਉਣ ਦੇ ਨਾਲ਼ ਨਾਲ਼ ਲੋਕ ਸੰਘਰਸ਼ਾਂ ਨਾਲ਼ ਜੁੜੇ ਵਿਅਕਤੀਆਂ ਅਤੇ ਜਥੇਬੰਦੀਆਂ ਨੂੰ ਡਟਵੀਂ ਹਿਮਾਇਤ ਦਿੱਤੀ ਜਾਂਦੀ ਹੈ। ਇਸ ਮੌਕੇ ਭਾਰਤੀ, ਜਪਾਨੀ ਤੇ ਮੂਲ ਦੇ ਰੇਨਾਲਡ ਸੇਰਾਨੋ, ਕਲਾਉਡੀਉ ਓਰਟੇਗਾ, ਟੇਕਿਊਮੀ ਨਿਮੋਟੋ, ਜੈਸਿਕਾ ਨਿਮੋਟੋ, ਫਿਊਟਾਬਾ ਸੇਪਾਈ, ਜੀਨ ਓਰਟੇਗਾ, ਓਰੀਲਿਨ ਕੇਜੋਨ, ਡਾਟਸ ਕ੍ਰਿਸ਼ਚਨ, ਓਰਟੇਗਾ ਪ੍ਰਿਸ਼ੀਅਸ, ਨਿਮਟ ਮਿਗੂਮੀ, ਸੇਪਈ ਕੋਂਚੀ ਅਤੇ ਡੇਲੀ ਜੈਂਡੋਕ ਵਿਸ਼ੇਸ਼ ਤੌਰ ਤੇ ਹਾਜ਼ਰ ਹੋਏ।

# ਦਿੱਲੀ ਦੰਗਿਆਂ ਨੂੰ ਇਕ ਸਾਲ ਪੂਰਾ, ਪੀੜਤਾਂ ਨੂੰ ਦਿੱਲੀ ਸਰਕਾਰ ਨੇ ਦਿੱਤਾ 26 ਕਰੋੜ ਤੋਂ ਵੱਧ ਮੁਆਵਜ਼ਾ



ਨਵੀਂ ਦਿੱਲੀ : ਦਿੱਲੀ ਦੰਗਾ ਪੀੜਤਾਂ ਦੀ 'ਆਪ' ਸਰਕਾਰ ਨੇ ਤੇਜ਼ੀ ਨਾਲ ਮਦਦ ਕੀਤੀ ਹੈ। ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਅਗਵਾਈ 'ਚ ਸਰਕਾਰ ਨੇ ਰਿਕਾਰਡ ਸਮੇਂ ਅੰਦਰ ਸਾਰੇ ਦੰਗਾ ਪੀੜਤਾਂ ਤੱਕ ਮੁਆਵਜ਼ਾ ਪਹੁੰਚਾਉਣ ਦਾ ਕੰਮ ਕੀਤਾ ਹੈ। ਸਰਕਾਰ ਹੁਣ ਤੱਕ 2221 ਦੰਗਾ ਪੀੜਤਾਂ 'ਚ 26 ਕਰੋੜ ਰੁਪਏ ਤੋਂ ਵੱਧ ਦਾ ਮੁਆਵਜ਼ਾ ਵੰਡ ਚੁਕੀ ਹੈ। ਸਰਕਾਰ ਦਾ ਦਾਅਵਾ ਹੈ ਕਿ ਭਾਰਤ ਦੇ ਇਤਿਹਾਸ 'ਚ ਪਹਿਲੀ ਵਾਰ ਅਜਿਹਾ ਹੋਇਆ ਹੈ, ਜਦੋਂ ਕਿਸੇ ਸਰਕਾਰ ਨੇ ਦੰਗਾ ਪੀੜਤਾਂ ਨੂੰ ਇੰਨੀ ਤੇਜ਼ੀ ਨਾਲ ਮੁਆਵਜ਼ਾ ਵੰਡਿਆ ਹੈ, ਜਦੋਂ ਕਿ 1984 ਦੇ ਦੰਗਾ ਪੀੜਤ ਹਾਲੇ ਵੀ ਮਦਦ ਲਈ ਭਟਕ ਰਹੇ ਹਨ। ਦੱਸਣਯੋਗ ਹੈ ਕਿ ਪਿਛਲੇ ਸਾਲ ਫਰਵਰੀ ਦੇ ਅੰਤਿਮ ਹਫ਼ਤੇ ਦੰਗਾ ਭੜਕ ਗਿਆ ਸੀ। ਉਸ ਦੌਰਾਨ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੇ ਉੱਤਰ-ਪੂਰਬੀ ਦਿੱਲੀ ਦੇ ਹਿੰਸਾ ਪ੍ਰਭਾਵਿਤ ਇਲਾਕੇ ਮੌਜਪੁਰ ਅਤੇ ਜਾਫ਼ਰਾਬਾਦ ਸਮੇਤ ਹੋਰ ਖੇਤਰਾਂ 'ਚ ਜਾ ਕੇ ਹਾਲਾਤ ਦਾ ਜਾਇਜ਼ਾ ਲਿਆ ਸੀ ਅਤੇ ਪੀੜਤ ਪਰਿਵਾਰਾਂ ਨੂੰ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ ਸੀ। ਦੰਗਾ ਪ੍ਰਭਾਵਿਤ ਇਲਾਕਿਆਂ ਦੇ ਲੋਕ ਡਰ ਦੇ ਮਾਰੇ ਆਪਣਾ ਘਰ ਛੱਡ ਸੁਰੱਖਿਅਤ ਥਾਂ ਚੱਲੇ ਗਏ ਸਨ, ਜਦੋਂ ਕਿ ਕੁਝ ਲੋਕ ਬੇਘਰ ਵੀ ਹੋ ਗਏ ਸਨ। ਮੁੱਖ ਮੰਤਰੀ ਨੇ ਘਰ ਛੱਡ ਕੇ ਗਏ ਲੋਕਾਂ ਨੂੰ ਆਪਣੇ ਘਰ ਵਾਪਸ ਆਉਣ ਦੀ ਅਪੀਲ ਕੀਤੀ ਸੀ। ਇਸ ਦੇ ਕੁਝ ਦਿਨਾਂ ਬਾਅਦ ਹੀ ਲੋਕ ਆਪਣੇ ਘਰ ਵਾਪਸ ਆਏ ਸਨ। ਦਿੱਲੀ ਸਰਕਾਰ ਨੇ ਦੰਗੇ 'ਚ 44 ਮ੍ਰਿਤਕਾਂ ਦੇ ਪਰਿਵਾਰਾਂ 'ਚ 4 ਕਰੋੜ 25 ਲੱਖ ਰੁਪਏ ਮੁਆਵਜ਼ਾ ਵੰਡਿਆ ਹੈ। ਇਸੇ ਤਰ੍ਹਾਂ 233 ਜ਼ਖਮੀਆਂ ਨੂੰ ਇਕ ਕਰੋੜ 75 ਲੱਖ 40 ਹਜ਼ਾਰ ਰੁਪਏ ਮੁਆਵਜ਼ਾ ਦਿੱਤਾ ਗਿਆ ਹੈ। 731 ਰਿਹਾਇਸ਼ੀ ਮਕਾਨ ਨੁਕਸਾਨੇ ਜਾਣ 'ਤੇ 8 ਕਰੋੜ 51 ਲੱਖ 27 ਹਜ਼ਾਰ 499 ਰੁਪਏ ਮੁਆਵਜ਼ਾ ਦਿੱਤਾ ਗਿਆ ਹੈ। ਉੱਥੇ ਹੀ 1176 ਵਪਾਰਕ ਦੁਕਾਨਾਂ ਦੇ ਨੁਕਸਾਨ ਦੀ ਭਰਪਾਈ ਲਈ 11 ਕਰੋੜ 28 ਲੱਖ 18 ਹਜ਼ਾਰ 42 ਰੁਪਏ ਮੁਆਵਜ਼ਾ ਦਿੱਤਾ ਗਿਆ। ਪਸ਼ੂ, ਈ-ਰਿਕਸ਼ਾ ਅਤੇ ਆਟੋ ਆਦਿ ਦੇ ਨੁਕਸਾਨ 'ਤੇ 12 ਲੋਕਾਂ ਨੂੰ 4 ਲੱਖ 42 ਹਜ਼ਾਰ 875 ਰੁਪਏ ਮੁਆਵਜ਼ਾ ਦਿੱਤਾ ਗਿਆ ਹੈ। ਇਸ ਦੌਰਾਨ 22 ਝੁੱਗੀਆਂ ਨੁਕਸਾਨੀਆਂ ਗਈਆਂ ਸਨ, ਉਨ੍ਹਾਂ ਪੀੜਤਾਂ 'ਚ 5 ਲੱਖ 50 ਹਜ਼ਾਰ ਰੁਪਏ ਵੰਡੇ ਗਏ, ਜਦੋਂ ਕਿ ਦੰਗੇ ਦੀ ਲਪੇਟ 'ਚ 3 ਸਕੂਲ ਵੀ ਆਏ ਸਨ ਅਤੇ ਉਸ ਲਈ ਦਿੱਲੀ ਸਰਕਾਰ ਨੇ 20 ਲੱਖ ਰੁਪਏ ਮੁਆਵਜ਼ਾ ਦਿੱਤਾ ਸੀ। ਇਸ ਤਰ੍ਹਾਂ, ਦਿੱਲੀ ਸਰਕਾਰ ਨੇ 2221 ਦੰਗਾ ਪੀੜਤ ਲੋਕਾਂ 'ਚ 26 ਕਰੋੜ 9 ਲੱਖ 78 ਹਜ਼ਾਰ 416 ਰੁਪਏ ਮੁਆਵਜ਼ਾ ਵੰਡ ਚੁਕੀ ਹੈ। ਜਦੋਂ ਕਿ ਪਿਛਲੇ ਸਾਲ ਦਿੱਲੀ ਦੰਗੇ 'ਚ ਆਪਣਾ ਸਭ ਕੁਝ ਗਵਾ ਚੁਕੇ ਲੋਕਾਂ ਨੂੰ ਦਿੱਲੀ ਸਰਕਾਰ ਨੇ ਤੁਰੰਤ ਪ੍ਰਭਾਵ ਤੋਂ ਰਾਹਤ ਪਹੁੰਚਾਉਣ ਦੇ ਮਕਸਦ ਨਾਲ 25-25 ਹਜ਼ਾਰ ਰੁਪਏ ਦੀ ਆਰਥਿਕ ਮਦਦ ਵੀ ਦਿੱਤੀ ਸੀ।

# ਮਿਆਂਮਾਰ 'ਚ ਜੁੰਟਾ ਦੀ ਧਮਕੀ ਦੇ ਬਾਵਜੂਦ ਸੜਕਾਂ 'ਤੇ ਉਤਰੇ ਲੋਕ

ਯਾਂਗੂਨ : ਮਿਆਂਮਾਰ ਵਿਚ ਪ੍ਰਦਰਸ਼ਨਕਾਰੀਆਂ ਦੀ ਹੜਤਾਲ ਦੀ ਅਪੀਲ ਖ਼ਿਲਾਫ਼ ਜੁੰਟਾ ਦੀ ਕਾਰਵਾਈ ਦੀ ਧਮਕੀ ਦੇ ਬਾਵਜੂਦ ਹਜ਼ਾਰਾਂ ਲੋਕ ਯਾਂਗੂਨ ਵਿਚ ਅਮਰੀਕੀ ਦੂਤਾਵਾਸ ਨੇੜੇ ਇਕੱਠੇ ਹੋ ਗਏ। ਇੱਥੇ ਦੱਸ ਦਈਏ ਕਿ ਜੁੰਟਾ ਮਤਲਬ ਤਾਕਤ ਦੀ ਵਰਤੋਂ ਕਰਕੇ ਦੇਸ਼ 'ਤੇ ਸ਼ਾਸਨ ਕਰਨ ਵਾਲੇ ਲੋਕਾਂ (ਖ਼ਾਸਕਰ ਫ਼ੌਜੀ ਅਧਿਕਾਰੀਆਂ) ਦਾ ਸਮੂਹ ਹੁੰਦਾ ਹੈ। ਦੇਸ਼ ਦੇ ਕਈ ਹਿੱਸਿਆਂ ਵਿਚ ਬੰਦ ਦਾ ਅਸਰ ਦਿਸਿਆ। ਮਿਆਂਮਾਰ ਵਿਚ ਸੈਨਾ ਨੇ 1 ਫਰਵਰੀ ਨੂੰ ਤਖਤਾਪਲਟ ਕਰਦੇ ਹੋਏ ਆਂਗ ਸਾਨ ਸੂਈ ਸਮੇਤ ਕਈ ਪ੍ਰਮੁੱਖ ਨੇਤਾਵਾਂ ਨੂੰ ਹਿਰਾਸਤ ਵਿਚ ਲੈ ਲਿਆ ਸੀ। ਤਖਤਾਪਲਟ ਦੇ ਖ਼ਿਲਾਫ਼ ਕਈ ਸ਼ਹਿਰਾਂ ਵਿਚ ਲੋਕ ਵਿਭਿੰਨ ਪਾਬੰਦੀਆਂ ਦੇ ਬਾਵਜੂਦ ਪ੍ਰਦਰਸ਼ਨ ਕਰ ਰਹੇ ਹਨ। ਕਈ ਸੜਕਾਂ ਦੇ ਬੰਦ ਹੋਣ ਦੇ ਬਾਵਜੂਦ 1000 ਤੋਂ ਵੱਧ ਪ੍ਰਦਰਸ਼ਨਕਾਰੀ ਯਾਂਗੂਨ ਵਿਚ ਅਮਰੀਕੀ ਦੂਤਾਵਾਸ ਦੇ ਨੇੜੇ ਇਕੱਠੇ ਹੋਏ ਪਰ ਸੈਨਾ ਦੇ 20 ਟਰੱਕ ਅਤੇ ਦੰਗਾ ਵਿਰੋਧੀ ਪੁਲਸ ਦੇ ਉੱਥੇ ਪਹੁੰਚਣ ਦੇ ਬਾਅਦ ਹੀ ਉਹ ਕਿਸੇ ਵੀ ਤਰ੍ਹਾਂ ਦੇ ਟਕਰਾਅ ਤੋਂ ਬਚਣ ਲਈ ਉੱਥੋਂ ਚਲੇ ਗਏ। ਸੁਲੇ ਪਗੋਡਾ ਸਮੇਤ ਸ਼ਹਿਰ ਦੇ ਹੋਰ ਹਿੱਸਿਆਂ ਵਿਚ ਵੀ ਪ੍ਰਦਰਸ਼ਨ ਜਾਰੀ ਰਹੇ। ਰਾਸ਼ਟਰ ਪੱਧਰੀ ਹੜਤਾਲ ਦੇ ਮੱਦੇਨਜ਼ਰ ਸੋਮਵਾਰ ਨੂੰ ਦੇਸ਼ ਭਰ ਵਿਚ ਕਾਰਖਾਨੇ, ਦਫਤਰ ਅਤੇ ਦੁਕਾਨਾਂ ਬੰਦ ਰਹੀਆਂ। ਨੇਪੀਤਾ ਵਿਚ ਵੀ ਬੰਦ ਦਾ ਅਸਰ ਦਿਸਿਆ। ਇਹਨਾਂ ਪ੍ਰਦਰਸ਼ਨਾਂ



ਦੀ ਅਗਵਾਈ ਕਰਨ ਵਾਲੇ ਸਿਵਲ ਨਾਫ਼ਰਮਾਨੀ ਲਹਿਰ ਨੇ ਲੋਕਾਂ ਨੂੰ ਸੋਮਵਾਰ ਨੂੰ ਹੜਤਾਲ ਕਰਨ ਦੀ ਅਪੀਲ ਕੀਤੀ ਸੀ। ਉੱਥੇ ਸਰਕਾਰੀ ਪ੍ਰਸਾਰਕ ਐੱਮ.ਆਰ.ਟੀਵੀ 'ਤੇ ਜੁੰਟਾ ਨੇ ਐਤਵਾਰ ਦੇਰ ਰਾਤ ਹੜਤਾਲ ਖ਼ਿਲਾਫ਼ ਕਾਰਵਾਈ ਕਰਨ ਦੀ ਅਧਿਕਾਰਤ ਘੋਸ਼ਣਾ ਕੀਤੀ। ਸਟੇਟ ਪ੍ਰਬੰਧਨ ਕੌਂਸਲ ਨੇ ਕਿਹਾ ਸੀ ਕਿ ਅਜਿਹਾ ਪਾਇਆ ਗਿਆ ਹੈ ਕਿ ਪ੍ਰਦਰਸ਼ਨਕਾਰੀਆਂ ਨੇ 22 ਫਰਵਰੀ ਨੂੰ ਦੰਗਾ ਕਰਨ ਅਤੇ ਅਰਾਜਕਤਾ ਫੈਲਾਉਣ ਲਈ ਭੀੜ ਨੂੰ ਉਕਸਾਇਆ।

# ਅਮਰੀਕਾ ਦੇ ਹਵਾਬਾਜ਼ੀ ਮੰਤਰਾਲੇ ਵੱਲੋਂ ਡੈਨਵਰ ਜਹਾਜ਼ ਘਟਨਾ ਦੇ ਐਮਰਜੈਂਸੀ ਜਾਂਚ ਦੇ ਆਦੇਸ਼

ਸਿਆਟਲ : ਅਮਰੀਕਾ ਦੇ ਹਵਾਬਾਜ਼ੀ ਵਿਭਾਗ ਨੇ ਲੰਘੇ ਦਿਨ ਡੈਨਵਰ 'ਚ ਯੂਨਾਈਟਿਡ ਏਅਰਲਾਈਨਜ਼ ਦੇ ਯਾਤਰੀ ਜਹਾਜ਼ 777 ਦੇ ਉੱਪਰ ਹਵਾ 'ਚ ਇੰਜਨ ਦੇ ਪੱਖੇ ਨੂੰ ਲੱਗੀ ਭਿਆਨਕ ਅੱਗ ਵਾਲੀ ਘਟਨਾ ਦੀ ਐਮਰਜੈਂਸੀ ਜਾਂਚ ਦੇ ਆਦੇਸ਼ ਜਾਰੀ ਕੀਤੇ ਹਨ। ਫੈਡਰਲ ਹਵਾਬਾਜ਼ੀ ਪ੍ਰਸ਼ਾਸਨ ਦੇ ਅਧਿਕਾਰੀਆਂ ਨੇ ਕਿਹਾ ਪੱਖੇ ਤੇ ਬਲੇਡ ਦੀ ਪੜਤਾਲ ਤੋਂ ਬਾਅਦ ਇਸ ਦੇ ਜਾਂਚ ਦੇ ਆਦੇਸ਼ ਦਿੱਤੇ ਗਏ ਹਨ। ਜਾਪਾਨ ਦੀ ਸਿਵਲ ਏਵੀਏਸ਼ਨ ਬਿਊਰੋ ਇਸ ਘਟਨਾ 'ਚ ਸ਼ਾਮਿਲ ਬੋਇੰਗ ਕੰਪਨੀ ਦਾ 777 ਨੂੰ ਆਪਰੇਸ਼ਨ ਰੋਕਣ ਦੇ ਆਦੇਸ਼ ਦਿੱਤੇ ਹਨ। ਇਸੇ ਦੌਰਾਨ ਜਾਪਾਨ ਦੇ ਟਰਾਂਸਪੋਰਟ ਮੰਤਰਾਲੇ ਨੇ ਅੱਜ ਏ. ਐਨ. ਏ. ਹੋਲਡਿੰਗਜ਼ ਅਤੇ ਜਾਪਾਨ ਏਅਰਲਾਈਨਜ਼ ਨੂੰ ਬੋਇੰਗ ਕੰਪਨੀ ਦੇ 777 ਜਹਾਜ਼ਾਂ ਨੂੰ ਗਰਾਊਂਡ ਕਰਨ ਦੇ ਆਦੇਸ਼ ਦੇ ਦਿੱਤੇ ਹਨ। ਉਨ੍ਹਾਂ ਕਿਹਾ ਕਿ ਜਹਾਜ਼ਾਂ ਦੀ ਦੁਬਾਰਾ ਮੁਕੰਮਲ ਜਾਂਚ ਤੋਂ ਬਾਅਦ ਹੀ ਇਹ ਉਡਾਣ ਭਰ ਸਕਣਗੇ। ਇਸੇ ਦੌਰਾਨ ਡੈਨਵਰ ਦੀ ਘਟਨਾ ਤੋਂ ਬਾਅਦ ਯੂਨਾਈਟਿਡ ਏਅਰਲਾਈਨਜ਼ ਨੇ ਅੱਜ ਕਿਹਾ ਕਿ ਉਹ ਆਪਣੇ ਸਾਰੇ ਬੋਇੰਗ 777 ਜਹਾਜ਼ਾਂ ਨੂੰ ਅਸਥਾਈ ਤੌਰ 'ਤੇ ਰੋਕ ਰਿਹਾ ਹੈ ਅਤੇ ਇਸ ਦੀ ਮੁਕੰਮਲ ਜਾਂਚ ਪੜਤਾਲ ਤੋਂ ਬਾਅਦ ਹੀ ਇਹ ਦੁਬਾਰਾ ਉਡਾਣ ਭਰਨਗੇ। ਯੂਨਾਈਟਿਡ ਦੇ ਅਧਿਕਾਰੀਆਂ ਨੇ ਕਿਹਾ ਕਿ ਇਨ੍ਹਾਂ ਸਾਰੇ ਜਹਾਜ਼ਾਂ ਨੂੰ ਸਾਡੇ ਸਖ਼ਤ ਸੁਰੱਖਿਆ ਮਾਪਦੰਡਾਂ 'ਚੋਂ ਦੁਬਾਰਾ ਪਾਸ ਹੋਣਾ ਪਵੇਗਾ। ਉਸ ਤੋਂ ਬਾਅਦ ਹੀ ਇਹ ਦੁਬਾਰਾ ਸੇਵਾ ਵਿਚ ਵਾਪਸ ਆ ਸਕਦੇ ਹਨ।



# ਮਿੱਠਾ ਬੋਲਣਾ



ਧੰਨ ਗੁਰੂ ਨਾਨਕ ਦੇਵ ਜੀ ਜਿਨ੍ਹਾਂ ਨੇ ਕਲਯੁੱਗੀ ਜੀਵਾਂ ਦੇ ਉਧਾਰ ਦੇ ਲਈ ਜੋ ਕੁਝ ਕਿਹਾ ਉਹ ਆਪਣੀ ਕਰਨੀ ਵਿਚ ਵਿਆਖਿਆ ਤੇ ਫਿਰ ਇਸ ਮਿਸ਼ਨ ਨੂੰ ਦਸ ਜਾਮਿਆਂ ਵਿਚ ਤਾਈਦ, ਮਜ਼ੀਦ ਅਥਵਾ ਪ੍ਰੋੜਤਾ ਕਰਕੇ ਅਮਲ ਜੀਵਨ ਸਿਖਾਇਆ।

ਆਪਣੇ ਪਰਿਵਾਰ ਦੇ ਜੀਵਨ ਦੇ ਮੋਹ ਦੀ ਪ੍ਰਵਾਹ ਨਾ ਕਰਦੇ ਹੋਏ ਮੁਤਵਾਤਿਰ 30 ਸਾਲ ਪੈਦਾ ਦੇਸ਼ ਪ੍ਰਦੇਸ਼ ਫਿਰੇ ਤੇ ਭੁਲੀ ਲੁਕਾਈ ਨੂੰ ਸਿੱਧੇ ਮਾਰਗ ਪਾਇਆ। ਸਭ ਤੋਂ ਵੱਡਾ ਪਰਉਪਕਾਰ ਇਹ ਕੀਤਾ ਜਿਸ ਦੇਸ਼ ਵਿਚ ਗਏ, ਉਥੇ ਕੋਈ ਰੱਬ ਪਿਆਰਾ ਮਿਲਿਆ ਓਵੁਸ ਨਾਲ ਕਰਤੇ ਦੀਆਂ ਗੱਲਾਂ ਕੀਤੀਆਂ ਤੇ ਜੇ ਕਿਸੇ ਪੂਰਨ ਮਹਾਂ ਪੁਰਸ਼ ਦੀ ਬਾਣੀ ਮਿਲ ਗਈ ਉਹ ਲਿਖ ਕੇ ਕੋਲ ਰੱਖ ਲਈ। ਭਾਵੇਂ ਉਹ ਕਿਸੇ ਵੀ ਮਤਿ ਜਾਂ ਧਰਮ ਨੂੰ ਮੰਨਦਾ ਸੀ। ਪੂਰਨ ਭਗਤਾਂ ਦੀ ਇਕੱਠੀ ਕੀਤੀ ਬਾਣੀ ਤੇ ਆਪਣੀ ਬਾਣੀ ਸੰਚੀਆਂ ਦੇ ਰੂਪ ਵਿਚ ਦੂਜੇ ਗੁਰੂ ਜੀ ਨੂੰ ਦੇ ਕੇ ਗਏ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਪੰਜਾਂ ਗੁਰੂਆਂ ਦੀ ਤੇ ਭਗਤਾਂ ਦੀ ਬਾਣੀਆਂ ਨੂੰ ਇੱਕ ਗ੍ਰੰਥ ਵਿਚ ਦਰਜ ਕੇ ਸਦੀਵੀਂ ਲਈ ਇੱਕ ਸਾਂਝਾ ਗ੍ਰੰਥ ਬਣਾਇਆ ਤੇ ਲੋਕਾਂ ਨੂੰ ਲੁਟੇਰੇ ਤੇ ਪਾਖੰਡੀ ਸਾਧੂਆਂ ਤੋਂ ਬਚਾਇਆ। ਇਸ ਤੋਂ ਉਪਰੰਤ ਪ੍ਰਮਾਤਮਾ ਦੀ ਪ੍ਰਾਪਤੀ ਲਈ ਦੱਸੇ ਪੁਰਾਣੇ ਤੇ ਕਠਿਨ ਮਾਰਗਾਂ ਤੋਂ ਨਿਜ਼ਾਦ ਦਿਲਵਾਈ। ਇੱਕ ਤਾਂ ਪੁਰਾਣੇ ਪੁਸਤਕਾਂ ਦੀ ਬੋਲੀ ਸੰਸਕ੍ਰਿਤ ਸਮਝਣੀ ਔਖੀ ਸੀ। ਦੂਜਾ ਹੁਣ ਸਾਲਾਂ ਬੱਧੀ ਜਪ, ਤਪ, ਤਿਆਗ ਸੰਨਿਆਸ, ਦਾਨ ਤੇ ਪੁੰਨ ਵਰਤ, ਰੋਜ਼ੇ ਨਿਮਾਜ਼, ਜਕਾਤਾਂ ਤੇ ਸਲਵਾਤਾਂ ਵੀ ਇਸ ਕਲਯੁੱਗੀ ਜੀਵ ਦੀ ਥੋੜੀ ਅਵਸਥਾ ਵਿਚ ਕਰਨਾ ਔਖਾ ਹੈ। ਕਲਯੁੱਗ ਵਿਚ ਸਾਫ ਸੁਥਰੇ ਤੇ ਸਿੱਧੇ ਮਾਰਗ ਦੀ ਲੋੜ ਸੀ ਜਿਸ ਵਿਚ ਔਖੀਆਂ ਔਖੀਆਂ ਘਾਲਣਾ ਨਾ ਹੋਣ। ਹਿੰਗ ਲਗੇ ਨਾ ਫਟਕੜੀ ਰੰਗ ਚੌਖਾ ਆਵੇ। ਇਸ ਵਾਸਤੇ ਕਲਯੁੱਗੀ ਜੀਵਾਂ ਨੂੰ ਇੱਕ ਮਾਰਗ ਮਿੱਠਾ ਬੋਲਣਾ ਦੱਸਿਆ। ਆਓ ਇਸ ਤੇ ਕੁਝ ਵਿਚਾਰ ਕਰੀਏ ਤੇ ਇਸ ਨੂੰ ਆਪਣਾ ਕੇ ਸੁਖਾਲੇ ਹੀ ਪ੍ਰਭੂ ਨੂੰ ਪ੍ਰਾਪਤ ਕਰ ਕੇ ਜਨਮ ਸਫਲ ਕਰੀਏ। ਭਗਤ ਫਰੀਦ ਜੀ ਦੀ ਜੋ ਆਪਣੇ ਧਰਮ ਦੇ ਪੱਕੇ ਮੁਸਲਮਾਨ ਸਨ। ਆਪਣੀ ਬਾਣੀ ਵਿਚ ਫਰਮਾਉਂਦੇ ਹਨ।

**ਮਿਠਾ ਬੋਲਣ ਨਿਵ ਚਲਣੁ ਹਥਹੁ ਦੇ ਕੇ ਭਲਾ ਮਨਾਏ ॥**

ਭਾਵ : ਮਨੁੱਖ ਨੂੰ ਮਿੱਠਾ ਬੋਲਣਾ ਚਾਹੀਦਾ ਹੈ। ਆਪਣੇ ਆਪ ਨੂੰ ਦੂਜੇ ਨਾਲੋਂ ਨੀਵਾਂ ਸਮਝਣਾਂ ਚਾਹੀਦਾ ਹੈ ਤੇ ਨਾਲ ਹੀ ਦਸਾਂ ਨੌਹਾਂ ਦੀ ਕਮਾਈ ਵਿਚੋਂ ਕਿਸੇ ਲੋੜਵੰਦ ਦੀ ਸਹਾਇਤਾ ਕਰਨੀ ਚਾਹੀਦੀ ਹੈ।

ਮਨੁੱਖ ਨੂੰ ਘਰ ਬਾਰ ਤਿਆਗ ਕੇ ਜਪ, ਤਪ ਤੇ ਜੰਗਲਾਂ ਵਿਚ ਫਿਰਨ ਦੀ ਕੋਈ ਲੋੜ ਨਹੀ।

ਗੁਰੂ ਨਾਨਕ ਦੇ ਵਜੀ ਕਿਹਾ ਹੈ

**ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆਂ ਤਤੁ**

ਗੁਣਾਂ ਤੇ ਚੰਗੇ ਕੰਮ ਕਰਨ ਦਾ ਅਸਲ ਮੂਲ (ਤੱਤ) ਕੇਵਲ ਮਿੱਠਾ ਬੋਲਣਾ ਤੇ ਨੀਵਾਂ ਸਮਝ ਕੇ ਰਹਿਣਾ ਹੀ ਹੈ ਤੇ ਅਕਾਲਪੁਰਖ ਬਾਰੇ ਵੀ ਕਿਹਾ ਹੈ ਕਿ ਮੇਰਾ ਵਾਹਿਗੁਰੂ ਸਦਾ ਮਿੱਠਾ ਬੋਲਦਾ ਹੈ। ਉਹ ਕੋੜਾ ਬੋਲਣਾ ਤਾਂ ਜਾਣਦਾ ਵੀ ਨਹੀਂ।

**ਮਿਠ ਬੋਲਣਾ ਜੀਪ ਹਰਿ ਸਜਣੁ ਸੁਆਮੀ ਮੋਰਾ।**
**ਹਉ ਸੰਮਲਿ ਥਕੀ ਜੀ ਓਹੁ ਕਦੇ ਨਾ ਬੋਲੈ ਕਊਰਾ**

ਆਸਾ ਜੀ ਦੀ ਵਾਰ ਵਿਚ ਤਾੜਨਾ ਕੀਤੀ ਹੈ ਕਿ :

**ਨਾਨਕ ਫਿਕੈ ਬੋਲਿਐ ਤਨ ਮਨ ਫਿਕਾ ਹੋਇ ॥**

ਸੁਖਮਨੀ ਸਾਹਿਬ ਜੀ ਦੀ ਬਾਣੀ ਵਿਚ ਪੰਜਵੇਂ ਪਾਤਸ਼ਾਹ ਤਾਗੀਦ ਕਰਦੇ ਹਨ :

**ਮਿਥਿਆ ਨਾਹੀ ਰਸਨਾ ਪਰਸ।**
**ਮਨ ਮਹਿ ਪ੍ਰੀਤਿ ਨਿਰੰਜਨ ਦਰਸ ॥**

ਸਾਈਂ ਬੁਲੇਸ਼ਾਹ ਫਕੀਰ ਨੇ ਤਾਂ ਇਥੋਂ ਤੱਕ ਵੀ ਕਿਹਾ ਹੈ ਕਿ :

**ਅੱਲਾ ਕਹੋ ਨਾ ਕਹੋ, ਆਏ ਦਾ ਆਦਰ ਕਰੋ**

ਇਸ ਤਰ੍ਹਾਂ ਸੰਤ ਤੁਲਸੀ ਦਾਸ ਜੀ ਨੇ ਵੀ ਏਹੀ ਕਿਹਾ ਹੈ,

**ਆਓ ਬੈਠੋ ਪੀਓ ਪਾਣੀ, ਤਿੰਨੋ ਗਲਾਂ ਮੁਲ ਨਾ ਜਾਣੀ।**

ਭਾਵ ਜੇ ਤੁਸੀਂ ਕਿਸੇ ਮਸਾਫਰ ਨੂੰ ਮਿੱਠੀ ਮਿੱਠੀ ਰਸਨਾ ਨਾਲ ਇਹ ਕਹਿ ਦਿਓ। ਆਓ ਬੈਠੋ ਗੁਰਮੁੱਖ ਆ ਕੇ ਜਲ ਛਕ ਲੈ, ਬੱਸ ਇਹ ਤਿੰਨ ਬਚਨ ਮੁੱਖ ਤੋਂ ਨਿਕਲਣ ਦਿਓ। ਕੋਈ ਮੁੱਲ ਵੀ ਨਹੀਂ ਪਾ ਸਕਦਾ ਅਣਮੁੱਲੇ ਹਨ। ਆਖਣ ਵਾਲੇ ਦੀ ਕਿੰਨ ਜ਼ੋਰ ਗਿਆ ਜਾਂ ਖਰਚ ਆਇਆ ?




ਵੀਹਵੀਂ ਸਦੀ ਦੇ ਪ੍ਰਸਿੱਧ ਉਰਦੂ ਤੇ ਫਾਰਸੀ ਦੇ ਸ਼ਾਇਰ ਨੇ ਵੀ ਇਸ ਦੀ ਤਾਈਂ ਕੀਤੀ ਹੈ ਕਿ :

**ਦਰਦੇ ਦਿਲ ਕੇ ਵਾਸਤੇ ਪੈਦਾ ਕੀਆ ਇਨਸਾਨ ਕੋ**
**ਵਰਨਾ ਤਾਇਤ ਕੇ ਲੀਏ ਕੁਝ ਕਮ ਨਾ ਥੀ ਕਹੂਬੀਆ।**

ਘਰੇਲੂ ਜ਼ਿੰਦਗੀ ਵਿਚ ਵੀ ਕਈ ਵਾਰ ਦੇਖਦੇ ਹਾਂ ਤੇ ਸੁਣਦੇ ਵੀ ਹਾਂ ਕਿ ਜਿਸ ਦਿਨ ਦੀ ਘਰ ਵਿਚ ਮਿੱਠ ਬੋਲਣਾ ਨੂੰਹ ਆਈ ਹੈ। ਘਰ ਸੁਰਗ ਬਣ ਗਿਆ ਤੇ ਬਰਕਤਾਂ ਹੀ ਬਰਕਤਾਂ ਨਾਲ ਘਰ ਭਰ ਗਿਆ ਹੈ।

ਜੇ ਮਾਤ ਲੋਕ ਵਿਚ ਮਿੱਠ ਬੋਲੜੇ ਦਾ ਇਤਨਾ ਮਾਨ ਤੇ ਸਤਿਕਾਰ ਹੈ ਤੇ ਉਸ ਦਰਗਾਹ ਵਿਚ ਤਾਂ ਇਸ ਤੋਂ ਕਈ ਗੁਣਾ ਵੱਧ ਹੋਊਗਾ।

**ਜ਼ਬਾਨੇ ਖਲਕ ਨਗਾਰਾ-ਏ-ਖੁਦਾ**

ਆਓ ਹੁਣ ਥੋੜਾ ਜਿਹਾ ਵਿਚਾਰ ਕਰੀਏ ਕਿ ਮਿੱਠਾ ਬੋਲਣਾ ਸਰੀਰ ਦੀ ਅਰੋਗਤਾ ਤੇ ਕਿੰਨਾ ਪ੍ਰਭਾਵ ਪਾਉਂਦਾ ਹੈ।

ਜਦੋਂ ਭਗਤਨੀ ਮੀਰਾਂ ਬਾਈ ਨੂੰ ਉਸ ਦੀ ਮਾਤਾ ਨੇ ਉਸ ਨੂੰ ਦੱਸ ਕੇ ਜ਼ਹਿਰ ਦਾ ਪਿਆਲਾ ਪਿਲਾਇਆ ਤੇ ਮੀਰਾਂ ਨੇ ਵੀ ਖੁਸ਼ੀ ਖੁਸ਼ੀ ਘੁੱਟ ਘੁੱਟ ਕਰਕੇ ਪੀ ਲਿਆ ਤੇ ਮੌਤ ਦੀ ਉਡੀਕ ਵਿਚ ਸੌਂ ਗਈ ਤਾਂ ਕਾਫੀ ਦੇਰ ਉਡੀਕਣ ਤੇ ਜਦੌਂ ਤ ਨਾ ਹੋਈ ਤਾਂ ਸਾਰੇ ਬੜੇ ਹੈਰਾਨ ਹੋ ਗਹਏ ਤੇ ਇਸ ਵਿਚ ਕਰਾਮਾਤਾ ਹੈ ਜਾਂ ਭਗਵਾਨ ਕ੍ਰਿਸ਼ਨ ਨਾਲ ਇਸ ਦਾ ਸੱਚਾ ਪਿਆਰ ਹੈ।

ਪਰ ਅੱਜ ਕੱਲ ਦੀ ਸਾਇੰਸ ਇਹ ਨਹੀਂ ਮੰਨਦੀ ਕਿ ਜ਼ਹਿਰ ਪੀਣ ’ਤੇ ਭਗਵਾਨ ਬਚਾਅ ਲਵੇ। ਜੇ ਬਚਦਾ ਹੈ ਤਾਂ ਉਸ ਲਈ ਕੋਈ ਕਾਰਨ ਜ਼ਰੂਰ ਹੋਣਾ ਚਾਹੀਦਾ ਹੈ। ਜਦ ਹਰ ਇੱਕ ਲਿਖਾਰੀ ਨੇ ਜ਼ਹਿਰ ਦਾ ਪੀਣਾ ਤੇ ਅਸਰ ਨਾ ਹੋਣਾ ਲਿੱਖਿਆ ਤਾਂ ਪੀਐਚਡੀ ਦੀ ਡਿਗਰੀ ਪ੍ਰਾਪਤਦ ਕਰਨ ਵਾਲੇ। ਡਾਕਟਰ ਨੇ ਇਹ ਪੜਚੋਲ ਸ਼ੁਰੂ ਕੀਤੀ ਕਿ ਜ਼ਹਿਰ ਅਸਰ ਨਹੀਂ ਕਰਦੀ ਕਿਉਂ ਜਿਵੇਂ ਖੰਡ ਖਾਂਦਿਆਂ ਮਿਠਾਸ ਤੇ ਨਮਕ ਖਾਣ ਤੇ ਨਮਕੀਨ ਸਵਾਦ ਜ਼ਰੂਰੀ ਹੈ ਇਸੇ ਤਰ੍ਹਾਂ ਜ਼ਹਿਰ ਦਾ ਅਸਰ ਵੀ ਜ਼ਰੂਰੀ ਹੈ। ਇੱਕ ਦਿਨ ਡਾਕਟਰ ਨੇ ਦੋ ਵਿਰੋਧੀਆਂ ਨੂੰ ਬੜੇ ਜੋਸ ਨਾਲ ਇੱਕ ਦੂਜੇ ਨਾਲ ਲੜਕਿਆਂ ਤੇ ਮੰਦਾ ਤੇ ਕੌੜਾ ਬੋਲਦਿਆਂ ਦੇਖਿਆ। ਉਨ੍ਹਾਂ ਦੇ ਮੂਹ ਵਿਚੋਂ ਝੱਗ ਵੀ ਆ ਰਹੀ ਸੀ। ਡਾਕਟ+ ਨੇ ਇਨ੍ਹਾਂ ਦੇ ਮੂੰਹ ਦੀ ਝੱਗ ਦੀ ਸ਼ੀਸੀ ਵਿਚ ਪੁਆ ਕੇ ਉਸ ਦਾ ਤੱਕ ਕੱਢ ਕੇ ਗੋਲੀਆਂ ਬਣਾਈਆਂ ਤੇ ਉਨ੍ਹਾਂ ਗੋਲੀਆਂ ਵਿਚੋਂ ਦੋ ਇੱਕ ਕੁੱਤੇ ਨੂੰ ਖੁਆ ਦਿੱਤੀਆਂ ਤੇ ਦੇਖਿਆ ਤਾਂ ਕੁੱਤਾ ਤੜਪ ਤੜਪ ਕੇ ਮਰ ਗਿਆ। ਉਸ ਨੂੰ ਪਤਾ ਲੱਗ ਗਿਆ ਕਿ ਕ੍ਰੋਧੀ ਦੇ ਮੂੰਹ ਵਿਚੋਂ ਜ਼ਹਿਰ ਨਿਕਲਦੀ ਹੈ।

ਫਿਰ ਇੱਕ ਵਾਰੀ ਕਿਸੇ ਮਿੱਠ ਬੋਲੜੇ ਸੰਤ ਦੀ ਕਥਾ ਸੁਣੀ। ਜਿਸਦੇ ਬਚਨ ਆਤਮਾ ਨੂੰ ਠੰਡ ਪਹੁੰਚਾਉਂਦੇ ਸਨ। ਉਹ ਦੇ ਮੂੰਹ ਵਿਚੋਂ ਵੀ ਕੁਝ ਪਾਣੀ ਲੈ ਕੇ ਉਸ ਦਾ ਤੱਤ ਕੱਢਿਆ ਤੇ ਗੋਲੀਆਂ ਬਣਾਂਈਆਂ। ਇੱਕ ਦਿਨ ਫਿਰ ਡਾਕਟਰ ਨੇ ਪਹਿਲੀਆਂ ਦੋ ਗੋਲੀਆਂ ਕਿਸੇ ਹੋਰ ਕੁੱਤੇ ਨੂੰ ਖੁਆਈਆਂ ਤੇ ਉਹ ਤੜਪਨ ਲੱਗਾ ਤੇ ਝੱਟ ਉਸ ਵੇਲੇ ਮਿੱਠ ਬੋਲਣੇ ਦੇ ਮੂੰਹ ਵਿਚੋਂ ਲਏ ਪਾਣੀ ਦੀਆਂ ਗੋਲੀਆਂ ਕੁੱਤੇ ਦੇ ਮੂੰਹ ਵਿਚ ਪਾ ਦਿੱਤੀਆਂ। ਜਿਸ ਨਾਲ ਕੁੱਤਾ ਮਰਨ ਤੋਂ ਬਚ ਗਿਆ। ਨਤੀਜਾ ਦੇਖ ਕੇ ਉਸ ਨੇ ਰਸਾਲਿਆਂ ਤੇ ਅਖ਼ਬਾਰਾਂ ਰਾਹੀਂ ਦੁਨੀਆਂ ਨੂੰ ਦੱਸਿਆ। ਮੀਰਾਂ ਬਾਈ ਇਤਨੀ ਮਿੱਠ ਬੋਲੜੀ ਸੀ ਉਸ ਦੇ ਭਜਨ ਹੁਣ ਤੱਕ ਹਰ ਇੱਕ ਨੂੰ ਕਿਤਨੇ ਮਿੱਠੇ ਲਗਦੇ ਹਨ। ਜਿਸ ਕਰਕੇ ਜ਼ਹਿਰ ਦੇ ਅੰਦਰ ਜਾ ਕੇ ਕੇਵਲ ਇਤਨਾ ਅਸਰ ਕੀਤਾ ਜਿਵੇਂ ਕਿ ਸ਼ਿਕੰਜਵੀ ਦੇ ਗਿਲਾਸ ਵਿਚ ਇੱਕ ਚੂੰਡੀ ਨਮਕ ਪਾ ਦਈਏ। ਬਾਈ ਨੇ ਜ਼ਰੂਰ ਜ਼ਹਿਰ ਪੀਤੀ ਪਰ ਉਸ ਦੇ ਮਿੱਠੇ ਬੋਲੜੇ ਗੁਣ ਨੇ ਉਸ ਨੂੰ ਬਚਾਇਆ। ਜੇ ਮਿੱਠਾ ਬੋਲਣ ’ਤੇ ਕੋਈ ਖਰਚ ਵੀ ਨਾ ਆਵੇ ਤੇ ਜੱਗ ਵੀ ਚੰਗਾ ਆਖੇ, ਇਯ ’ਤੇ ਮਾਣ ਪੈਰ ਚੁੰਮਣ, ਸਰੀਰ ਦੀ ਅਰੋਗਤਾ ਵਵੀ ਉਸ ਵਿਚ ਹੋਵੇ। ਸਭ ਤੋਂ ਵੱਧ ਪ੍ਰਮਾਣ ਵੀ ਮਿੱਠਾ ਬੋਲਣ ਵਾਲੇ ਨੂੰ ਛੇਤੀ ਪਸੰਦ ਕਰੇ ਤੇ ਅਸੀਂ ਫਿਰ ਇੱਕਦੂਜੇ ਕਰੋਧੀ ਅਤੇ ਫਿਕੇ ਬਚਨ ਬੋਲ ਕੇ ਆਪਣਾ ਕਿੰਨਾ ਨੁਕਸਾਨ ਕਰਦੇ ਹਾਂ। ਆਓ ਪ੍ਰਣ ਕਰੀਏ ਕਿ ਹਰ ਇੱਕ ਨਾਲ ਮਿੱਠਾ ਬੋਲਾਂਗੇ।



PREETNAMA ਪ੍ਰੀਤਨਾਮਾ ਖਰਾ ਸੱਚ Online and Print Media

# ਪ੍ਰੀਤਨਾਮਾ

ADVISORY BOARD

ਪ੍ਰਿਤਪਾਲ ਕੌਰ ਪ੍ਰੀਤ
ਮੁੱਖ ਸੰਪਾਦਕ
+1 (201) 312-4180

ਜੋਗਾ ਸਿੰਘ

ਜਸਵਿੰਦਰ ਸਿੰਘ ਨਿਊਜਰਸੀ

ਗੁਰਮੀਤ ਸਿੰਘ ਧਲਵਾਨ ਸ਼ਿਕਾਗੋ

ਜੀ. ਐਸ ਸਿੰਘ ਪੰਜਾਬ

ਸੁਜਾਨ ਨਾਗ, ਯੂ.ਐਸ.ਏ.

ਜਸਵਿੰਦਰ ਕੌਰ, ਪੰਜਾਬ

ਸੁਖਮੰਦਰ ਬਰਾੜ
(ਭਗਤਾ ਭਾਈਕਾ) ਵੈਨਕੂਵਰ,

ਗਗਨਦੀਪ ਸਿੰਘ
ਗ੍ਰਾਫਿਕ ਡਿਜ਼ਾਇਨਰ
9592398822

ਪ੍ਰੀਤਨਾਮ ਪੰਜਾਬੀ ਮਾਂ ਬੋਲੀ, ਸਭਿਆਚਾਰ ਅਤੇ ਪੰਜਾਂ ਪਾਣੀਆਂ ਦੀ ਧਰਤੀ ਦੀ ਸਲਾਮਤੀ ਨੂੰ ਸਮਰਪਿਤ ਹੈ। ਪ੍ਰੀਤਨਾਮਾ ਵਿਚ ਛਪੀਆਂ ਰਚਨਾਵਾਂ ਨਾਲ ਸੰਪਾਦਕ ਜਾਂ ਅਖ਼ਬਾਰ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। ਲੇਖਕ ਆਪਣੀਆਂ ਰਚਨਾਵਾਂ ਨੂੰ ਈਮੇਲ ਰਾਹੀਂ ਭੇਜ ਸਕਦੇ ਹਨ। ਈਮੇਲ ਵਾਲੀਆਂ ਰਚਨਾਵਾਂ ਨੂੰ ਤਰਜੀਹ ਦਿੱਤੀ ਜਾਵੇਗੀ। ਪ੍ਰੀਤਨਾਮਾ ਨੂੰ ਰਚਨਾਵਾਂ ਵਿਚ ਲੋੜ ਅਨੁਸਾਰ ਕਾਂਟ ਛਾਂਟ ਕਰਨ ਦਾ ਜਾਂ ਬਿਲਕੁਲ ਨਾ ਛਾਪਣ ਦਾ ਅਧਿਕਾਰ ਹੈ। ਇਸ਼ਤਿਹਾਰ ਵਿਚ ਛਪੀ ਸਮਗਰੀ ਲਈ ਇਸ਼ਤਿਹਾਰਦਾਤਾ ਖ਼ੁਦ ਜ਼ਿੰਮੇਵਾਰ ਹੋਵੇਗਾ। ਇਸ਼ਤਿਹਾਰਾਂ ਵਿਚ ਦਿੱਤੀ ਗਈ ਜਾਣਕਾਰੀ, ਕੀਮਤ, ਵਰੰਟੀ, ਕੁਆਲਿਟੀ, ਸੁਝਾਵਾਂ ਲਈ ਸਿਰਫ ਇਸ਼ਤਿਹਾਰ ਦੇਣ ਵਾਲੀ ਕੰਪਨੀ ਹੀ ਜ਼ਿੰਮੇਵਾਰ ਹੋਵੇਗੀ।

The Preetnama is not responsible or legally lible for any news, article, advertisement or typing mistakes in the news or articles

ਪਿਛਲੇ ਕੁਝ ਹਫਤਿਆਂ ਤੋਂ ਪਾਠਕਾਂ ਵੱਲੋਂ ਲੇਖ ਪ੍ਰਕਾਸ਼ਿਤ ਨਾ ਹੋਣ ਦੇ ਲਗਾਤਾਰ ਫੋਨ ਆ ਰਹੇ ਹਨ, ਜਿਸ ਲਈ ਲਈ ਖਿਮਾ ਦੇ ਜਾਚਕ ਹਾਂ। ਅਸੀਂ ਪਾਠਕਾਂ ਅਤੇ ਲੇਖਕਾਂ ਨੂੰ ਵਿਸ਼ਵਾਸ ਆਧਾਰ 'ਤੇ ਪ੍ਰਕਾਸ਼ਿਤ ਕੀਤਾ ਜਾਵੇਗਾ।

Preetnamausa@gmail.com
www.preetnama.com

## ਸੰਪਾਦਕੀ

# ਵਿਕਾਸ ਬਨਾਮ ਵਾਤਾਵਰਨ



ਪ੍ਰਿਤਪਾਲ ਕੌਰ ਪ੍ਰੀਤ
ਮੁੱਖ ਸੰਪਾਦਕ

ਉੱਤਰਾਖੰਡ ਦੇ ਚਮੋਲੀ ਜ਼ਿਲ੍ਹੇ ਵਿੱਚ ਹਾਲ ਵਿੱਚ ਆਈ ਆਫਤ ਦੇ ਬਾਅਦ ਵਿਕਾਸ ਅਤੇ ਵਾਤਾਵਰਨ ਵਿੱਚ ਸੰਤੁਲਨ ਨੂੰ ਲੈ ਕੇ ਇੱਕ ਵਾਰ ਫਿਰ ਬਹਿਸ ਛਿੜ ਗਈ ਹੈ। ਉਂਝ ਤਾਂ ਕੇਦਾਰਨਾਥ ਹਾਦਸੇ ਦੇ ਬਾਅਦ ਤੋਂ ਹੀ ਇਹ ਸਵਾਲ ਉੱਠਦਾ ਰਿਹਾ ਹੈ ਕਿ ਪਹਾੜੀ ਇਲਾਕਿਆਂ ਵਿੱਚ ਵਿਕਾਸ ਪ੍ਰਾਜੈਕਟਾਂ ਨਾਲ ਵਿਨਾਸ਼ ਦਾ ਜੋ ਖਤਰਾ ਵਧਦਾ ਜਾ ਰਿਹਾ ਹੈ, ਉਸ ਦੀ ਕੀਮਤ ਕੌਣ ਚੁਕਾਏਗਾ। ਕੇਂਦਰ ਸਰਕਾਰ ਨੇ ਸੁਪਰੀਮ ਕੋਰਟ ਵਿੱਚ ਚਾਰਧਾਮ ਰਾਜ ਮਾਰਗ ਪ੍ਰਾਜੈਕਟ ਦਾ ਬਚਾਓ ਕਰਦੇ ਹੋਏ ਸਫਾਈ ਦਿੱਤੀ ਕਿ ਹਾਲ ਹੀ ਵਿੱਚ ਆਈ ਆਫਤ ਨਾਲ ਇਸ ਪ੍ਰਾਜੈਕਟ ਦਾ ਕੋਈ ਸਬੰਧ ਨਹੀਂ ਹੈ। ਇਸ ਪ੍ਰਾਜੈਕਟ ਨਾਲ ਜੁੜੇ ਵਿਵਾਦਾਂ ਉੱਤੇ ਸੁਪਰੀਮ ਕੋਰਟ ਵਿੱਚ ਸੁਣਵਾਈ ਚੱਲ ਰਹੀ ਹੈ। ਪ੍ਰਾਜੈਕਟ ਦੀ ਨਿਗਰਾਨੀ ਲਈ ਅਦਾਲਤ ਨੇ ਉੱਚਾਧਿਕਾਰ ਕਮੇਟੀ ਬਣਾਈ ਹੋਈ ਹੈ। ਇਸ ਕਮੇਟੀ ਦੇ ਹੀ ਇੱਕ ਮੈਂਬਰ ਨੇ ਚਮੋਲੀ ਦੀ ਆਫਤ ਨਾਲ ਇਸ ਪ੍ਰਾਜੈਕਟ ਨੂੰ ਜੋੜਦੇ ਹੋਏ ਸਵਾਲ ਚੁੱਕੇ ਹਨ। ਇੱਕ ਗੈਰਸਰਕਾਰੀ ਸੰਗਠਨ ਦੀ ਮੰਗ ਉੱਤੇ ਪਹਿਲਾਂ ਤੋਂ ਸੁਣਵਾਈ ਚੱਲ ਰਹੀ ਹੈ। ਅਜਿਹੇ ਵਿੱਚ ਜ਼ਿਆਦਾ ਚਿੰਤਾ ਦੀ ਗੱਲ ਇਹ ਹੈ ਕਿ ਜਿਸ ਪ੍ਰਾਜੈਕਟ ਨੂੰ ਲੈ ਕੇ ਵਾਤਾਵਰਨ ਐਕਟਿਵਿਸਟ ਅਤੇ ਮਾਹਿਰ ਵਾਰ-ਵਾਰ ਸਾਵਧਾਨ ਕਰਦੇ ਰਹੇ ਹਨ ਅਤੇ ਸੁਪਰੀਮ ਕੋਰਟ ਦੀ ਉੱਚਾਧਿਕਾਰ ਕਮੇਟੀ ਦੇ ਮੈਂਬਰ ਵੀ ਇਸ ਉੱਤੇ ਆਪਣਾ ਇਤਰਾਜ਼ ਦਰਜ ਕਰਵਾ ਚੁੱਕੇ ਹਨ, ਉਸ ਪ੍ਰਾਜੈਕਟ ਨੂੰ ਸਰਕਾਰ ਸੁਰੱਖਿਅਤ ਦੱਸ ਰਹੀ ਹੈ। ਦਸੰਬਰ 2016 ਵਿੱਚ ਸ਼ੁਰੂ ਹੋਏ ਚਾਰਧਾਮ ਪ੍ਰਾਜੈਕਟ ਦੇ ਤਹਿਤ ਗੰਗੋਤਰੀ, ਯਮੁਨੋਤਰੀ, ਬਦਰੀਨਾਥ ਅਤੇ ਕੇਦਾਰਨਾਥ ਨੂੰ ਸੜਕ ਰਸਤੇ ਨਾਲ ਜੋੜਿਆ ਜਾਣਾ ਹੈ। ਇਹ ਰਾਜ ਮਾਰਗ ਕਰੀਬ ਨੌਂ ਸੌ ਕਿਲੋਮੀਟਰ ਲੰਮਾ ਹੋਵੇਗਾ। ਇਸ ਦੇ ਲਈ ਬਣ ਰਹੇ ਕੁੱਲ ਤਰਵੰਜਾ ਪ੍ਰਾਜੈਕਟਾਂ ਵਿੱਚੋਂ ਚਾਲੀ ਉੱਤੇ ਕੰਮ ਚੱਲ ਰਿਹਾ ਹੈ ਅਤੇ ਤੇਰਾਂ ਪ੍ਰਾਜੈਕਟਾਂ ਨੂੰ ਲੈ ਕੇ ਸੁਪਰੀਮ ਕੋਰਟ ਵਿੱਚ ਸੁਣਵਾਈ ਚੱਲ ਰਹੀ ਹੈ। ਇਹ ਮਾਮਲਾ ਰਾਜ ਮਾਰਗ ਦੀ ਚੌੜਾਈ ਅਤੇ ਵਾਤਾਵਰਨ ਸਬੰਧੀ ਚਿੰਤਾਵਾਂ ਨੂੰ ਲੈ ਕੇ ਹੈ। ਚਾਰਧਾਮ ਪ੍ਰਾਜੈਕਟ ਸ਼ੁਰੂ ਤੋਂ ਹੀ ਵਿਵਾਦਾਂ ਵਿੱਚ ਘਿਰਿਆ ਹੋਇਆ ਹੈ। ਐਨਜੀਟੀ ਨੇ ਇਸ ਨੂੰ ਮਨਜ਼ੂਰੀ ਦੇਣ ਤੋਂ ਨਾਂਹ ਕਰ ਦਿੱਤੀ ਸੀ। ਐਨਜੀਟੀ ਦੀ ਚਿੰਤਾ ਸੜਕ ਬਣਾਉਣ ਲਈ ਦਰੱਖਤਾਂ ਦੀ ਕਟਾਈ ਨੂੰ ਲੈ ਕੇ ਰਹੀ। ਐਨਜੀਟੀ ਨੇ ਸੜਕ ਦੀ ਚੌੜਾਈ ਸਾਢੇ ਪੰਜ ਮੀਟਰ ਰੱਖਣ ਨੂੰ ਕਿਹਾ ਸੀ, ਜਦੋਂ ਕਿ ਪੰਜ ਸੌ ਸੈਂਤੀ ਕਿਲੋਮੀਟਰ ਦੀ ਜੋ ਸੜਕ ਹੁਣ ਤੱਕ ਬਣ ਚੁੱਕੀ ਹੈ, ਉਸ ਦੀ ਚੌੜਾਈ ਦਸ ਮੀਟਰ ਹੈ। ਇਹੀ ਉਹ ਬਿੰਦੂ ਹੈ ਜੋ ਪ੍ਰਾਜੈਕਟ ਪੂਰੀ ਕਰਨ ਦੀ ਕੇਂਦਰ ਅਤੇ ਰਾਜ ਸਰਕਾਰ ਦੀ ਜ਼ਿੱਦ ਨੂੰ ਦੱਸਦਾ ਹੈ। ਸਵਾਲ ਇਹ ਹੈ ਕਿ ਜੇਕਰ ਸਰਕਾਰਾਂ ਆਪਣੇ ਆਪ ਹੀ ਐਨਜੀਟੀ ਨੂੰ ਨਜ਼ਰਅੰਦਾਜ਼ ਕਰਨਗੀਆਂ ਤਾਂ ਕਿਵੇਂ ਇਹ ਸੰਸਥਾ ਵਾਤਾਵਰਨ ਨੂੰ ਬਚਾਉਣ ਦੀ ਜ਼ਿੰਮੇਦਾਰੀ ਨਿਭਾ ਸਕੇਗੀ। ਕਿਹਾ ਜਾ ਰਿਹਾ ਹੈ ਕਿ ਚਾਰਧਾਮ ਪ੍ਰਾਜੈਕਟ ਧਾਰਮਿਕ ਸੈਰ-ਸਪਾਟੇ ਨੂੰ ਹੱਲਾਸ਼ੇਰੀ ਦੇਵੇਗਾ। ਇਸ ਤੋਂ ਵੀ ਜ਼ਿਆਦਾ ਇਸ ਦਾ ਰੱਖਿਆ ਸਬੰਧੀ ਵੀ ਮਹੱਤਵ ਹੈ। ਉਤਰਾਖੰਡ ਦੀ ਚੀਨ ਦੇ ਨਾਲ ਲੰਮੀ ਸੀਮਾ ਹੈ। ਇਸ ਲਈ ਸੀਮਾ ਤੱਕ ਪਹੁੰਚ ਬਣਾਉਣ ਲਈ ਬਿਹਤਰ ਸੜਕਾਂ ਦਾ ਹੋਣਾ ਜ਼ਰੂਰੀ ਹਨ। ਰੇਲ ਲਾਈਨਾਂ ਦਾ ਨੈੱਟਵਰਕ ਵੀ ਹੋਣਾ ਚਾਹੀਦਾ ਹੈ। ਪਿੰਡ-ਕਸਬਿਆਂ ਵਿੱਚ ਬਿਜਲੀ, ਸਕੂਲਾਂ, ਹਸਪਤਾਲਾਂ ਵਰਗੀਆਂ ਬੁਨਿਆਦੀ ਸਹੂਲਤਾਂ ਵੀ ਹੋਣੀਆਂ ਚਾਹੀਦੀਆਂ ਹਨ। ਹਰ ਪਿੰਡ ਅਤੇ ਜ਼ਿਲ੍ਹਾ ਹੈਡਕੁਆਰਟਰ ਦੇ ਵਿੱਚ ਸੰਪਰਕ ਰਸਤਾ ਹੋਣਾ ਜ਼ਰੂਰੀ ਹੈ। ਲੇਕਿਨ ਵਿਕਾਸ ਸਬੰਧੀ ਪ੍ਰਾਜੈਕਟਾਂ ਨਾਲ ਜੇਕਰ ਪ੍ਰਕਿਰਤੀ ਤੰਤਰ ਨੂੰ ਨੁਕਸਾਨ ਪੁੱਜਦਾ ਹੈ ਤਾਂ ਇਹ ਵਿਰ ਵਿਨਾਸ਼ ਕਿਹਾ ਜਾਵੇਗਾ ਅਤੇ ਇਸ ਦੀ ਕੀਮਤ ਇੱਥੋਂ ਦੇ ਲੋਕਾਂ ਨੂੰ ਹੀ ਚੁਕਾਉਣੀ ਪਵੇਗੀ। ਉਤਰਾਖੰਡ ਵਿੱਚ ਛੋਟੇ- ਵੱਡੇ ਦੋ ਸੌ ਪਣਬਿਜਲੀ ਪ੍ਰਾਜੈਕਟਾਂ ਉੱਤੇ ਕੰਮ ਹੋ ਰਿਹਾ ਹੈ। ਲੋਕਾਂ ਨੇ ਨਦੀਆਂ ਦੇ ਕੰਢੇ ਉੱਤੇ ਬਹੁ ਮੰਜ਼ਿਲਾ ਇਮਾਰਤਾਂ ਬਣਾਉਣ ਤੋਂ ਪਹਿਲੇ ਜ਼ਰਾ ਵੀ ਨਹੀਂ ਸੋਚਿਆ ਕਿ ਉਹ ਕੁਦਰਤੀ ਆਫਤਾਂ ਨੂੰ ਸੱਦਾ ਦੇ ਰਹੇ ਹਨ। ਬੇਤਹਾਸ਼ਾ ਕਟਾਈ ਅਤੇ ਉਸਾਰੀਆਂ ਕਾਰਨ ਪਹਾੜ ਪੋਲੇ ਹੁੰਦੇ ਜਾ ਰਹੇ ਹਨ। ਉਸਾਰੀ ਸਬੰਧੀ ਕੰਮਾਂ ਕਾਰਨ ਪੈਦਾ ਹੋ ਰਹੇ ਕੂੜੇ ਕਾਰਨ ਨਦੀਆਂ ਵਿੱਚ ਵੱਡੀ ਮਾਤਰਾ ਵਿੱਚ ਜਮਾਂ ਹੋ ਰਹੀ ਗਾਰ ਹੋਰ ਵੀ ਗੰਭੀਰ ਸੰਕਟ ਪੈਦਾ ਕਰ ਰਹੀ ਹੈ। ਹੁਣ ਵੀ ਵਕਤ ਹੈ ਕਿ ਅਸੀਂ ਵਿਗਿਆਨੀਆਂ ਅਤੇ ਵਾਤਾਵਰਨ ਮਾਹਿਰਾਂ ਦੀਆਂ ਚਿੰਤਾਵਾਂ ਉੱਤੇ ਗੌਰ ਕਰੀਏ। ਵਿਕਾਸ ਦੇ ਨਿਸ਼ਾਨਿਆਂ ਤੋਂ ਜ਼ਿਆਦਾ ਫਿਕਰ ਕੁਦਰਤ ਦੀ ਹਿਫਾਜ਼ਤ ਦੀ ਹੋਣੀ ਚਾਹੀਦੀ ਹੈ ਤਾਂ ਹੀ ਅਸੀਂ ਸੁਰੱਖਿਅਤ ਅਤੇ ਖ਼ੁਸ਼ ਰਹਿ ਸਕਾਂਗੇ।

# ਗੁਰਦੁਆਰਿਆਂ ਦੀ ਪਵਿੱਤਰਤਾ ਖਾਤਰ ਆਪਾ ਵਾਰਨ ਦੀ ਮਿਸਾਲ ਸਾਕਾ ਸ੍ਰੀ ਨਨਕਾਣਾ ਸਾਹਿਬ

ਗੁਰਦੁਆਰਾ ਸੁਧਾਰ ਲਹਿਰ ਵਿਚ ਸ੍ਰੀ ਨਨਕਾਣਾ ਸਾਹਿਬ ਦਾ ਸ਼ਹੀਦੀ ਸਾਕਾ ਪਹਿਲੇ ਪਾਤਸ਼ਾਹ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਅਸਥਾਨ ਨੂੰ ਕੁਕਰਮੀ ਮਹੰਤਾਂ ਤੋਂ ਆਜ਼ਾਦ ਕਰਵਾਉਣ ਲਈ ਆਪਾ ਵਾਰਨ ਦੀ ਅਦੁੱਤੀ ਮਿਸਾਲ ਹੈ। ਇਸ ਸਾਕੇ ਨੇ ਸਾਰੀ ਸਿੱਖ ਕੌਮ ਨੂੰ ਇੱਕ ਜ਼ਬਰਦਸਤ ਹਲੂਣਾ ਦੇ ਕੇ ਝੰਜੋੜ ਦਿੱਤਾ। ਇਸ ਸਾਕੇ ਨੂੰ ਵਾਪਰਿਆਂ ਸੌ ਸਾਲ ਦਾ ਸਮਾਂ ਹੋ ਚੁੱਕਾ ਹੈ, ਜਿਸ ਦੀ ਸ਼ਤਾਬਦੀ ਸਮੁੱਚੇ ਸਿੱਖ ਜਗਤ ਵੱਲੋਂ ਮਨਾਈ ਜਾ ਰਹੀ ਹੈ। ਸ੍ਰੀ ਨਨਕਾਣਾ ਸਾਹਿਬ ਪਾਕਿਸਤਾਨ ਤੋਂ ਇਲਾਵਾ ਭਾਰਤੀ ਪੰਜਾਬ ਅੰਦਰ ਗੁਰਦਾਸਪੁਰ ਜ਼ਿਲ੍ਹੇ ਦੇ ਪਿੰਡ ਗੋਧਰਪੁਰ ਵਿਖੇ ਵਿਸ਼ਾਲ ਸਮਾਗਮ ਕੀਤੇ ਜਾ ਰਹੇ ਹਨ। ਗੋਧਰਪੁਰ ਉਹ ਨਗਰ ਹੈ ਕਿ ਜਿਥੇ ਸ਼ਹੀਦ ਭਾਈ ਲਛਮਣ ਸਿੰਘ ਧਾਰੋਵਾਲੀ ਦਾ ਪਰਿਵਾਰ ਆ ਕੇ ਵੱਸਿਆ ਸੀ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਅਸਥਾਨ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦਾ ਸਿੱਖ ਕੌਮ ਅੰਦਰ ਬੇਹੱਦ ਸਤਿਕਾਰ ਵਾਲਾ ਸਥਾਨ ਹੈ। ਇਸ ਪਾਵਨ ਅਸਥਾਨ ਪ੍ਰਤੀ ਸਿੱਖਾਂ ਦੀ ਸ਼ਰਧਾ ਬਹੁਤ ਵੱਡੀ ਹੈ। ਇਸੇ ਸ਼ਰਧਾ ਤਹਿਤ ਹੀ ਮਹਾਰਾਜਾ ਰਣਜੀਤ ਸਿੰਘ ਨੇ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦੇ ਨਾਂ 'ਤੇ ਕਈ ਮੁਰੱਬੇ ਜ਼ਮੀਨ ਲਗਾਈ। ਨਹਿਰੀ ਸਿੰਚਾਈ ਕਾਰਨ ਜ਼ਮੀਨ ਦੀ ਆਮਦਨ ਚੋਖੀ ਸੀ ਅਤੇ ਗੁਰਦੁਆਰਾ ਸਾਹਿਬ 'ਤੇ ਕਾਬਜ਼ ਕੁਕਰਮੀ ਮਹੰਤਾਂ ਨੇ ਇਸ ਆਮਦਨ ਦੀ ਦੁਰਵਰਤੋਂ ਕਰਦਿਆਂ ਮਨਮਾਨੀਆਂ ਸ਼ੁਰੂ ਕਰ ਦਿੱਤੀਆਂ। ਗੁਰੂ ਘਰ ਅੰਦਰ ਕੁਕਰਮਾਂ ਦਾ ਚਲਣ ਮਹੰਤਾਂ ਦੇ ਜੀਵਨ ਦਾ ਹਿੱਸਾ ਬਣ ਗਿਆ। ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਦਾ ਮਹੰਤ ਸਾਧੂ ਰਾਮ ਸ਼ਰਾਬੀ ਤੇ ਆਚਰਣ ਤੋਂ ਡਿੱਗਿਆ ਹੋਇਆ ਸੀ। ਉਸ ਦੇ ਮਰਨ ਉਪਰੰਤ ਮਹੰਤ ਕਿਸ਼ਨ ਦਾਸ ਕਾਬਜ਼ ਹੋਇਆ। ਉਹ ਵੀ ਸ਼ਰਾਬੀ, ਜੂਏਬਾਜ਼ ਸੀ ਤੇ ਪਹਿਲੇ ਮਹੰਤ ਨਾਲੋਂ ਵੀ ਕਈ ਗੁਣਾ ਵੱਧ ਔਗੁਣਾ ਵਾਲਾ ਸੀ। ਉਸ ਨੇ ਬਹੁਤ ਵਾਅਦੇ ਕੀਤੇ ਪਰ ਸਭ ਛਿੱਕੇ ਟੰਗ ਕੇ ਮਨਮਰਜ਼ੀਆਂ ਕਰਨ ਲੱਗ ਪਿਆ। ਉਸਦੀ ਮੌਤ ਮਗਰੋਂ ਨਰੈਣੂ (ਨਰਾਇਣ ਦਾਸ) ਮਹੰਤ ਬਣਿਆ। ਉਸ ਨੇ ਸੰਗਤ ਦੇ ਕਹਿਣ 'ਤੇ ਇਕ ਮੈਜਿਸਟ੍ਰੇਟ ਦੇ ਸਾਹਮਣੇ ਇਕਬਾਲ ਕੀਤਾ ਕਿ ਉਹ ਅਜਿਹੇ ਕੰਮ ਨਹੀਂ ਕਰੇਗਾ ਜੋ ਪਹਿਲੇ ਮਹੰਤ ਕਰਦੇ ਆਏ ਹਨ, ਪਰ ਇਹ ਵਾਅਦੇ ਅਸਲੀਅਤ ਵਿਚ ਨਾ ਆਏ। ਇਹ ਅਤਿ ਦਰਜੇ ਦਾ ਸ਼ਰਾਬੀ ਤੇ ਭੈੜੇ ਆਚਰਣ ਵਾਲਾ ਨਿਕਲਿਆ। ਮਹੰਤ ਨੇ ਗੁਰਦੁਆਰਾ ਸਾਹਿਬ ਨੂੰ ਅੱਯਾਸ਼ੀ ਦਾ ਅੱਡਾ ਬਣਾਇਆ ਹੋਇਆ ਸੀ। ਅਗਸਤ 1917 ਵਿਚ ਮਹੰਤ ਨੇ ਗੁਰਦੁਆਰੇ ਦੀ ਹਦੂਦ ਦੇ ਅੰਦਰ ਵੇਸਵਾ ਦਾ ਨਾਚ ਕਰਾਇਆ ਤੇ ਸ਼ਰਾਬ ਦਾ ਦੌਰ ਚਲਾਇਆ। ਉਸ ਦੇ ਚੇਲੇ ਵੀ ਖਤਰਨਾਕ ਹੱਦ ਤੱਕ ਵਿਗੜੇ ਹੋਏ ਸਨ। ਉਨ੍ਹਾਂ ਨੂੰ ਇਸ ਪਵਿੱਤਰ ਅਸਥਾਨ ਨਾਲ ਨਾ ਤਾਂ ਪਿਆਰ ਸੀ ਤੇ ਨਾ ਹੀ ਇਸਦੀ ਪਵਿੱਤਰਤਾ ਬਣਾਈ ਰੱਖਣ ਦੇ ਇੱਛੁਕ ਸਨ। ਉਹ ਤਾਂ ਪਵਿੱਤਰ ਅਸਥਾਨ ਦੀ ਕੁਵਰਤੋਂ ਕਰਕੇ ਧੱਜੀਆਂ ਉਡਾ ਰਹੇ ਸਨ। ਸੰਨ 1918 ਨੂੰ ਇੱਕ ਰਿਟਾਇਰਡ ਸਿੰਧੀ ਅਫਸਰ ਆਪਣੇ ਪਰਿਵਾਰ ਸਮੇਤ ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨ ਕਰਨ ਲਈ ਆਇਆ ਤਾਂ ਰਾਤ ਸਮੇਂ ਉਸਦੀ 13 ਸਾਲ ਦੀ ਲੜਕੀ ਨਾਲ ਮਹੰਤ ਦੇ ਚੇਲੇ ਨੇ ਕੁਕਰਮ ਕੀਤਾ ਅਤੇ ਮਹੰਤ ਨਰੈਣੂ ਨੇ ਆਪਣੇ ਚੇਲੇ ਵਿਰੁੱਧ ਕੋਈ ਕਾਰਵਾਈ ਨਾ ਕੀਤੀ। ਉਸੇ ਸਾਲ ਲਾਇਲਪੁਰ ਦੇ ਜੜ੍ਹਾਂ ਵਾਲੇ ਇਲਾਕੇ ਦੀਆਂ ਛੇ ਬੀਬੀਆਂ ਗੁਰਦੁਆਰੇ ਦਰਸ਼ਨ ਲਈ ਆਈਆਂ ਤਾਂ ਮਹੰਤ ਦੇ ਚੇਲਿਆਂ ਨੇ ਉਨ੍ਹਾਂ ਦਾ ਵੀ ਇਹੀ ਹਸ਼ਰ ਕੀਤਾ। ਜਦੋਂ ਕੁਝ ਸਿੰਘਾਂ ਨੇ ਮਹੰਤ ਕੋਲ ਇਸ ਗੱਲ ਦਾ ਰੋਸ ਕੀਤਾ ਤਾਂ ਅੱਗੋਂ ਉਸ ਨੇ ਇਹ ਕਿਹਾ ਕਿ ਗੁਰਦੁਆਰਾ ਸਾਡੀ ਨਿੱਜੀ ਦੁਕਾਨ ਹੈ, ਇਥੇ ਤੁਸੀਂ ਆਪਣੀਆਂ ਇਸਤਰੀਆਂ ਨਾ ਭੇਜਿਆ ਕਰੋ। ਇਥੋਂ ਦੀ ਵੱਧ ਰਹੀ ਗੁੰਡਾਗਰਦੀ ਤੇ ਅਨਰਥ ਨੂੰ ਦੇਖਦੇ ਹੋਏ ਅਕਤੂਬਰ 1920 ਵਿਚ ਪਿੰਡ ਧਾਰੋਵਾਲੀ ਜ਼ਿਲ੍ਹਾ ਸ਼ੇਖੂਪੁਰਾ ਵਿਚ ਇਕ ਭਾਰੀ ਦੀਵਾਨ ਕੀਤਾ ਗਿਆ, ਜਿਸ ਵਿਚ ਸ੍ਰੀ ਨਨਕਾਣਾ ਸਾਹਿਬ ਦੇ ਸੁਧਾਰ ਲਈ ਗੁਰਮਤਾ ਪਾਸ ਕੀਤਾ। ਉਧਰ ਮਹੰਤ ਨੇ ਹਰ ਰੋਜ਼ ਆਸ-ਪਾਸ ਦੇ ਪਿੰਡਾਂ ਵਿਚੋਂ ਪੰਜ ਸੌ ਆਦਮੀ ਆਪਣੀ ਮਦਦ ਲਈ ਬੁਲਾਉਣੇ ਸ਼ੁਰੂ ਕਰ ਦਿੱਤੇ। ਮਹੰਤ ਨੇ ਗੁਰਦੁਆਰਿਆਂ 'ਤੇ ਕਾਬਜ਼ ਮਹੰਤਾਂ ਦਾ ਇੱਕ ਇਕੱਠ ਸਿੱਖਾਂ ਦਾ ਟਾਕਰਾ ਕਰਨ ਲਈ ਸੱਦਿਆ। ਇਸ ਵਿਚ 60 ਆਦਮੀ ਸ਼ਾਮਿਲ ਹੋਏ। ਨਰਾਇਣ ਦਾਸ ਨੇ ਸਭ ਨੂੰ ਸਪੱਸ਼ਟ ਕਰ ਦਿੱਤਾ ਕਿ ਇਹ ਅਕਾਲੀ ਸੁਧਾਰ ਦੇ ਬਹਾਨੇ ਸਾਡੇ ਕੋਲੋਂ ਆਮਦਨ ਦੇ ਸੋਮੇ ਆਪਣੇ ਕਬਜ਼ੇ ਵਿਚ ਲੈਣਾ ਚਾਹੁੰਦੇ ਹਨ। ਇਹ ਸਾਨੂੰ ਭੁੱਖੇ ਮਾਰਨਾ ਚਾਹੁੰਦੇ ਹਨ ਤੇ ਫਿਰ ਆਪਾਂ ਸੜਕ 'ਤੇ ਰਾਹ ਵੇਖਣ ਜੋਗੇ ਹੀ ਰਹਿ ਜਾਵਾਂਗੇ। ਹੁਣ ਹੰਭਲਾ ਮਾਰਨ ਦੀ ਲੋੜ ਹੈ। ਇਕ ਵਾਰ ਹੰਭਲਾ ਮਾਰ ਕੇ ਇਨ੍ਹਾਂ ਨੂੰ ਦਬਾਅ ਲਵੋ ਨਹੀਂ ਤਾਂ ਇਹ ਸਾਨੂੰ ਦਬਾਅ ਲੈਣਗੇ। ਇਸ ਮੰਤਵ ਲਈ 60 ਹਜ਼ਾਰ ਰੁਪਏ ਦਾ ਫੰਡ ਇਕੱਠਾ ਕੀਤਾ ਗਿਆ। ਫੰਡ ਇਕੱਠਾ ਕਰਕੇ ਉਨ੍ਹਾਂ ਨੇ ਹਥਿਆਰ ਖਰੀਦ ਕੇ ਗੁਰਦੁਆਰੇ ਵਿਚ ਰੱਖ ਲਏ ਤੇ ਬਹੁਤ ਸਾਰੇ ਕਿਰਾਏ ਦੇ ਗੁੰਡੇ ਵੀ ਜਮ੍ਹਾਂ ਕਰ ਲਏ। ਭਾਰੀ ਗਿਣਤੀ ਵਿਚ ਗੋਲੀ, ਸਿੱਕਾ, ਮਿੱਟੀ ਦਾ ਤੇਲ, ਲੱਕੜਾਂ ਆਦਿ ਇਕੱਠੀਆਂ ਕਰ ਲਈਆਂ। ਮਹੰਤ ਨਰੈਣੂ ਦੀ ਕੋਝੀ ਹਰਕਤ ਦੀ ਸੂਹ ਭਾਈ ਵਰਿਆਮ ਸਿੰਘ ਦੇ ਰਾਹੀਂ, ਜਿਸਨੂੰ ਸੂਹੀਏ ਦੇ ਤੌਰ 'ਤੇ ਮਹੰਤ ਕੋਲ ਭੇਜਿਆ ਹੋਇਆ ਸੀ, ਭਾਈ ਕਰਤਾਰ ਸਿੰਘ ਝੱਬਰ ਹੋਰਾਂ ਨੂੰ ਲੱਗੀ ਕਿ ਮਹੰਤ ਦੀ ਨੀਯਤ ਸਾਫ ਨਹੀਂ। ਉਹ ਪੰਥਕ ਆਗੂਆਂ ਨੂੰ ਖਤਮ ਕਰਨਾ ਚਾਹੁੰਦਾ ਹੈ। ਉਨ੍ਹਾਂ ਨੇ ਇਲਾਕੇ ਦੇ ਮੁਖੀ ਸਿੰਘਾਂ ਨਾਲ ਸਲਾਹ ਕੀਤੀ ਕਿ ਮਾਰਚ ਦੀ ਸਿੱਖ ਕਾਨਫਰੰਸ ਤੋਂ ਪਹਿਲਾਂ-ਪਹਿਲਾਂ ਹੀ ਮਹੰਤ ਨਾਲ ਸਿਝ ਲਿਆ ਜਾਵੇ ਕਿਉਂਕਿ ਇਸ ਨੇ ਆਪਣੀਆਂ ਹਰਕਤਾਂ ਤੋਂ ਬਾਜ਼ ਨਹੀਂ ਆਉਣਾ। ਇਸ ਲਈ ਗੁਰਦੁਆਰੇ ਦਾ ਕਬਜ਼ਾ ਉਸ ਵੇਲੇ ਛੁਡਾ ਲਿਆ ਜਾਵੇ ਜਦੋਂ ਮਹੰਤ ਲਾਹੌਰ ਵਿਖੇ ਹੋ ਰਹੀ ਸਨਾਤਨ ਕਾਨਫਰੰਸ ਵਿਚ ਗਿਆ ਹੋਵੇ। 23 ਜਨਵਰੀ ਤੇ 6 ਫਰਵਰੀ 1921 ਨੂੰ ਸ੍ਰੀ ਅਕਾਲ ਤਖ਼ਤ ਸਾਹਿਬ 'ਤੇ ਸ਼੍ਰੋਮਣੀ ਕਮੇਟੀ ਦੇ ਸਮਾਗਮ ਹੋਏ ਜਿਨ੍ਹਾਂ ਵਿਚ ਸ੍ਰੀ ਨਨਕਾਣਾ ਸਾਹਿਬ ਸਬੰਧੀ ਵਿਚਾਰ ਹੋਈ। ਸਾਰੇ ਪੰਥ ਵਿਚ ਸ੍ਰੀ ਨਨਕਾਣਾ ਸਾਹਿਬ ਦੇ ਪ੍ਰਬੰਧ ਨੂੰ ਸੁਧਾਰਨ ਲਈ ਜੋਸ਼ ਠਾਠਾਂ ਮਾਰ ਰਿਹਾ ਸੀ। ਜ਼ਿਲ੍ਹਾ ਸ਼ੇਖੂਪੁਰਾ ਤੇ ਲਾਇਲਪੁਰ ਵਿਚ ਭਾਰੀ ਦੀਵਾਨ ਕੀਤੇ ਗਏ। ਭਾਈ ਲਛਮਣ ਸਿੰਘ ਧਾਰੋਵਾਲੀ ਨੇ ਇਕ ਤਕੜਾ ਜਥਾ ਤਿਆਰ ਕਰਨਾ ਸ਼ੁਰੂ ਕਰ ਦਿੱਤਾ। 17 ਫਰਵਰੀ ਨੂੰ ਸ੍ਰੀ ਗੁਰੂ ਸਿੰਘ ਸਭਾ ਲਾਇਲਪੁਰ ਦੇ ਗੁਰਦੁਆਰੇ ਵਿਚ ਵੀ ਮੁਖੀ ਸਿੰਘਾਂ ਦੀ ਇਕੱਤਰਤਾ ਹੋਈ, ਜਿਸ ਵਿਚ ਜਥਾ ਲਿਜਾਣ ਬਾਰੇ ਵਿਚਾਰ ਕੀਤੀ ਗਈ। ਭਾਈ ਲਛਮਣ ਸਿੰਘ ਧਾਰੋਵਾਲੀ, ਭਾਈ ਕਰਤਾਰ ਸਿੰਘ ਝੱਬਰ, ਸ. ਤੇਜਾ ਸਿੰਘ ਚੂਹੜਕਾਣਾ ਆਦਿ ਸਿੱਖ ਆਗੂ ਸਾਰੀ ਤਹਿਰੀਕ ਨੂੰ ਚਲਾ ਰਹੇ ਸਨ। ਗੁਰਦੁਆਰਾ ਸਾਹਿਬ ਦਾ ਪ੍ਰਬੰਧ ਪੰਥਕ ਹੱਥਾਂ ਵਿਚ ਲੈਣ ਲਈ ਫੈਸਲਾ ਹੋਇਆ ਕਿ ਦੋਵੇਂ ਜਥੇ 20 ਫਰਵਰੀ ਨੂੰ ਸ੍ਰੀ ਨਨਕਾਣਾ ਸਾਹਿਬ ਪੁੱਜਣ। ਮਹੰਤ ਨੇ ਨਵੀਂ ਚਲਾਕੀ ਖੇਡਦਿਆਂ ਗੱਲਬਾਤ ਦੀ ਤਜਵੀਜ਼ ਰੱਖੀ, ਪਰ ਸਮਾਂ ਦੇ ਕੇ ਨਾ ਪਹੁੰਚਿਆ। ਮਹੰਤ ਦੀ ਬਦਨੀਤੀ ਨੂੰ ਸਮਝਦਿਆਂ ਸਿੱਖ ਆਗੂਆਂ ਨੇ ਟਕਰਾਅ ਦੀ ਸਥਿਤੀ ਨੂੰ ਟਾਲਣ ਲਈ ਉਲੀਕੇ ਪ੍ਰੋਗਰਾਮ ਅੱਗੇ ਪਾਉਣ ਦੀ ਸਲਾਹ ਕੀਤੀ, ਪਰ ਭਾਈ ਲਛਮਣ ਸਿੰਘ ਧਾਰੋਵਾਲੀ ਕੋਲ ਇਸਦੀ ਜਾਣਕਾਰੀ ਪੁੱਜਣ ਤਕ ਉਹ ਅਰਦਾਸਾ ਸੋਧ ਚੁੱਕੇ ਸਨ ਅਤੇ ਜਿਸ ਕਾਰਨ ਉਨ੍ਹਾਂ ਨੇ ਪਿੱਛੇ ਹਟਣ ਤੋਂ ਇਨਕਾਰ ਕਰ ਦਿੱਤਾ। ਭਾਈ ਲਛਮਣ ਸਿੰਘ ਜੋ 19 ਫਰਵਰੀ ਦੀ ਸ਼ਾਮ ਨੂੰ ਪਿੰਡੋਂ ਜਥਾ ਲੈ ਕੇ ਚੱਲੇ ਸਨ, ਅਗਲੀ ਸਵੇਰ ਸ੍ਰੀ ਨਨਕਾਣਾ ਸਾਹਿਬ ਪੁੱਜੇ। ਭਾਈ ਸਾਹਿਬ ਦੇ ਨਾਲ ਉਸ ਸਮੇਂ 200 ਦੇ ਕਰੀਬ ਸਿੰਘ ਸਨ। ਜਥੇ ਨੇ ਸ਼ਰਧਾ ਨਾਲ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਮੱਥਾ ਟੇਕਿਆ ਅਤੇ ਭਾਈ ਲਛਮਣ ਸਿੰਘ ਧਾਰੋਵਾਲੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠ ਗਏ। ਮਹੰਤ ਨਰਾਇਣ ਦਾਸ ਨੇ ਕਤਲੇਆਮ ਦੀ ਪੂਰੀ ਤਿਆਰੀ ਕੀਤੀ ਹੋਈ ਸੀ। ਮਿੱਟੀ ਦੇ ਤੇਲ ਦੇ ਪੀਪੇ, ਛਵੀਆਂ, ਗੰਡਾਸੇ, ਲੱਕੜਾਂ, ਬੰਦੂਕਾਂ ਤੇ ਕਾਰਤੂਸ ਕਾਫੀ ਮਾਤਰਾ ਵਿਚ ਮੰਗਵਾ ਕੇ ਰੱਖੇ ਹੋਏ ਸਨ। ਜਦੋਂ ਜਥਾ ਜਨਮ ਅਸਥਾਨ ਅੰਦਰ ਦਾਖਲ ਹੋਇਆ ਤਾਂ ਮਹੰਤ ਨੇ ਬਾਹਰਲੇ ਦਰਵਾਜ਼ੇ ਬੰਦ ਕਰ ਦਿੱਤੇ। ਕਾਤਲਾਂ ਨੇ ਸਿੰਘਾਂ ਉਪਰ ਵਾਰ ਕਰਨੇ ਸ਼ੁਰੂ ਕਰ ਦਿੱਤੇ। ਛੱਤ ਦੇ ਉਪਰੋਂ ਮਹੰਤ ਦੇ ਗੁੰਡਿਆਂ ਨੇ ਗੋਲੀਆਂ ਦੀ ਵਰਖਾ ਕਰਕੇ ਸ਼ਾਂਤਮਈ ਸਿੰਘਾਂ ਨੂੰ ਵਿੰਨ੍ਹ ਦਿੱਤਾ। ਛਵੀਆਂ ਤੇ ਗੰਡਾਸਿਆਂ ਨਾਲ ਸਿੰਘਾਂ ਨੂੰ ਸ਼ਹੀਦ ਕੀਤਾ ਗਿਆ। ਭਾਈ ਲਛਮਣ ਸਿੰਘ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਸਨ, ਨੂੰ ਵੀ ਗੋਲੀਆਂ ਲੱਗੀਆਂ। ਸ਼ਹੀਦ ਸਿੰਘਾਂ ਦੇ ਸਰੀਰਾਂ ਨੂੰ ਤੇਲ ਪਾ ਕੇ ਫੂਕਿਆ ਗਿਆ ਅਤੇ ਭਾਈ ਲਛਮਣ ਸਿੰਘ ਨੂੰ ਜ਼ਖ਼ਮੀ ਹਾਲਤ ਵਿਚ ਜੰਡ ਨਾਲ ਬੰਨ੍ਹ ਕੇ ਅੱਗ ਲਗਾ ਦਿੱਤੀ। ਸ. ਦਲੀਪ ਸਿੰਘ ਜੀ ਉਸ ਸਮੇਂ ਸ. ਉੱਤਮ ਸਿੰਘ ਦੇ ਕਾਰਖਾਨੇ ਵਿਚ ਸਨ। ਜਦੋਂ ਉਨ੍ਹਾਂ ਨੇ ਗੋਲੀਆਂ ਦੀ ਅਵਾਜ਼ ਸੁਣੀ ਤਾਂ ਉਹ ਭੱਜ ਕੇ ਗੁਰਦੁਆਰਾ ਸਾਹਿਬ ਆ ਗਏ। ਜਦੋਂ ਨੇੜੇ ਪੁੱਜੇ ਤਾਂ ਗੁੰਡਿਆਂ ਨੇ ਛਵੀਆਂ ਤੇ ਗੰਡਾਸੇ ਮਾਰ ਕੇ ਉਨ੍ਹਾਂ ਨੂੰ ਵੀ ਭੱਖਦੀ ਭੱਠੀ ਵਿਚ ਸੁੱਟ ਦਿੱਤਾ। ਇਸ ਸਾਕੇ ਸਬੰਧੀ ਸ. ਉੱਤਮ ਸਿੰਘ ਕਾਰਖਾਨੇ ਵਾਲਿਆਂ ਨੇ ਪੰਥਕ ਜਥੇਬੰਦੀ ਤੇ ਸਰਕਾਰੀ ਅਫਸਰਾਂ ਨੂੰ ਤਾਰਾਂ ਭੇਜੀਆਂ। 21 ਫਰਵਰੀ 1921 ਨੂੰ ਮੁਖੀ ਸਿੱਖ ਤੇ ਅਣਗਿਣਤ ਸੰਗਤਾਂ ਸ੍ਰੀ ਨਨਕਾਣਾ ਸਾਹਿਬ ਪੁੱਜੀਆਂ। ਉਸੇ ਦਿਨ ਸ਼ਾਮ ਨੂੰ ਸ੍ਰੀ ਨਨਕਾਣਾ ਸਾਹਿਬ ਦਾ ਪ੍ਰਬੰਧ ਪੰਥਕ ਜਮਾਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਹੱਥਾਂ ਵਿਚ ਆ ਗਿਆ। 22 ਫਰਵਰੀ ਦੀ ਸ਼ਾਮ ਨੂੰ ਸ਼ਹੀਦ ਸਿੰਘਾਂ ਦਾ ਅੰਤਿਮ ਸੰਸਕਾਰ ਕੀਤਾ ਗਿਆ। ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਦੀ ਖ਼ਬਰ ਸਾਰੇ ਪੰਥ ਤੇ ਦੇਸ਼ ਵਿਚ ਬੜੇ ਦੁੱਖ ਨਾਲ ਸੁਣੀ ਗਈ। ਹਜ਼ਾਰਾਂ ਲੋਕੀਂ ਸ੍ਰੀ ਨਨਕਾਣਾ ਸਾਹਿਬ ਦੇ ਦਰਸ਼ਨਾਂ ਨੂੰ ਚੱਲ ਪਏ। ਇਸ ਖ਼ਬਰ ਨੇ ਸਿੱਖਾਂ ਵਿਚ ਜੋਸ਼ ਤੇ ਜਜ਼ਬੇ ਨੂੰ ਹੋਰ ਤਿੱਖਾ ਕੀਤਾ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਮਦਰਦੀ ਦੀਆਂ ਤਾਰਾਂ ਪੁੱਜੀਆਂ। ਸਾਰੇ ਕੌਮੀ ਅਖ਼ਬਾਰਾਂ ਨੇ ਇਸ ਸਾਕੇ ਸਬੰਧੀ ਦਰਦਨਾਕ ਲੇਖ ਲਿਖੇ, ਪਰ ਅੰਗਰੇਜ਼ਾਂ ਦੇ ਹਾਮੀ ਐਂਗਲੋ-ਇੰਡੀਅਨ ਅਖ਼ਬਾਰਾਂ ਨੇ ਸਿੱਖਾਂ ਵਿਰੁੱਧ ਪ੍ਰਾਪੇਗੰਡਾ ਕੀਤਾ ਤੇ ਸ੍ਰੀ ਨਨਕਾਣਾ ਸਾਹਿਬ ਦੇ ਸ਼ਹੀਦੀ ਸਾਕੇ ਨੂੰ ਇੱਕ ਸੰਪ੍ਰਦਾਇਕ ਝਗੜਾ ਤੇ ਬਦਅਮਨੀ ਦੱਸਣ ਦਾ ਵਿਅਰਥ ਯਤਨ ਕੀਤਾ।

# ਕੀ ਹੁਣ ਪਤਿਤ ਨੌਜਵਾਨ ਸਿੱਖ ਪੰਥ ਦੇ ਰੋਲ ਮਾਡਲ ਬਣਨਗੇ ?

ਦਰਬਾਰਾ ਸਿੰਘ ਕਾਹਲੋਂ

ਪੰਜਾਬ ਅਤੇ ਦੇਸ਼-ਵਿਦੇਸ਼ ਅੰਦਰ ਭਾਰਤ ਅੰਦਰ ਚਲ ਰਿਹਾ ਇਤਿਹਾਸਕ ਕਿਸਾਨੀ ਅੰਦੋਲਨ ਜਦੋਂ ਇਹ ਸਿਖ਼ਰਾਂ ਛੂਹ ਰਿਹਾ ਸੀ ਅਤੇ ਜਿਸ ਦੀ ਸ਼ਕਤੀ ਨੇ ਕੇਂਦਰ ਅੰਦਰ ਭਾਜਪਾ ਦੀ ਅਗਵਾਈ ਸ਼੍ਰੀ ਨਰੇਂਦਰ ਮੋਦੀ ਦੀ ਮਜ਼ਬੂਤ ਸਰਕਾਰ ਨੂੰ ਪਿੱਛੇ ਕਦਮ ਪੁੱਟਣ ਲਈ ਮਜਬੂਰ ਕਰ ਰਖਿਆ ਸੀ, ਆਪ ਹੁੱਦਰੀ ਬੁਰਛਾਗਰਦੀ ਭਰੀ ਨਾਮ-ਨਿਹਾਦ ਦੀਪ ਸਿੱਧੂ ਅਤੇ ਲੱਖਾ ਸਿਧਾਣਾ ਦੀ ਪਤਿਤ ਸਿੱਖ ਅਗਵਾਈ ਨੇ 25 ਜਨਵਰੀ ਰਾਤ ਨੂੰ ਅਤੇ 26 ਜਨਵਰੀ ਨੂੰ ਲਾਲ ਕਿਲਾ ਕਾਰਵਾਈਆਂ ਨਾਲ ਏਨਾ ਵੱਡਾ ਨੁਕਸਾਨ ਪਹੁੰਚਾਇਆ, ਜਿਸ ਦੀ ਪੂਰਤੀ ਮੁਮਕਿਨ ਨਹੀਂ।

ਕਰੀਬ 6 ਮਹੀਨੇ ਪਹਿਲਾਂ ਕੋਰੋਨਾ ਮਹਾਂਮਾਰੀ ਦੇ ਚਲਦੇ ਸ਼੍ਰੀ ਮੋਦੀ ਸਰਕਾਰ ਵੱਲੋਂ ਲਿਆਂਦੇ ਤਿੰਨ ਕਿਸਾਨੀ ਮਾਰੂ ਕਾਨੂੰਨਾਂ ਵਿਰੁੱਧ ਪੰਜਾਬ ਵਿਚੋਂ ਤੂਫ਼ਾਨੀ ਢੰਗ ਨਾਲ ਕਿਸਾਨ ਅੰਦੋਲਨ ਉੱਠਿਆ ਸੀ। 26 ਨਵੰਬਰ, 2020 ਨੂੰ ਇਸ ਨੇ ਹਰਿਆਣਾ, ਯੂ.ਪੀ., ਉੱਤਰਖੰਡ, ਰਾਜਸਥਾਨ ਅਤੇ ਹੋਰ ਰਾਜਾਂ ਦੇ ਕਿਸਾਨਾਂ ਦੀ ਡੱਟਵੀਂ ਹਮਾਇਤ ਨਾਲ ਭਾਰਤ ਦੀ ਰਾਜਧਾਨੀ ਦਿੱਲੀ ਨੂੰ ਚਾਰ ਚੁਫੇਰਿਉਂ ਘੇਰ ਲਿਆ। ਇਸ ਅੰਦੋਲਨ ਵਿਚ ਸਿੰਘੂ ਬਾਰਡਰ ਦੀਆਂ 32, ਟਿੱਕਰੀ ਬਾਰਡਰ ਦੀ ਜੋਗਿੰਦਰ ਸਿੰਘ ਉਗਰਾਹਾਂ, ਗਾਜ਼ੀਪੁਰ ਬਾਰਡਰ ਦੀ ਰਾਕੇਸ਼ ਟਿਕੈਤ, ਹੋਰ ਤਿੰਨ ਥਾਈਂ ਸਵਰਾਜ ਪਾਰਟੀ ਆਗੂ ਯੋਗਿੰਦਰ ਯਾਦਵ ਆਦਿ ਸਮੇਤ 40 ਕੁਐਕਟਿਵ ਕਿਸਾਨ ਆਗੂ ਸ਼ਾਮਲ ਸਨ ਜਿਨ੍ਹਾਂ ਨੂੰ ਦੇਸ਼ ਦੇ ਵੱਖ-ਵੱਖ ਰਾਜਾਂ ਅਤੇ ਖਿੱਤਿਆਂ ਸਬੰਧਤ 450 ਯੂਨੀਅਨਾਂ ਦੇ ਕਿਸਾਨ ਆਗੂਆਂ ਦੀ ਹਮਾਇਤ ਮਿਲ ਰਹੀ ਸੀ। ਸਿੰਘੂ ਬਾਰਡਰ 'ਤੇ ਦੋ ਸਟੇਜਾਂ ਸਨ। ਪੰਨੂ-ਪੰਧੇਰ ਦੀ ਅਗਵਾਈ ਵਿਚ ਛੋਟੀ ਜਦ ਕਿ ਪੂਰੇ ਕਿਸਾਨ ਅੰਦੋਲਨ ਦਾ ਕੇਂਦਰ ਅਤੇ ਬਲਬੀਰ ਸਿੰਘ ਰਾਜੇਵਾਲ, ਦਲਜੀਤ ਸਿੰਘ ਡੱਲੇਵਾਲ, ਗੁਰਨਾਮ ਸਿੰਘ ਚੜੂਨੀ (ਹਰਿਆਣਾ) ਡਾ: ਦਰਸ਼ਨ ਲਾਲ ਆਦਿ ਦੀ ਘਾਗ ਅਗਵਾਈ ਵਿਚ ਵੱਡੀ ਸਟੇਜ ਚਲਦੀ ਹੈ। ਸ਼ੰਭੂ ਬਾਰਡਰ 'ਤੇ ਵੱਖਰੀ ਸਟੇਜ ਦਾ ਸੰਚਾਲਕ ਦੀਪ ਸਿੱਧੂ ਅਤੇ ਲੱਖਾ ਸਿਧਾਣਾ ਅਕਸਰ ਸਿੰਘ ਬਾਰਡਰ ਦੀ ਪ੍ਰਮੁੱਖ ਸਟੇਜ ਤੋਂ ਬੋਲਣ ਅਤੇ ਕਿਸਾਨ ਲੀਡਰਸ਼ਿਪ ਵਿਚ ਨੁਮਾਇੰਦਗੀ ਦੇ ਯਤਨ ਕਰਦੇ ਪਰ ਇਨ੍ਹਾਂ ਦੇ ਸ਼ੱਕੀ ਪਿਛੋਕੜ ਕਰਕੇ ਦਾਲ ਨਾ ਗਲੀ। ਦੀਪ ਸਿੱਧੂ ਕੁੱਝ ਇੱਕ ਪੰਜਾਬ ਫਿਲਮਾਂ ਵਿਚ ਭੂਮਿਕਾ ਨਿਭਾਉਣ ਕਰਕੇ ਮਸ਼ਹੂਰ ਐਕਟਰ ਧਰਮਿੰਦਰ, ਪਤਨੀ ਐਕਟਰਸ ਹੇਮਾ ਮਾਲਿਨੀ (ਭਾਜਪਾ) ਨਾਲ ਸਬੰਧਤ ਹਨ। ਦੀਪ ਸਿੱਧੂ (ਬਠਿੰਡਾ) ਉਨ੍ਹਾਂ ਦੇ ਪਰਿਵਾਰ ਨਾਲ ਅਤਿ ਨੇੜਲਾ ਸਬੰਧ ਰੱਖਦਾ ਹੈ ਜਿਸਨੇ ਧਰਮਿੰਦਰ ਦੇ ਪੁੱਤਰ ਸੰਨੀ ਦਿਓਲ ਵੱਲੋਂ ਗੁਰਦਾਸਪੁਰ ਸੰਸਦੀ ਹਲਕੇ ਲੜੀ ਚੋਣ ਵਿਚ ਮੈਨੇਜਰ ਵਜੋਂ ਭੂਮਿਕਾ ਨਿਭਾਈ। ਲੱਖਾ ਸਿਧਾਣਾ (ਰਾਮਪੁਰਾ ਫੂਲ, ਬਠਿੰਡਾ) ਦਾ ਪਿਛੋਕੜ ਜਰਾਇਮ ਪੇਸ਼ੇ ਨਾਲ ਸਬੰਧਤ ਪਰ ਅੱਜਕਲ੍ਹ ਸਮਾਜਿਕ ਸੇਵਕ ਵਜੋਂ ਵਿਚਰ ਰਿਹਾ ਹੈ। ਦੋਵੇਂ ਪਤਿੱਤ ਸਿੱਖ ਹਨ ਪਰ ਨੌਜਵਾਨ ਅਤੇ ਸਿੱਖੀ ਹਲਕਿਆਂ ਵਿਚ ਦੇਸ਼-ਵਿਦੇਸ਼ 'ਚ ਕਾਫ਼ੀ ਪੈਠ ਰਖਦੇ ਹਨ। ਸਾਬਕਾ ਸਿੱਖ ਖਾੜਕੂ ਅਤੇ ਰੈਡੀਕਲ ਵਰਗ ਨਾਲ ਵੀ ਸਬੰਧ ਰਖਦੇ ਹਨ। ਸਿੰਘੂ, ਟਿੱਕਰੀ ਬਾਰਡਰਾਂ 'ਤੇ ਸਿੱਖ ਹਲਕਿਆਂ ਦਾ ਵੱਡਾ ਗਾਜ਼ੀਪੁਰ ਬਾਰਡਰਾਂ 'ਤੇ ਵੀ ਔਸ਼ਕ ਤੌਰ 'ਤੇ ਸਿੱਖ ਹਲਕਿਆਂ ਦਾ ਪ੍ਰਭਾਵ ਵੇਖਣ ਨੂੰ ਮਿਲਦਾ ਹਰਿਆਣਾ ਅਤੇ ਯੂ.ਪੀ. ਦੇ ਜਾਟਾਂ ਅਤੇ ਹੋਰ ਵਰਗਾਂ ਇਲਾਵਾ ਪੰਜਾਬ ਅਤੇ ਦੇਸ਼-ਵਿਦੇਸ਼ ਵਿਚੋਂ ਸਿੱਖ ਜਥੇਬੰਦੀਆਂ ਡੇਰਾਦਾਰਾਂ ਅਤੇ ਨਾਮਵਰ ਸ਼ਖਸੀਅਤਾਂ ਦੀ ਹਰ ਪੱਧਰ 'ਤੇ ਹਮਾਇਤ ਹਾਸਿਲ ਹੈ। ਸਿੰਘੂ ਬਾਰਡਰ ਸਿਮਰਨਜੀਤ ਸਿੰਘ ਮਾਨ ਅਕਾਲੀ ਦਲ ਅਤੇ ਕੁੱਝ ਰੈਡੀਕਲਜ਼ 'ਖਾਲਿਸਤਾਨ ਜ਼ਿੰਦਾਬਾਦ' ਦੇ ਨਾਅਰੇ ਵੀ ਲਗਾਉਂਦੇ ਹਨ। ਆਪ ਸਮਰਥਕ ਵੀ ਮਿਲਦੇ ਰਹੇ। ਮੁਸਲਿਮ ਕਿਸਾਨ ਵੀ ਮਿਲਦੇ ਰਹੇ। ਟਿੱਕਰੀ ਬਾਰਡਰ 'ਤੇ ਅਨੁਸਾਸ਼ਤ ਕਾਡਰ ਅਧਾਰਤ ਖੱਬੇ ਪੱਖੀਆਂ ਦਾ ਬੋਲਬਾਲਾ ਹੈ। ਗਾਜ਼ੀਪੁਰ ਤੇ ਦੂਸਰੇ ਤਿੰਨ ਬਾਰਡਰਾਂ 'ਤੇ ਰਲਿਆ-ਮਿਲਿਆ ਵਰਤਾਰਾ ਮਿਲਦਾ ਰਿਹਾ। ਇਸੇ ਕਰਕੇ ਇਸ ਤਾਕਤਵਰ ਕਿਸਾਨ ਅੰਦੋਲਨ ਨੂੰ ਬਦਨਾਮ ਕਰਨ ਲਈ ਸਰਕਾਰੀ ਏਜੰਸੀਆਂ ਅਤੇ ਭਾਜਪਾ ਹਮਾਇਤੀ, ਸਰਕਾਰ ਪਿੱਠੂ ਤਮਾਮ ਮੀਡੀਆ ਖਾਲਿਸਤਾਨ, ਨਕਸਲ, ਪੱਖੇ ਪੱਖੀ, ਟੁੱਕੜੇ-ਟੁੱਕੜੇ ਗੈਂਗ, ਅਫਗਾਨੀ, ਚੀਨੀ ਪਿੱਠੂ ਆਦਿ ਗਰਦਾਨਦਾ ਰਿਹਾ। 25 ਜਨਵਰੀ, 2021 ਨੂੰ ਸਿੰਘੂ ਬਾਰਡਰ ਵੱਡੀ ਸਟੇਜ ਰੈਡੀਕਲ ਸਿੱਖ ਨੌਜਵਾਨਾਂ ਨੇ ਬੁਰਛਾਗਰਦ ਢੰਗ ਨਾਲ ਕਬਜ਼ੇ ਹੇਠ ਲੈ ਕੇ ਬਾਗੀ 5 ਮੈਂਬਰੀ ਰੈਡੀਕਲਜ਼ ਨੌਜਵਾਨਾਂ ਦੀ ਕਮੇਟੀ ਐਲਾਨ ਕੇ ਕਿਸਾਨ ਲੀਡਰਸ਼ਿਪ ਟਰੈਕਟਰ ਮਾਰਚ ਤਾਰਪੀਡੋ ਕਰਕੇ ਆਪਣੇ ਏਜੰਡੇ ਅਨੁਸਾਰ ਚਲਾਉਣ ਦਾ ਨਿਰਣਾ ਲਿਆ। ਦਰਅਸਲ ਕਿਸਾਨ ਅੰਦੋਲਨਕਾਰੀ ਲੀਡਰਸ਼ਿਪ ਦੀ ਖੂਬਸੂਰਤੀ ਇਹ ਸੀ ਕਿ ਭਾਵੇਂ ਇਹ ਨਿਰੋਲ ਕਿਸਾਨ ਲੀਡਰਸ਼ਿਪ ਸੀ ਪਰ ਨਿਰਣੇ 18ਵੀਂ ਸਦੀ ਵਿਚ ਪੰਜਾਬ ਅਤੇ ਸਰਹੱਦੀ ਇਲਾਕਿਆਂ ਵਿਚ ਖਾਲਸਾ ਮਿਸਲ ਰਾਜਾਂ ਦੀ ਸਥਾਪਤੀ, ਸੁਰੱਖਿਆ ਅਤੇ ਖਾਲਸਾ ਇਕਜੁੱਟਤਾ ਨੂੰ ਕਾਇਮ ਰੱਖਣ ਵਾਲੀ 'ਸਰਬੱਤ ਖਾਲਸਾ' ਸੰਸਥਾ ਦੀ ਤਰਜ਼ 'ਤੇ ਅਕਾਲ ਤਖ਼ਤ ਸਨਮੁੱਖ ਸਰਬਸੰਮਤੀ ਨਾਲ ਲੈਣ ਵਾਂਗ ਸਿੰਘੂ ਹੈੱਡਕੁਆਰਟਰ ਵਿਖੇ ਲੈਂਦੀ ਸੀ ਅਤੇ ਲੈ ਰਹੀ ਹੈ। ਦੀਪ ਸਿੱਧੂ, ਲੱਖਾ ਸਿਧਾਣਾ ਸਬੰਧਤ ਨੌਜਵਾਨ ਲੀਡਰਸ਼ਿਪ ਦਾ ਫਰਜ਼ ਬਣਦਾ ਸੀ ਕਿ ਇਸ ਲੀਡਰਸ਼ਿਪ ਦੇ ਸਰਬਸੰਮਤੀ ਫੈਸਲੇ ਜੋ ਨਿਰੋਲ ਤਿੰਨ ਕਾਲੇ ਕਾਨੂੰਨਾਂ ਦੀ ਵਾਪਸੀ ਅਤੇ ਸਾਰੇ ਦੇਸ਼ ਦੇ ਕਿਸਾਨਾਂ ਲਈ ਐਮ.ਐਸ.ਪੀ. ਕਾਨੂੰਨ ਬਣਾਉਣ ਦੇ ਟੀਚਾ ਕੇਂਦਰਤ ਹੁੰਦੇ 'ਤੇ ਅਮਲ ਕਰਦੀ। ਲੇਕਿਨ ਇਹ ਅੰਦਰਖਾਤੇ ਸਿੱਖ ਏਜੰਡੇ ਰਾਹੀਂ ਨੌਜਵਾਨਾਂ ਅਤੇ ਹਮਾਇਤੀਆਂ ਨੂੰ ਉਕਸਾਉਂਦੇ ਜਦ ਕਿ ਇਹ ਕਿਸੇ ਵੀ ਤਰ੍ਹਾਂ ਸਿੱਖ ਜਾਂ ਖਾਲਸਾ ਪੰਥ ਦੇ ਆਗੂ ਨਹੀਂ ਸਨ। ਹੈਰਾਨਗੀ ਦੀ ਗੱਲ ਤਾਂ ਇਹ ਹੈ ਸਿੱਖ ਨੌਜਵਾਨਾਂ ਨੂੰ ਇਨ੍ਹਾਂ ਪਿੱਛੇ ਲਗਣ ਤੋਂ ਮਨ੍ਹਾ ਕਰਨ ਲਈ ਸ਼੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਨੇ ਦਲੇਰਾਨਾ ਅਗਵਾਈ ਨਹੀਂ ਦਿੱਤੀ। ਪੂਰੀ ਕਿਸਾਨ ਲੀਡਰਸ਼ਿਪ ਦੀ ਦਾਦ ਦੇਣੀ ਬਣਦੀ ਹੈ ਕਿ ਉਸਨੇ ਪੰਜਾਬ ਦੀ ਨੌਜਵਾਨੀ ਨੂੰ ਅਨੁਸਾਸ਼ਤ ਰੱਖ ਕੇ, ਸੇਵਾ ਸਿਮਰਨ, ਸੁਰੱਖਿਆ ਵੱਲ ਲਗਾਕੇ ਇਸ 'ਤੇ ਨਸ਼ੀਲੇ ਪਦਾਰਥਾਂ ਦੇ ਆਦੀ, ਗੈਂਗਸਟਰ, ਲੜਾਕੇ, ਕੰਮਚੋਰ ਹੋਣ ਦੇ ਪੂਰੇ ਦੇਸ਼ ਦੀ ਕਾਂਗਰਸ, ਅਕਾਲੀ, ਆਪ, ਭਾਜਪਾ, ਧਾਰਮਿਕ, ਸਮਾਜਿਕ ਲੀਡਰਸ਼ਿਪ ਵੱਲੋਂ ਗਰਦਾਨੇ ਜਾਣ ਦੇ ਧੋਣੇ ਧੋ ਸੁੱਟੇ। ਦੇਸ਼ ਵਿਦੇਸ਼ ਵਿਚ ਬੁੱਧੀਜੀਵੀ, ਚੇਤੰਨ ਅਤੇ ਪੰਜਾਬ ਨੂੰ ਬਰਬਾਦੀ ਤੋਂ ਬਚਾਉਣ ਪ੍ਰਤੀ ਸੁਹਿਰਦ ਲੋਕ ਸੋਚਣ ਲੱਗ ਪਏ ਕਿ ਨਿਸ਼ਚਤ ਤੌਰ 'ਤੇ ਇਸ ਪਵਿੱਤਰ ਕਿਸਾਨ ਅੰਦੋਲਨ ਵਿਚੋਂ ਹੰਸਾਂ ਵਾਂਗ ਸੁਅੱਛ ਸੋਚ ਨਾਲ ਪਰਨਾਏ, ਬੇਬਾਕ ਸੱਚ ਅਤੇ ਹੱਕ ਪ੍ਰਤੀ ਚੇਤੰਨ ਨੌਜਵਾਨ ਅਤੇ ਪੰਜਾਬੀ ਇੱਕ ਨਰੋਈ ਰਾਜਨੀਤੀ ਅਤੇ ਲੀਡਰਸ਼ਿਪ ਦੀ ਸਿਰਜਣਾ ਕਰਨਗੇ ਕਿਉਂਕਿ ਅਜੋਕੀ ਸਮੁੱਚੀ ਪੰਜਾਬੀ ਦੀ ਲੀਡਰਸ਼ਿਪ ਨਾਲ ਲੋਕ ਨਫ਼ਰਤ ਕਰਦੇ ਹਨ। ਦੇਸ਼ ਵਿਦੇਸ਼ ਦੇ ਪੰਜਾਬੀਆਂ ਨੇ ਸੰਨ 2017 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਆਮ ਆਦਮੀ ਪਾਰਟੀ ਦੀ ਹਮਾਇਤ ਰਾਹੀਂ ਐਸਾ ਸੰਕਲਪ ਵਿਖਾਇਆ ਸੀ। ਵਿਦੇਸ਼ਾਂ ਵਿਚੋਂ ਨੌਜਵਾਨ ਕੰਮਕਾਜ ਛੱਡ ਕੇ ਪਾਰਟੀ ਦੀ ਹਮਾਇਤ ਲਈ ਪਹੁੰਚੇ। ਅਰਬਾਂ ਰੁਪਏ ਚੰਦਾ ਦਿੱਤਾ। ਇਸ ਦੇ ਆਗੂ ਹਿੱਕ ਠੋਕ ਦਾਅਵਾ ਕਰਦੇ ਸਨ ਕਿ ਉਹ 117 ਦੀਆਂ 117 ਸੀਟਾਂ ਜਿੱਤ ਜਾਣਗੇ ਦਿੱਲੀ ਵਾਂਗ ਪਰ ਇਸ ਪਾਰਟੀ ਦੀ ਭ੍ਰਿਸ਼ਟ, ਬਦਇਖ਼ਲਾਕ, ਏਕਾਧਿਕਾਰਵਾਦੀ ਲੀਡਰਸ਼ਿਪ ਵਲੋਂ ਪੰਜਾਬੀਆਂ ਨੂੰ ਧੋਖਾ ਦੇਣ, ਕਨਵੀਨਰ ਸੁੱਚਾ ਸਿੰਘ ਛੋਟੇਪੁਰ ਨੂੰ ਦੋਸ਼ ਲਾ ਕੇ ਲਾਂਭੇ ਕਰਨ, ਟਿਕਟਾਂ ਵੇਚਣ ਦੀਆਂ ਚਾਲਾਂ ਪੰਜਾਬੀ ਪਹਿਚਾਣ ਗਏ ਅਤੇ ਬੁਰੀ ਤਰ੍ਹਾਂ ਠਿੱਬੀ ਦਿੱਤੀ। ਅਸੀਂ ਭਲੀਭਾਂਤ ਜਾਣਦੇ ਹਾਂ ਕਿ ਸਿੱਖ ਨੌਜਵਾਨ ਅਤੇ ਪੰਥ ਨਾਲ ਸਬੰਧਤ ਸੁਹਿਰਦ ਲੋਕ ਲਗਾਤਾਰ ਭਾਰਤ ਦੀ ਕੇਂਦਰ ਸਰਕਾਰ, ਪੰਜਾਬ ਦੀਆਂ ਸਰਕਾਰਾਂ, ਡੇਰਾਦਾਰਾਂ, ਸਿੱਖ ਧਾਰਮਿਕ ਲੀਡਰਸ਼ਿਪ ਤੋਂ ਲਗਾਤਾਰ ਨਰਾਜ਼ ਅਤੇ ਨਿਰਾਸ਼ ਚਲੇ ਆ ਰਹੇ ਹਨ। ਉਹ ਅੱਜ ਵੀ ਗੁੱਸੇ ਵਿਚ ਹਨ। ਦੇਸ਼ ਦੀ ਵੰਡ ਸਮੇਂ 10 ਲੱਖ ਪੰਜਾਬੀਆਂ ਦਾ ਕਤਲ-ਏ-ਆਮ, ਸਭ ਤੋਂ ਵੱਡਾ ਸਿੱਖ ਪੰਥ ਦਾ ਨੁਕਸਾਨ, ਸੰਨ 1966 ਵਿਚ ਪੰਜਾਬ ਦੀ ਦੂਸਰੀ ਵੰਡ ਫਿਰ ਸਿੱਖ ਪੰਥ ਦਾ ਨੁਕਸਾਨ, ਰਾਜਧਾਨੀ, ਪਾਣੀਆਂ, ਪੰਜਾਬੀ ਇਲਾਕਿਆਂ ਦਾ ਖੋਹਣਾ, ਦੇਸ਼ ਦਾ ਅੰਨ-ਭੰਡਾਰ ਅਤੇ ਖੜਗਭੁਜਾ ਹੋਣ ਦੇ ਬਾਵਜੂਦ ਸਿੱਖਾਂ ਨੂੰ ਇਨਸਾਫ ਅਤੇ ਸਨਮਾਨ ਦੇਣ ਦੀ ਥਾਂ ਨੀਲਾ ਤਾਰਾ ਅਪਰੇਸ਼ਨ ਝੂਠੇ ਪੁਲਿਸ ਮੁਕਾਬਲਿਆਂ ਵਿਚ ਹਜ਼ਾਰਾਂ ਨੌਜਵਾਨਾਂ ਨੂੰ ਮਾਰ ਮੁਕਾਉਣਾ, ਨਵੰਬਰ '84 ਵਿਚ ਦਿੱਲੀ ਤੇ ਹੋਰ ਥਾਈਂ ਸੱਤ ਹਜ਼ਾਰ ਕਰੀਬ ਬੇਗੁਨਾਹ ਸਿੱਖਾਂ ਦੇ ਬੱਚੇ, ਬੁੱਢੇ ਨੌਜਵਾਨ, ਬੀਬੀਆਂ ਨੂੰ ਮਾਰ ਮੁਕਾਉਣਾ, ਜਾਇਦਾਦਾਂ ਸਾੜਨ ਦਾ ਨਿਸ਼ਾਨਾ ਬਣਾਇਆ। ਇਨ੍ਹਾਂ ਲਈ ਗੁਨਾਹਗਾਰਾਂ ਨੂੰ ਸਜ਼ਾ ਨਾ ਮਿਲਣ ਉਲਟਾ ਪੰਜਾਬ ਤੋਂ ਬਾਹਰ ਰਹਿੰਦੇ ਸਿੱਖਾਂ ਨਾਲ ਬੇਇਨਸਾਫੀ ਅਤੇ ਦਹਿਸ਼ਤ ਭਰਿਆ ਮਾਹੌਲ ਜਾਰੀ ਰੱਖਣ ਤੋਂ ਸਿੱਖ ਨਿਰਾਸ਼ ਅਤੇ ਨਰਾਜ਼ ਹਨ। ਦੀਪ ਸਿੱਧੂ-ਲੱਖਾ ਸਿਧਾਣਾ ਅਤੇ ਆਪ ਮੁਹਾਰੇ ਹਜੂਮ, ਜਿਸ ਨੂੰ ਸੁਰੱਖਿਆ ਦਸਤਿਆਂ ਨੇ ਲਾਲ ਕਿਲੇ ਅਤੇ ਫਸੀਲ ਵੱਲ ਜਾਣ ਦਿੱਤਾ, ਨੇ ਨਿਸ਼ਾਨ ਸਾਹਿਬ ਅਤੇ ਕਿਸਾਨੀ ਝੰਡਾ ਲਹਿਰਾ ਕੇ ਭਾਵੇਂ ਕੋਈ ਗੁਨਾਹ ਨਹੀਂ ਕੀਤਾ ਪਰ ਪੂਰੇ ਦੇਸ਼ ਵਿਚ ਵਸਦੇ ਸਿੱਖਾਂ ਵਿਚ ਅਸੁਰੱਖਿਅਤਾ ਦੀ ਭਾਵਨਾ ਪੈਦਾ ਕਰਨ ਅਤੇ ਕਿਸਾਨ ਲੀਡਰਸ਼ਿਪ ਦੇ ਹੁਕਮਾਂ ਦੀ ਅਵੱਗਿਆ ਕਰਨ ਦਾ ਵੱਡਾ ਗੁਨਾਹ ਕੀਤਾ। ਇਸੇ ਕਰਕੇ ਹਰਿਆਣਾ ਦੇ ਕਿਸਾਨਾਂ ਨੇ ਕਿਹਾ ਕਿ ਤੁਸਾਂ ਉਹੀ ਕੀਤਾ, ਜਿਸ ਦਾ ਡਰ ਸੀ। ਇਸੇ ਕਰਕੇ 27-28 ਨੂੰ ਨਿਰਪੱਖ, ਸ਼ਰੀਫ, ਹਰਿਆਣਾ, ਯੂ.ਪੀ. ਰਾਜਸਥਾਨ ਦੇ ਕਿਸਾਨ ਇੱਕ ਵਾਰ ਤਾਂ ਘਰੀ ਪਰਤ ਗਏ। ਭਾਜਪਾ ਗੁੰਡਾਗਰਦਜੀਵੀ ਵਿਧਾਇਕਾਂ, ਕਾਡਰ ਅਤੇ ਦੰਗਈਆਂ ਨੇ ਸਿੰਘੂ, ਟਿੱਕਰੀ, ਗਾਜ਼ੀਪੁਰ ਵਿਖੇ ਅੰਦੋਲਨ ਖਿੰਡਾਉਣ ਲਈ ਹਮਲੇ ਕੀਤੇ ਸਥਾਨਿਕ ਨਰਾਜ਼ ਲੋਕਾਂ ਦੀ ਆੜ ਵਿਚ। ਅੰਦੋਲਨ ਨੂੰ ਵੱਡੀ ਢਾਹ ਲਾ ਕੇ ਆਪ ਅੰਡਰਗਰਾਊਂਡ ਹੋ ਗਏ। ਬੇਗੁਨਾਹ ਨਵਰੀਤ ਮਾਰਿਆ ਗਿਆ। ਸੈਂਕੜੇ ਦਿੱਲੀ ਪੁਲਿਸ ਦੇ ਕਹਿਰ ਦਾ ਸ਼ਿਕਾਰ ਹੋਏ ਅਤੇ ਡੇਢ ਸੌ ਕਰੀਬ ਜੇਲ੍ਹ ਬੰਦ ਕੀਤੇ ਗਏ। ਕੀ ਐਸੇ ਪਤਿਤ, ਸਿੱਖ ਸਿਧਾਂਤਾਂ ਫਲਸਫੇ ਤੋਂ ਕੋਰੇ ਲੋਕ ਪੰਥ ਦੇ ਰੋਲ ਮਾਡਲ ਹੋ ਸਕਦੇ ਹਨ? ਸ਼ਰਮ ਆਉਂਦੀ ਹੈ ਜਦੋਂ ਦੇਸ਼-ਵਿਦੇਸ਼ ਤੋਂ ਗੁਰਸਿੱਖ ਨੌਜਵਾਨ ਅਤੇ ਬਜ਼ੁਰਗ ਐਸੇ ਪਤਿਤ ਲੋਕਾਂ ਨੂੰ ਸੋਸ਼ਲ ਮੀਡੀਆ 'ਤੇ ਹੀਰੋ ਵਜੋਂ ਪ੍ਰਸਤੁੱਤ ਕਰਦੇ ਹਨ। ਸਿੱਖ ਧਾਰਮਿਕ ਲੀਡਰਸ਼ਿਪ ਗੁੰਮ ਹੈ। ਸ਼੍ਰੀ ਅਕਾਲ ਤਖ਼ਤ ਦੇ ਜਥੇਦਾਰ ਚੁੱਪ ਹਨ। ਕੀ ਨਾਨਕ ਦੀ ਸਿੱਖੀ ਅਤੇ ਗੁਰੂ ਗੋਬਿੰਦ ਸਿੰਘ ਜੀ ਦਾ ਖਾਲਸਾ ਪੰਥ ਐਸੀ ਲੀਡਰਸ਼ਿਪ ਦਾ ਉਪਦੇਸ਼ ਦਿੰਦੇ ਹਨ ? ਕੀ ਤੁਸੀਂ ਸੌਂਪ ਦਿਉਗੇ ਇੰਨਾਂ ਨੂੰ ਸਿੱਖਾਂ ਦੀ ਰਾਜਨੀਤਕ ਅਤੇ ਧਾਰਮਿਕ ਲੀਡਰਸ਼ਿਪ? ਉਹ ਕੋਈ ਅਕਲ ਦਾ ਕਰੋ ਹਿਸਾਬ!

**ਸਾਬਕਾ ਰਾਜ ਸੂਚਨਾ ਕਮਿਸ਼ਨਰ, ਪੰਜਾਬ ਕੈਂਬਲਫੋਰਡ-ਕੈਨੇਡਾ।+1 2898292929**

# ਲੋਕ-ਲੁਭਾਊ ਨਾਹਰਿਆਂ ਵਾਲੀ ਸਰਕਾਰ ਦੇ ਲੋਕ ਵਿਰੋਧੀ ਕਾਰਨਾਮੇ

ਗੁਰਮੀਤ ਸਿੰਘ ਪਲਾਹੀ
ਮੋ:9815802070

ਹੁਣ ਵਾਲੀ ਕੇਂਦਰ ਸਰਕਾਰ ਦੀ ਨੀਤ ਅਤੇ ਨੀਤੀ ਤਾਂ ਕਈ ਸਾਲ ਪਹਿਲਾਂ ਹੀ ਸਾਫ ਦਿਸਣ ਲੱਗ ਪਈ ਸੀ। ਸਰਕਾਰੀ ਅਦਾਰਿਆਂ ਨੂੰ ਕਾਰਪੋਰੇਟ ਘਰਾਣਿਆਂ ਦੀ ਝੋਲੀ ਪਾਉਣ ਨਾਲ ਇਸ ਦੇ ਪ੍ਰਭਾਵ ਹੁਣ ਦਿਸਣ ਲੱਗੇ ਹਨ। ਆਪਣੀਆਂ ਨੀਤੀਆਂ ਨੂੰ ਲਾਗੂ ਕਰਨ ਲਈ ਕੇਂਦਰ ਸਰਕਾਰ ਵਲੋਂ ਲਗਾਤਾਰ ਇਹੋ ਜਿਹੇ ਕਾਨੂੰਨ ਪਾਸ ਕੀਤੇ ਗਏ, ਜਿਹੜੇ " ਲੋਕ ਭਲਾਈ ਹਿੱਤ " ਕਹਿ ਕੇ ਲੋਕਾਂ ਦੀਆਂ ਜੜ੍ਹਾਂ 'ਚ ਤੇਲ ਦੇਣ ਵਾਲੇ ਸਾਬਤ ਹੋਏ ਹਨ। ਲੋਕ ਮਾਰੂ ਨੀਤੀਆਂ ਨੂੰ ਲਾਗੂ ਕਰਨ ਲਈ "ਕਰੋਨਾ ਕਾਲ " ਦਾ ਸਮਾਂ ਸਰਕਾਰ ਲਈ "ਸੁਨਹਿਰੀ ਯੁੱਗ " ਵਾਂਗਰ ਸਾਬਤ ਹੋਇਆ, ਜਦੋਂ ਖੇਤੀ ਕਾਨੂੰਨ, ਮਜ਼ਦੂਰ ਪੱਖੀ ਕਾਨੂੰਨ ਜਬਰਦਸਤੀ ਕਦੇ ਆਰਡੀਨੈਂਸਾਂ ਰਾਹੀਂ ਅਤੇ ਕਦੇ ਰਾਜ ਸਭਾ, ਲੋਕ ਸਭਾ 'ਚ ਐਕਟ ਪਾਸ ਕੀਤੇ ਗਏ ਜਾਂ ਉਹਨਾਂ 'ਚ ਸੋਧਾਂ ਕੀਤੀਆਂ ਗਈਆਂ। ਇਹਨਾਂ ਦਾ ਵਿਰੋਧ ਲੋਕਾਂ ਵਲੋਂ ਵੱਡੇ ਪੱਧਰ ਤੇ ਹੋਇਆ ਹੈ। ਲੋਕ ਸੜਕ ਤੇ ਬੈਠੇ ਹਨ।

ਹੁਣ ਸਰਕਾਰ ਜਨਤਕ ਖੇਤਰ ਦੇ ਬੈਂਕਾਂ ਦੇ ਨਿੱਜੀਕਰਨ ਲਈ ਰਾਹ ਪੱਧਰਾ ਕਰਨ ਲਈ ਇਸ ਸਾਲ ਦੋ ਕਾਨੂੰਨਾਂ ਵਿਚ ਸੋਧਾਂ ਕਰ ਸਕਦੀ ਹੈ। ਇਹ ਸੋਧਾਂ ਮੌਨਸੂਨ ਸੈਸ਼ਨ ਜਾਂ ਬਾਅਦ ਵਿੱਚ ਪੇਸ਼ ਕੀਤੀਆਂ ਜਾ ਸਕਦੀਆਂ ਹਨ। ਸਰਕਾਰ ਬੈਂਕਿੰਗ ਕੰਪਨੀਜ਼ (ਐਕੁਈਜੀਸ਼ਨ ਐਂਡ ਟਰਾਂਸਫਰ ਆਫ ਅੰਡਰਟੇਕਿੰਗਜ਼) ਐਕਟ 1970 ਤੇ ਬੈਂਕਿੰਗ ਕੰਪਨੀਜ਼ (ਐਕੁਈਜੀਸ਼ਨ ਐਂਡ ਟਰਾਂਸਫਰ ਆਫ ਅੰਡਰਟੇਕਿੰਗਜ਼) ਕਾਨੂੰਨ 1980 ਵਿੱਚ ਸੋਧ ਕਰੇਗੀ। ਇਨ੍ਹਾਂ ਕਾਨੂੰਨਾਂ ਤਹਿਤ ਬੈਂਕਾਂ ਦਾ ਨਿੱਜੀਕਰਨ ਹੋਇਆ ਸੀ ਤੇ ਇਨ੍ਹਾਂ ਵਿੱਚ ਸੋਧ ਕਰਕੇ ਸਰਕਾਰੀ ਬੈਂਕਾਂ ਦੇ ਨਿੱਜੀਕਰਨ ਦਾ ਰਾਹ ਖੋਲ੍ਹਿਆ ਜਾਵੇਗਾ। ਭਾਰਤ ਸਰਕਾਰ ਵਲੋਂ ਦਰਮਿਆਨੇ ਆਕਾਰ ਦੀਆਂ ਚਾਰ ਸਰਕਾਰੀ ਬੈਂਕਾਂ ਦੀ ਚੋਣ ਨਿੱਜੀਕਰਨ ਲਈ ਕਰ ਲਈ ਗਈ ਹੈ, ਜਿਹਨਾਂ ਵਿੱਚ ਬੈਂਕ ਆਫ ਮਹਾਂਰਾਸ਼ਟਰ, ਬੈਂਕ ਆਫ ਇੰਡੀਆ, ਇੰਡੀਅਨ ਓਵਰਸੀਜ਼ ਬੈਂਕ ਅਤੇ ਸੈਂਟਰਲ ਬੈਂਕ ਆਫ ਇੰਡੀਆ ਸ਼ਾਮਲ ਹਨ। ਕਦੇ ਸਮਾਂ ਸੀ ਜਦੋਂ ਲੁੱਟ ਕਰ ਰਹੇ ਪ੍ਰਾਈਵੇਟ ਬੈਂਕਾਂ ਦਾ ਲੋਕਹਿੱਤਾਂ ਲਈ ਰਾਸ਼ਟਰੀਕਰਨ ਕੀਤਾ ਗਿਆ ਸੀ, ਪਰ ਹੁਣ ਉਹਨਾਂ ਬੈਂਕਾਂ ਨੂੰ ਹੀ ਵੱਡੇ ਕਾਰੋਬਾਰੀਆਂ ਨੂੰ ਸੌਂਪਿਆਂ ਜਾ ਰਿਹਾ ਹੈ।

ਨਿੱਜੀਕਰਨ ਦੇ ਵੱਡੀ ਪੱਧਰ ਉਤੇ ਝਲਕਾਰੇ ਦਿਸਣ ਲੱਗੇ ਹਨ। ਪਿਛਲੇ ਇਕ ਸਾਲ ਵਿੱਚ ਹੀ ਪ੍ਰਤੀ ਲੀਟਰ ਡੀਜ਼ਲ ਦੇ ਭਾਅ 16 ਰੁਪਏ ਵਧ ਗਏ ਹਨ ਅਤੇ ਪੈਟਰੋਲ ਦੀ ਕੀਮਤ ਵਿੱਚ 17 ਰੁਪਏ ਪ੍ਰਤੀ ਲੀਟਰ ਵਾਧਾ ਹੋ ਗਿਆ ਹੈ। ਕੱਚੇ ਤੇਲ ਦੀਆਂ ਅੰਤਰਾਸ਼ਟਰੀ ਪੱਧਰ ਉਤੇ 40 ਫੀਸਦੀ ਕੀਮਤਾਂ ਘੱਟਣ ਦੇ ਬਾਵਜੂਦ ਵੀ ਡੀਜ਼ਲ ਦੀਆਂ ਕੀਮਤਾਂ 'ਚ 50 ਫੀਸਦੀ ਵਾਧਾ ਹੋਇਆ ਹੈ। ਜੂਨ 2014 ਵਿੱਚ ਵਿਸ਼ਵ ਮਾਰਕੀਟ 'ਚ ਕੱਚੇ ਤੇਲ ਦੀ ਕੀਮਤ 109 ਡਾਲਰ ਪ੍ਰਤੀ ਬੈਰਲ ਸੀ, ਜੋ 2016 ਵਿੱਚ ਘਟਕੇ 46 ਡਾਲਰ ਪ੍ਰਤੀ ਬੈਰਲ ਰਹਿ ਗਈ ਅਤੇ ਹੁਣ 63 ਡਾਲਰ ਪ੍ਰਤੀ ਬੈਰਲ ਹੈ। ਪਰ ਡੀਜ਼ਲ, ਪੈਟਰੋਲ ਦੀਆਂ ਕੀਮਤਾਂ 'ਚ ਅੰਤਰਰਾਸ਼ਟਰੀ ਰੇਟ ਘੱਟ ਹੋਣ 'ਤੇ ਵੀ ਖਪਤਕਾਰਾਂ ਨੂੰ ਕੋਈ ਰਾਹਤ ਨਹੀਂ ਮਿਲੀ। ਛੇ ਸਾਲ ਪਹਿਲਾਂ ਰਸੋਈ ਗੈਸ ਦੀ ਕੀਮਤ ਪ੍ਰਤੀ ਸਿਲੰਡਰ 437 ਰੁਪਏ ਸੀ ਜਦਕਿ ਹੁਣ ਖਪਤਕਾਰ ਨੂੰ 775 ਰੁਪਏ ਵਿੱਚ ਪੈਣ ਲੱਗੀ ਹੈ। ਕਰੋਨਾ ਕਾਲ ਤੋਂ ਪਹਿਲਾਂ ਗੈਸ ਸਿਲੰਡਰ ਉਤੇ ਸਬਸਿਡੀ 125 ਰੁਪਏ ਸੀ, ਜੋ ਹੁਣ ਮਾਤਰ 15 ਰੁਪਏ ਰਹਿ ਗਈ ਹੈ। ਰਸੋਈ ਸਿਲੰਡਰ ਦੀ ਕੀਮਤ ਤੇਲ ਅਤੇ ਰਸੋਈ ਗੈਸਾਂ ਦੀਆਂ ਕੀਮਤਾਂ ਵਿੱਚ ਕੀਤਾ ਜਾਂਦਾ ਲਗਾਤਾਰ ਵਾਧਾ ਕਾਰਪੋਰੇਟ ਘਰਾਣਿਆਂ ਦੀਆਂ ਜੇਬਾਂ ਦਾ ਸ਼ਿੰਗਾਰ ਬਣਦਾ ਹੈ। ਮਹਿੰਗਾਈ ਤੇਲ ਕੀਮਤਾਂ 'ਚ ਵਾਧੇ ਕਾਰਨ ਲਗਾਤਾਰ ਵਧ ਰਹੀ ਹੈ ਅਤੇ ਸਿੱਟਾ, ਲੋਕਾਂ ਦਾ ਜੀਵਨ ਔਖੇ ਤੋਂ ਵੀ ਹੋਰ ਔਖਾ ਹੋ ਰਿਹਾ ਹੈ।

ਰੇਲਵੇ, ਏਅਰ ਇੰਡੀਆ ਦੇ ਨਿੱਜੀਕਰਨ ਦੀਆਂ ਤਿਆਰੀਆਂ ਕੇਂਦਰ ਸਰਕਾਰ ਵਲੋਂ ਹੋ ਰਹੀਆਂ ਹਨ। ਸਰਕਾਰ ਦਾ ਉਦੇਸ਼ ਸਰਕਾਰੀ ਸੰਪਤੀਆਂ ਵੇਚ ਕੇ ਸਰਕਾਰੀ ਮਾਲੀਏ ਨੂੰ ਸਹਾਰਾ ਦੇਣਾ ਹੈ। ਉਧਰ ਇਸਦਾ ਅਸਰ ਇਹ ਹੋਏਗਾ ਕਿ ਲੱਖਾਂ ਨੌਕਰੀਆਂ ਖੁਸ ਜਾਣਗੀਆਂ। ਬੇਰੁਜ਼ਗਾਰੀ ਦਾ ਦੈਂਤ ਜੋ ਪਹਿਲਾਂ ਹੀ ਵਿਕਰਾਲ ਰੂਪ ਵਿੱਚ ਦੇਸ਼ 'ਚ ਭੁਖਮਰੀ ਪੈਦਾ ਕਰ ਰਿਹਾ ਹੈ, ਲੋਕਾਂ ਨੂੰ ਹੋਰ ਵੀ ਆਤੁਰ ਕਰ ਦੇਵੇਗਾ। ਪਰ ਇਸ ਸਭ ਕੁਝ ਦਾ ਦੇਸ਼ ਦੇ ਹਾਕਮ ਉਤੇ ਕੋਈ ਅਸਰ ਦਿਖਾਈ ਨਹੀਂ ਦਿੰਦਾ। ਉਹ ਹਾਥੀ ਦੀ ਮਸਤ ਚਾਲ ਬਿਨ੍ਹਾਂ ਕਿਸੇ ਦੀ ਸੁਣੇ ਆਪਹੁਦਰੀਆਂ ਕਰਦੇ ਤੁਰੇ ਜਾ ਰਹੇ ਹਨ। ਦੇਸ਼ 'ਚ ਖੇਤੀ ਕਾਨੂੰਨ ਪਾਸ ਕੀਤੇ ਗਏ। ਜਿਸਦਾ ਵੱਡਾ ਵਿਰੋਧ ਹੋਇਆ। ਅੰਤਰਰਾਸ਼ਟਰੀ ਪੱਧਰ ਉਤੇ ਦੇਸ਼ ਦੀ ਸਰਕਾਰ ਦੀ ਬਦਨਾਮੀ ਹੋ ਰਹੀ ਹੈ। ਦੇਸ਼ ਵਿੱਚ ਖਾਸ ਤੌਰ ਤੇ ਕਰੋਨਾ ਕਾਲ ਦੇ ਸਮੇਂ ਮਜ਼ਦੂਰਾਂ ਦੇ ਹੱਕ ਵਾਲੇ ਕਾਨੂੰਨ ਮੁਅੱਤਲ ਕਰ ਦਿੱਤੇ ਗਏ ਹਨ। ਕੰਮ ਦੇ 12 ਘੰਟੇ ਕਰਨਾ ਇਸ ਵਿੱਚ ਸ਼ਾਮਲ ਹੈ। ਪੱਤਰਕਾਰਾਂ ਲਈ ਬਣੇ ਸੰਬੰਧਤ ਕਨੂੰਨ ਮੁਅੱਤਲ ਹੋ ਚੁੱਕੇ ਹਨ। ਕਿਰਤ ਠੇਕੇਦਾਰੀ ਸਿਸਟਮ ਨੂੰ ਉਤਸ਼ਾਹਤ ਕੀਤਾ ਜਾ ਰਿਹਾ ਹੈ, ਜਿਹੜਾ ਕਿ ਲੋਕਾਂ ਦੇ ਖੂਨ ਚੂਸਣ ਦਾ ਮੌਕਾ ਦਏਗਾ। ਇਸ ਸੰਬੰਧ ਵਿੱਚ ਮਜ਼ਦੂਰ ਜਥੇਬੰਦੀਆਂ ਅੰਤਰਾਸ਼ਟਰੀ ਪੱਧਰ ਉਤੇ ਆਪਣਾ ਕੇਸ ਵਰਲਡ ਲੇਬਰ ਆਰਗੇਨਾਈਜੇਸ਼ਨ ਕੋਲ ਲੈ ਜਾਣ ਦੀ ਤਿਆਰੀ 'ਚ ਹਨ, ਜਿਸ ਨਾਲ ਭਾਰਤ ਦੇਸ਼ ਦੀ ਸ਼ਾਖ ਨੂੰ ਹੋਰ ਧੱਕਾ ਲੱਗੇਗਾ, ਕਿਉਂਕਿ ਪੂਰੀ ਦੁਨੀਆਂ ਵਿੱਚ ਕੰਮ ਦੇ ਘੰਟੇ ਵਧਾਉਣ ਅਤੇ ਮਜ਼ਦੂਰਾਂ ਦੇ ਹੱਕਾਂ ਵਾਲੇ ਕਾਨੂੰਨ ਮੁਅੱਤਲ ਕਰਨ ਵਾਲਾ ਭਾਰਤ ਸ਼ਾਇਦ ਇਕੱਲਾ ਦੇਸ਼ ਹੀ ਹੈ।

ਦੇਸ਼ ਦੀ ਲੋਕਤੰਤਰ ਦੇ ਚੌਥੇ ਥੰਮ ਪੱਤਰਕਾਰਤਾ ਦਾ ਵੀ ਵਪਾਰੀਕਰਨ ਕਰ ਦਿੱਤਾ ਗਿਆ ਹੈ। ਧੰਨ ਕੁਬੇਰਾਂ ਵਲੋਂ ਚਲਾਏ ਜਾ ਰਹੀਆਂ ਅਖਬਾਰਾਂ ਨੇ 20,000 ਪੱਤਰਕਾਰਾਂ ਦੀ ਛਾਂਟੀ ਕਰ ਦਿੱਤੀ। ਕਰੋਨਾ ਕਾਲ 'ਚ 135 ਪੱਤਰਕਾਰਾਂ ਆਪਣੀਆਂ ਜਾਨਾਂ ਗੁਆਈਆਂ। ਪੱਤਰਕਾਰੀ ਦੇ ਪਵਿੱਤਰ ਮਿਸ਼ਨ ਨੂੰ ਪੇਡ ਪੱਤਰਕਾਰੀ ਦੀਆਂ ਬਰੂਹਾਂ ਵੱਲ ਧੱਕ ਦਿੱਤਾ ਗਿਆ। ਸਰਕਾਰ ਨੇ ਵਰਕਿੰਗ ਜਰਨਲਿਸਟ ਐਕਟ ਖਤਮ ਕਰਕੇ ਇਸ ਕਿੱਤੇ ਨਾਲ ਜੁੜੇ ਲੋਕਾਂ ਦੇ ਢਿੱਡ ਵਿੱਚ ਲੱਤ ਮਾਰੀ ਹੈ। ਪੱਤਰਕਾਰਾਂ ਦੇ, ਮਜ਼ਦੂਰਾਂ ਵਾਂਗਰ ਕੰਮ ਦੇ ਘੰਟੇ ਵਧਾ ਦਿੱਤੇ। ਸਰਕਾਰ ਦੀਆਂ ਨੀਤੀਆਂ ਕਾਰਨ ਹੁਣ ਵੱਡੀ ਗਿਣਤੀ ਪ੍ਰਿੰਟ ਅਤੇ ਇਲੈਕਟ੍ਰੋਨਿਕ ਮੀਡੀਆ ਕਾਰਪੋਰੇਟ ਸੈਕਟਰ ਦੀ ਮਾਲਕੀ ਹੇਠ ਹੈ। ਸਿੱਟਾ ਗੋਦੀ ਮੀਡੀਏ ਦੀ ਉਪਜ ਵਜੋਂ ਸਾਹਮਣੇ ਹੈ, ਜਿਸਨੇ ਪੱਤਰਕਾਰਤਾ ਵਾਸਤੇ ਸਪੈਸ਼ਲਾਈਜਡ ਕਿੱਤੇ ਨੂੰ ਮਜ਼ਦੂਰੀ ਕਿੱਤੇ 'ਚ ਬਦਲ ਦਿੱਤਾ ਹੈ। ਨਿੱਜੀਕਰਨ ਦੀਆਂ ਸਾਰੀਆਂ ਹੱਦਾਂ ਪਾਰ ਕਰਦਿਆਂ ਕਾਰਪੋਰੇਟਾਂ ਨੂੰ ਕਿਸਾਨਾਂ ਦੇ ਖੇਤ ਹਥਿਆਉਣ ਦਾ ਮੌਕਾ ਦੇਣ ਲਈ ਖੇਤੀ ਕਾਨੂੰਨ ਲਾਗੂ ਕੀਤੇ ਗਏ ਹਨ ਅਤੇ ਠੇਕਾ ਖੇਤੀ ਕੰਟਰੈਕਟ ਫਾਰਮਿੰਗ ਦੀ ਪੁਰਜੋਰ ਵਕਾਲਤ ਕੀਤੀ ਜਾ ਰਹੀ ਹੈ। ਦੂਜੇ ਪਾਸੇ ਲੋਕ ਲੁਭਾਊ ਨਾਹਰੇ ਦਿੰਦਿਆਂ ਹਰ ਕਿਰਸਾਨ ਦੇ ਖਾਤੇ 'ਚ ਹਰ ਸਾਲ 6000 ਰੁਪਏ ਤਿੰਨ ਕਿਸ਼ਤਾਂ 'ਚ ਪਾਉਣ ਨੂੰ ਵੱਡਾ ਸਰਕਾਰੀ ਕੰਮ ਦੱਸਿਆ ਜਾ ਰਿਹਾ ਹੈ, ਪਰ ਡਾ: ਸਵਾਮੀਨਾਥਨ ਦੀ ਉਸ ਰਿਪੋਰਟ ਨੂੰ ਲਾਗੂ ਕਰਨ ਤੋਂ ਕੰਨੀ ਕਤਰਾਈ ਜਾ ਰਹੀ ਹੈ, ਜਿਹੜੀ ਕਿਸਾਨਾਂ ਦੀ ਫਸਲ ਕਈ ਘੱਟੋ ਘੱਟ ਸਮਰਥਨ ਮੁੱਲ ਦੇਣ ਦੀ ਗੱਲ ਕਹਿੰਦੀ ਹੈ। ਕਿਸਾਨ ਸੰਘਰਸ਼ ਦੀ ਮੁੱਖ ਮੰਗ ਘੱਟੋ ਘੱਟ ਸਮਰਥਨ ਮੁੱਲ ਨੂੰ ਭਾਰਤ ਦਾ ਪ੍ਰਧਾਨ ਮੰਤਰੀ ਇਹ ਬਿਆਨ ਦੇ ਕੇ ਆਪਦਾ ਫਰਜ਼ ਪੂਰਾ ਹੋ ਗਿਆ ਸਮਝਦਾ ਹੈ, "ਦੇਸ਼ ਦੇ ਹਰ ਭਾਗ 'ਚ ਕਿਸਾਨੀ ਫਸਲਾਂ ਲਈ ਘੱਟੋ ਘੱਟ ਸਮਰਥਨ ਮੁੱਲ ਇਹਨਾ ਸੂਬਿਆਂ 'ਚ ਲਾਗੂ ਸੀ, ਲਾਗੂ ਹੈ, ਲਾਗੂ ਰਹੇਗਾ"। ਪਰ ਯੂ.ਪੀ. ਅਤੇ ਹੋਰ ਰਾਜਾਂ ਤੋਂ ਵੱਡੇ ਵਪਾਰੀ ਕਣਕ, ਝੋਨਾ ਘੱਟ ਕੀਮਤ ਤੇ ਖਰੀਦਕੇ ਪੰਜਾਬ, ਹਰਿਆਣਾ ਦੀਆਂ ਮੰਡੀਆਂ 'ਚ ਵੇਚਣ ਲਈ ਲਿਆਉਂਦੇ ਹਨ ਕਿਉਂਕਿ ਇਹਨਾਂ ਦੋਹਾਂ ਫਸਲਾਂ ਉਤੇ ਇਥੇ ਘੱਟੋ-ਘੱਟ ਸਮਰਥਨ ਮੁੱਲ ਲਾਗੂ ਹੈ।

### सरकार अब वैकल्पिक मार्ग अपनाएगी

# अर्थव्यवस्था पर भारी पड़ता इंटरनेट शटडाऊन




– योगेश कुमार गोयल

26 जनवरी को दिल्ली में हुई हिंसा के बाद हरियाणा के कई जिलों सहित सिंघु गाजीपुर तथा टीकरी बॉर्डर पर सरकार के निर्देशों पर इंटरनेट सेवा बाधित की गई थी जो विभिन्न स्थानों पर करीब दस दिनों तक जारी रही। हरियाणा में दूरसंचार अस्थायी सेवा निलंबन लोक आपात या लोक सुरक्षा नियम 2017 के नियम 2 के तहत क्षेत्र में शांति बनाए रखने और सार्वजनिक व्यवस्था में किसी भी प्रकार की गड़बड़ी को रोकने के लिए इंटरनेट सेवाएं बंद करने के आदेश दिए गए थे। इंटरनेट आज न केवल आम जनजीवन का अभिन्न अंग बन चुका है बल्कि इस पर पाबंदी के कारण हरियाणा में कोरोना वैक्सीन कार्यक्रम भी प्रभावित हुआ। इंटरनेट सुविधा पर पाबंदी के कारण छात्रों की ऑनलाइन कक्षाएं बंद हो गई थी इंटरनेट पर आधारित व्यवसाय ठप्प हो गए थे। विभिन्न सेवाओं और योजनाओं के माध्यम से एक ओर जहां सरकार डिजिटल इंडिया के सपने दिखा रही है अधिकांश सेवाओं को इंटरनेट आधारित किया जा रहा है वहीं बार.बार होते इंटरनेट शटडाउन के चलते जहां लोगों की दिनचर्या प्रभावित होती है और देश को इसका बड़ा आर्थिक नुकसान भी झेलना पड़ता है। डिजिटल इंडिया के इस दौर में जिस तरह इंटरनेट शटडाउन के मामले लगातार बढ़ रहे हैं और लोगों को बार.बार नेटबंदी का शिकार होना पड़ रहा है उससे भारत की छवि पूरी दुनिया में प्रभावित हो रही है। ब्रिटेन के डिजिटल प्राइवेसी एंड सिक्योरिटी रिसर्च ग्रुप टॉप.10 वीपीएन की एक रिपोर्ट के मुताबिक पिछले वर्ष भारत में कुल 75 बार इंटरनेट शटडाउन किया गया। कुल 8927 घंटे तक इंटरनेट पर लगी पाबंदी से जहां 1.3 करोड़ उपभोक्ता प्रभावित हुए वहीं इससे देश को करीब 2.8 बिलियन डॉलर ;204.89 अरब रुपये का नुकसान हुआ। इंटरनेट पर जो पाबंदियां 2019 में लगाई गई थी वे 2020 में भी जारी रहीं और भारत को 2019 की तुलना में गत वर्ष इंटरनेट बंद होने से दोगुना नुकसान हुआ। फेसबुक की पारदर्शिता रिपोर्ट में बताया गया था कि जुलाई 2019 से दिसम्बर 2019 के बीच तो भारत दुनिया में सर्वाधिक इंटरनेट व्यवधान वाला देश रहा था। वर्ष 2019 में कश्मीर में तो सालभर में 3692 घंटों के लिए इंटरनेट शटडाउन किया गया। शीर्ष 10 वीपीएन की रिपोर्ट में बताया गया है कि बीते वर्ष विश्वभर में कुल इंटरनेट शटडाउन 27165 घंटे का रहा जो उससे पिछले साल से 49 प्रतिशत ज्यादा था। इसके अलावा इंटरनेट मीडिया शटडाउन 5552 घंटे रहा। ब्रिटिश संस्था द्वारा इंटरनेट पर पाबंदियां लगाने वाले कुल 21 देशों की जानकारियों की समीक्षा करने पर पाया गया कि भारत में इसका जितना असर हुआ वह अन्य 20 देशों के सम्मिलित नुकसान के दोगुने से भी ज्यादा है और नुकसान के मामले में 21 देशों की इस सूची में शीर्ष पर आ गया है। वर्ष 2020 में 1655 घंटों तक इंटरनेट ब्लैकआउट रहा तथा 7272 घंटों की बैंडविथ प्रभावित हुई जो किसी भी अन्य देश की तुलना में सर्वाधिक है। रिपोर्ट के अनुसार भारत दुनियाभर में नेटबंदी से होने वाले कुल 4.01 अरब डॉलर के नुकसान के तीन चौथाई हिस्से का भागीदार बना है। इंटरनेट शटडाउन के मामले में भारत के बाद दूसरे स्थान पर बेलारूस और तीसरे पर यमन रहा। बेलारूस में कुल 218 घंटों की नेटबंदी से 336०4 मिलियन डॉलर नुकसान का अनुमान है। रिपोर्ट में इंटरनेट शटडाउन को परिभाषित करते हुए इसे किसी विशेष आबादी के लिए या किसी एक स्थान पर इंटरनेट या इलैक्ट्रॉनिक संचार को इरादतन भंग करना बताया गया है और इस ब्रिटिश संस्था के अनुसार ऐसा सूचना के प्रवाह पर नियंत्रण कायम करने के लिए किया जाता है।

उल्लेखनीय है कि भारत में सरकार द्वारा इंटरनेट सेवाओं पर रोक लगाने के लिए अलग.अलग परिस्थितियों में अलग.अलग कानूनों का सहारा लिया जाता है जिनमें कोड ऑफक्रिमिनल प्रोसीजर ;सीआरपीसी 1973 इंडियन टेलीग्राफ एक्ट 1885 तथा टेंपरेरी सस्पेंशन ऑफ टेलीकॉम सर्विसेज रूल्स 2017 शामिल हैं। पहले सूचना के प्रचार.प्रसार सहित इंटरनेट शटडाउन का अधिकार इंडियन टेलीग्राफ एक्ट 1885 तथा धारा.144 के तहत सरकार व प्रशासन को दिया गया था लेकिन टेंपरेरी सस्पेंशन ऑफ टेलीकॉम सर्विसेज रूल्स 2017 के अस्तित्व में आने के बाद इंटरनेट शटडाउन का फैसला अब अधिकांशतः इसी प्रावधान के तहत लिया जाने लगा है। हालांकि संयुक्त राष्ट्र द्वारा वर्ष 2016 में एक प्रस्ताव पारित किया गया था जो इंटरनेट को मानवाधिकार की श्रेणी में शामिल करता है और सरकारों द्वारा इंटरनेट पर रोक लगाने को सीधे तौर पर मानवाधिकारों का उल्लंघन बताता है लेकिन यह प्रस्ताव किसी भी देश के लिए बाध्यकारी नहीं है।इंटरनेट शटडाउन किए जाने पर सरकार और प्रशासन द्वारा सदैव एक ही तर्क दिया जाता है कि किसी विवाद या बवाल की स्थिति में हालात बेकाबू होने से रोकने तथा शांति व्यवस्था बनाए रखने के लिए अफवाहों गलत संदेशों खबरों तथ्यों व फर्जी तस्वीरों के प्रचार.प्रसार के जरिये विरोध की चिंगारी दूसरे राज्यों तक न भड़कने देने के उद्देश्य से ऐसा करने पर विवश होना पड़ता है। इसमें कोई दो राय नहीं कि सोशल मीडिया के जरिये कुछ लोगों द्वारा झूठे संदेश और फर्जी वीडियो वायरल कर माहौल खराब करने के प्रयास किए जाते हैं लेकिन उन पर शिकंजा कसने के लिए इंटरनेट पर पाबंदी लगाने के अलावा प्रशासन के पास और भी तमाम तरीके होते हैं। विश्वभर में कई रिसर्चरों का दावा है कि इंटरनेट बंद करने के बाद भी हिंसा तथा प्रदर्शनों को रोकने में इससे कोई बड़ी सफलता नहीं मिलती है हां लोगों का काम धंधा अवश्य चौपट हो जाता है और व्यक्तिगत नुकसान के साथ सरकार को भी बड़ी आर्थिक चपत लगती है। इंटरनेट पर बार.बार पाबंदियां लगाए जाने का देश को भारी नुकसान झेलना पड़ रहा है।

# क्या अब मिलेगी अपनी बात छिपाने की आजादी

**डा. वेदप्रताप वैदिक**

पिछले तीन.चार सौ साल से दुनिया में एक बड़ी लड़ाई चल रही है। उसका नाम है अभिव्यक्ति की स्वतंत्रता। ब्रिटेन यूरोप अमेरिका और भारत.जैसे कई देशों में तो यह नागरिकों को उपलब्ध हो गई है लेकिन आज भी चीन रूस और कुछ अफ्रीकी और अरब देशों में इसके लिए लड़ाइयाँ जारी हैं। अभिव्यक्ति की स्वतंत्रता क्या है अपने दिल की बात बताने की स्वतंत्रता ! लेकिन आजकल एक नई लड़ाई सारी दुनिया में छिड़ गई है। वह है अपनी बात बताने की नहीं छिपाने की स्वतंत्रता। छिपाने का अर्थ क्या है यही कि आपने किसी से फोन पर या ईमेल पर कोई बात की तो उसे कोई तीसरा व्यक्ति न जान पाए। वह तभी जाने जबकि आप उसे अनुमति दें।आजकल मोबाइल फोन और इंटरनेट की तकनीकी का कमाल ऐसा हो गया है कि करोड़ों लोग हर रोज़ अरबों.खरबों संदेशों का लेन.देन करते रहते हैं लेकिन उनमें से ज्यादातर को यह पता नहीं है कि उनके एक.एक शब्द पर कुछ खास लोगों की नजर रहती है। कौन हैं ये खास लोग् ये हैंए व्हाट्साप और फेसबुक के अधिकारी लोग ! उन्होंने ऐसी तरकीबें निकाल रखी हैं कि आपकी कितनी भी गोपनीय बात हो वे उसे सुन और पढ़ सकते हैं। ऐसा करने के पीछे उनका स्वार्थ है। वे आप पर जासूसी कर सकते हैं आपको आर्थिक नुकसान पहुंचा सकते हैं वे आपके फैसलों को बदलवा सकते हैं आपके पारस्परिक संबंधों को बिगाड़ सकते हैं। यही शक्ति वे सरकार के मंत्रियों, सांसदों और अधिकारियों के विरूद्ध भी इस्तेमाल कर सकते हैं। इसीलिए यह मांग उठ रही है कि अभिव्यक्ति की स्वतंत्रता की तरह निजता याने गोपनीयता की स्वतंत्रता की भी कानूनी गारंटी हो। हमारे संविधान में निजता की कोई गारंटी नहीं है। 2017 में हमारे सर्वोच्च न्यायालय में इस मुद्दे पर जमकर बहस हुई थी। अब 2021 में भी सर्वोच्च न्यायालय में यही मुद्दा जोरों से उठा है। लेकिन दोनों में बड़ा फर्क है। जुलाई 2017 में कुछ याचिकाकर्त्ताओं ने मांग की थी कि निजता को भी अभिव्यक्ति की तरह संविधान में मूल अधिकार की मान्यता दी जाए लेकिन तब सरकारी वकील ने तर्क दिया कि यदि निजता को मूल अधिकार बना दिया गया तो उसकी आड़ में वेश्यावृत्ति तस्करी विदेशी जासूसी ठगी आपराधिक राष्ट्रद्रोही और आतंकी गतिविधियां बेखटके चलाई जा सकती हैं। उसने सर्वोच्च न्यायालय के 1954 और 1956 के दो फैसलों का जिक्र भी किया था जिनमें निजता के अधिकार को मान्य नहीं किया गया था। लेकिन अब सरकारी वकील निजता के अधिकार के लिए सर्वोच्च न्यायालय में पूरा जोर लगाए हुए हैं। क्यों क्योंकि व्हाटसाप और फेसबुक जैसी कंपनियों के बारे में शिकायतें आ रही हैं कि वे निजी संदेशों की जासूसी करके बेशुमार फायदे उठा रही हैं। व्हाटसाप के जरिए भेजे जानेवाले संदेशों से इतना फायदा उठाया जाता है कि व्हाट्साप को फेसबुक ने 19 अरब डॉलर जैसी मोटी रकम देकर खरीद लिया है। हर व्हाटसाप संदेश के ऊपर यह लिखा हुआ आता है कि आपके संदेश या वार्ता को कोई न पढ़ सकता है न सुन सकता है लेकिन इस साल उसने घोषणा कर दी थी कि 8 फरवरी 2021 से उसके हर संदेश या बातचीत को फेसबुक देख सकेगी। यह खबर निकलते ही इतना हंगामा मचा की व्हाट्साप ने इस तारीख को आगे खिसकाकर 15 मई कर दिया।लोग इतने डर गए कि लाखों लोगों ने व्हाट्साप की जगह तत्काल सिग्नल ष्टेलीग्राम और बोटिम जैसे नए माध्यमों को पकड़ लिया। देश में आजकल जैसा माहौल है ज्यादातर मंत्रिगण नेता पत्रकार और बड़े व्यापारी लोग व्हाट्साप के इस्तेमाल को ही सुरक्षित समझते हैं। इसीलिए भारत सरकार ने 2018 में व्यक्तिगत संवाद रक्षा कानूनष् के निर्माण पर बहस चलाई है। उसमें दर्जनों संशोधन आए हैं और संसद के इसी सत्र में वह शायद कानून भी बन सकता है। यह कानून ऐसा बन रहा हैए जिसमें व्यक्तिगत निजता की तो पूरी गारंटी होगी लेकिन राष्ट्रविरोधी और आपराधिक




गतिविधियों को पकड़ने की छूट होगी। आजकल सर्वोच्च न्यायालय में सरकारी वकील फेसबुक के वकीलों से जमकर बहस कर रहे हैं और पूछ रहे हैं कि यूरोप में आप जिस नीति को पिछले दो साल से चला रहे हैं वह आप भारत में क्यों नहीं चलाते यूरोपीय संघ ने लंबे विचार विमर्श के बाद निजता.भंग पर कड़े प्रतिबंध लगा दिए हैं और उसका उल्लंघन करनेवाली कंपनियों पर भारी जुर्माना ठोक दिया है। व्यक्ति.विशेष की अनुमति के बिना उसके संदेश को किसी भी हालत में कोई नहीं पढ़ सकता। 16 साल की उम्र के बाद ही बच्चे व्हाट्साप का इस्तेमाल कर सकते हैं। सर्वोच्च न्यायालय ने भी निजता के अधिकार की रक्षा में गहरी रूचि दिखाई है। चीफजस्टिस एस ए बोबडे की अध्यक्षतावाली पीठ ने फेसबुक के लोगों को कहा है कि आप होंगे दो.तीन ट्रिलियन की कंपनी लेकिन लोगों की निजता उससे ज्यादा कीमती है। हर हाल में उसकी रक्षा हमारा फर्ज है। न्यायपीठ ने व्हाट्साप से कहा है कि वह चार हफ्तों में अपनी प्रतिक्रिया दे। फेसबुक के वकीलों ने कहा है कि यदि भारतीय संसद यूरोप.जैसा कानून बना देगी तो हम उसका भी पालन करेंगे। हमारी संसद को यही सावधानी रखनी होगी कि निजता का यह कानून बनाते वक्त वह कृषि.कानूनों की तरह जल्दबाजी न करे।

# बच्चों को जीत ही नहीं हार से भी निपटना सिखाइए



बच्चे की सफलता पर हमारी प्रतिक्रिया जितनी सकारात्मक होती है असफलता पर उतनी ही विपरीत। पर अपनी प्रतिक्रिया देने के इस क्रम में हम बच्चे को हार का सामना करना सिखा ही नहीं पाते। कैसे बच्चे को इसमें भी बनाएं माहिर बता रही हैं स्पर्धा रानी छोटी सी मेधा जब स्कूल के स्पोर्ट्स डे पर पिछड़ गई तो उसका रो.रोकर बुरा हाल था। उसे बार.बार यही लग रहा था कि दौड़ में इतनी मेहनत के बावजूद वह पीछे रह गई। पहले तो उसकी मम्मी ऋतु को भी बहुत दुख हुआ लेकिन बाद में मेधा की हालत देखकर उन्होंने मेधा को समझाने की कोशिश की। अंतत: मेधा को समझ में आ गया कि हारने से ज्यादा जरूरी है खेल में हिस्सा लेना।

हम सब कई क्षेत्रों में पीछे रह जाते हैं हार जाते हैं। ऑफिस के काम से लेकर खेल.कूद प्रतियोगी परीक्षाओं में भी लेकिन इसका अर्थ यह बिल्कुल नहीं है कि हम हिम्मत हारकर बैठ जाएं। खासकर बात जब बच्चों की आती है तो हमें उन्हें हार.जीत से परे होकर हिस्सा लेने के बारे में समझाना चाहिए क्योंकि हम अपने बच्चों को फेल होते नहीं देखना चाहते और न ही उनके भविष्य के साथ किसी तरह का खिलवाड़ होते देखना चाहते हैं। बच्चों को यह बात समझ में आए इसके लिए जरूरी है कि हम उनके साथ ढेर सारा समय बिताएं और उन्हें ही प्राथमिकता दें। उन्हें खूब सारा प्यार देकर और प्रोत्साहन भरे शब्दों का इस्तेमाल करके हम उन्हें राहत महसूस कराएं। अपने बच्चों को हार से उबारने और उससे पार पाने के लिए हमें उन्हें कुछ खास बातें जरूर बतानी चाहिए।

**सबको नहीं मिलती ट्रॉफी**

उन्हें सबसे पहले यह समझाएं कि हर समय जीतना जरूरी नहीं है। इसकी शुरुआत स्कूल में ही हो जाती है जब वे खेलों में हिस्सा लेते हैं। उन्हें यह बताएं कि हर समय हर व्यक्ति जीत नहीं सकता। हालांकि उनका यह भी समझना जरूरी है कि वे जो कर रहे हैं उसमें अपना बेहतर देने की कोशिश करें। लेकिन जितने गर्व के साथ से वे जीत को सिर.माथे पर लेते हैं उतने ही खुश होकर हार को भी अपनाएं।

**अपनी हार अपने माथे**

उन्हें अपनी हार खुद अपने माथे लेना सिखाएं। अमूमन देखा गया है कि जब बच्चे किसी चीज में पिछड़ जाते हैं तो वे दूसरों को अपनी हार के लिए जिम्मेदार बताते हैं। लेकिन यह याद रखना जरूरी है कि हार को स्वीकार करने से ही सफलता हासिल होती है। दूसरे को जिम्मेदार बताने से कुछ भी नहीं मिलता।

सबकी प्रतिभा अलग.अलग

कई चीजें हमारे बस में नहीं होती। संभव है कि आपका बच्चा खेल में अच्छा हो और पढ़ाई में औसत। इस बात को आपको भी स्वीकार करना चाहिए और बच्चे को भी समझाइए। हांए यह जरूर है कि आधारभूत पढ़ाई सबके लिए जरूरी है। आपको यह सोचकर खुश होना चाहिए कि वह किसी क्षेत्र में तो चैंपियन है। उन्हें उस रास्ते पर चलने में मदद कीजिएए जहां उनकी सफलता छिपी है।

**हार के बारे में बातचीत**

उनसे बात करें कि हारने के बाद उन्हें कैसा महसूस हो रहा है। यह महत्वपूर्ण है कि आपका बच्चा अपने एहसास आपसे बांटे। इस तरह से आपको यह पता चलेगा कि उन्हें कितना दुख पहुंचा है और आप किस तरह से उन्हें सांत्वना दे सकती हैं और यह समझा सकती हैं कि कभी.कभी हारना भी बुरा नहीं है। अपना यह एहसास बांटने से उन्हें जीवन के अन्य क्षेत्रों के लिए भी तैयार होने में मदद मिलेगी।

**सफलता की सीढ़ी हार**

उन्हें समझाएं कि हार सफलता की सीढ़ी पर चढ़ने का रास्ता भी हो सकता है। यदि वे बैठकर यह सोचने में लग जाएंगे कि वे कैसे हार गए तो इसका कोई सकारात्मक परिणाम हाथ नहीं आएगा। इसकी बजाय यदि वे अगली बार के लिए तैयारी करेंगे तो निश्चित तौर पर सफलता उनके कदम चूमेगी।

गले लगाएं–सबसे बड़ी बातए जब भी आपका बच्चा दुखी हो उसे गले लगाएं। हमें गले लगाने की जरूरत हर उम्र में पड़ती है। तो आपका बच्चा चाहे पांच साल का हो या पंद्रह का उसे गले जरूर लगाएं। याद रखें कि आप जितना देंगी उतना ही आपको वापस मिलेगा। सोचकर देखिए क्या आपको उस समय अच्छा नहीं लगेगा जब आप दुखी हों और आपका बच्चे आगे बढ़कर आपको गले लगा ले।

**जीतना सीखें**

यह सुनकर थोड़ा अजीब लग रहा होगा लेकिन सच तो यह है कि जीतने की भी कला होती है। जीतने की योजना भी बनाई जानी चाहिए और उसके बाद उसी के अनुसार काम करना चाहिए। बच्चे की जीतने की इस योजना में आप उसकी मदद कर सकती हैं। पढ़ाई के लिए दिनचर्या बनाने में उसकी मदद करें पढ़ने में उसकी मदद करें। परीक्षा के समय जब वह देर रात तक जागता है तो उसे चाय या कॉफी बनाकर दें। कहने का तात्पर्य है कि किसी की जीत के लिए सिर्फउसकी अपनी काबिलियत नहीं दूसरों की मदद भी जरूरी है।

# घर में बच्चों को जिम्मेदार भी बनाते हैं पेटस



आजकल एकल परिवार हैं। ऐसे में बढ़ती महंगाई और खर्चों के कारण अब माता.पिता दोनों काम करते हैं और इस कारण उन्हें ज्यादातर समय घर से बाहर ही रहना पड़ता है। ऐसे में देखा गया है कि बच्चेए विशेषकर अकेला बच्चाए खुद को अकेला और उपेक्षित महसूस करता है। ज्यादातर मामलों में अभिभावक अपने बच्चों के साथी के तौर पर पालतू जानवरों पसंदीदा ;पेट्स को रखते हैं। एक पालतू जानवर बच्चे के भाई.दोस्त या परिवार के सदस्य की जगह नहीं ले सकताए पर यह बच्चे के खालीपन को जरूर भर सकता है। बच्चा इनके साथ खेलते हुए कई चीजें सीखता है।

Another risk is that these are often sold as safe alternatives to marijuana that, because of their chemical structures, will not be discovered through standard drug screenings. Thus, users who purchase these drugs over the internet or elsewhere simply do not know what they are getting. "Not only does the amount of the active pharmacological agent change with different batches of drugs, made by different labs, but the active compound itself can change," Fantegrossi said.

PREETNAMA ਪ੍ਰੀਤਨਾਮਾ ਖਰਾ ਸੱਚ
Online and Print Media



# India's first woman astronaut-Kalpana Chawla, An Inspiration & the woman who loved to fly!!

**"When you look at the stars and the galaxy, you feel that you are not just from any particular piece of land, but from the solar system"- Kalpana Chawla**

There is no shortage of stories of people making it big from nothing or to riches from rags, but hers is one of the most **wonderful** ones. From the small town of **Karnal in Haryana** to space, **Kalpana Chawla's** journey is not only **remarkable** but is also an **inspiration.**She hailed from an orthodox society where girls seldom become the **reason for celebration**. So, that is the power of dreams - one cannot shackle them. So, she is truly the nation's **beloved astronaut** and an embodiment of achieving one's dreams.

Born on **March 17, 1962**, Chawla was the **youngest** child ( four siblings) of **Banarasi Lal Chawla** and **Sanjyothi.** Her name means **imagination**. She grew up in an environment where **hard work** was encouraged. She was a **precocious** child and confident, outgoing girl with a natural curiosity, independent ,creative & imaginative nature and also, had delight in discovering how things worked. During career discussions with her peers, she would always point to the sky and say, ***'I'm going to fly!'*** She completed her schooling from **Tagore public school** Karnal, **engineering** from Chandigarh in 1982 and further pursued her **M.Sc. in Aerospace engineering** from Texas University in 1984.

**She got interested in flying after seeing her idol JRD Tata who was a great pilot and a leading businessman.** Kalpana Chawla, who had dreamt of being an **aerospace engineer** from an early age, said she was inspired by seeing anybody who gave their best to something. So, she was really the ***Indian Braveheart, Who Died Living Her Dream.***

She met and married **Jean-Pierre Harrison**, who was a **flight instructor.** It was from Harrison that she learned how to fly a plane. **Chawla was licensed to fly single and multi-engine land airplanes, single-engine seaplanes and gliders and was also a certified flight instructor**.

She started working at **Ames Research Center of NASA** in 1988 & was chosen in 1994 by NASA in the 15th group of astronauts for space flight. After her training at **Johnson space Center** for one year, she was recruited for technical jobs which included, development of Robotic equipment and testing in Shuttle Avionics Integration Laboratory. **Her** First Mission in space **was for 376 hours and 34 minutes, travelling**






**Dr Dimpy Gupta**
**BDS, MBA**
**Relationship Manager**
**Indus Hospitals (Mohali, Fatehgarh & Dera Bassi, Punjab)**

**over 10.4 million miles in 252 orbits of the earth,** (19 Nov 1997 to 5 Dec 1997**) from flight** STS-87 Columbia**. Her experiments there were based on how zero gravitation mode affects the physical activities. While traveling in the weightlessness of space, she said** *"You are just your intelligence". "Chawla was the first Indian-born woman and the second Indian person to fly in space, following cosmonaut Rakesh Sharma who flew in 1984 in a spacecraft."* **In** 2000**, Chawla was selected for her** second voyage**, & the mission was delayed several times, up till 2003 when on** 16th Jan**, her last space flight with space shuttle Columbia The crew of seven went on a** 16-day mission **and conducted over** 80 experiments **in two days. It was totally based on science and research.On the morning of** February 1, 2003**, the space shuttle was intended to come back and land at the Kennedy Space Center. Upon launch a briefcase-sized piece of insulation broke off and damaged the thermal protection system of the shuttle. As the shuttle entered the atmosphere, the pressure had deemed the shuttle unstable. The shuttle de-pressurised and blew up over** Texas and Louisiana, **killing all six astronauts along with Kalpana** The **Columbia disaster of 2003** is etched into the memories of every person who sat in front of the television that day to cheer the successful landing but was met with a rude shock. It has been **15 years** now since the fateful day. The nation still loves her as ever. And she continues to inspire little children to break away from inhibitions, aim for the stars and settle for nothing less.

***Dreams can be turned to a successful reality. One requires foresight, courage and regular hard work for the same. These words by her are truly a motivating factor for today's youth.***

# The global problems Biden can't avoid

In his first days in office, President Joe Biden has prioritized immediate actions in America and for Americans. This is what he promised. But he has also committed to reestablishing international US leadership, with "humility and confidence" as Secretary of State Antony Blinken put it, and started with executive orders on issues like refugees and the pandemic. These measures lay the foundation for urgent action needed now more than ever in the world's proliferating humanitarian crises, mired in the triple threat of untended conflict, unmitigated climate change and the scourge of Covid-19.

s IRC's 2021 Watchlist reveals, this toxic mix is driving unprecedented humanitarian need and reversing decades of hard-won progress worldwide. As our report notes, the 20 countries in crisis on the list represent just 10% of the global population, but account for 85% of those in humanitarian need. They are also the countries driving the global displacement crisis, accounting for 84% of all refugees in 2019. The Covid-19 pandemic has increased global humanitarian needs by 40% over the last year alone -- increasing the pressure on already fragile societies. Against this backdrop, the world has been in retreat. Humanitarian aid levels declined in 2019 for the first time in a decade. According to the UN refugee agency UNHCR, developing nations are struggling to host 85% of the world's refugees, while wealthy nations like the US and European Union member states almost halved the number of refugee resettlement slots available to the most vulnerable.

And while wealthy nations have allocated over $11 trillion for domestic Covid-19 responses, the UNs' Global Covid Humanitarian Response Plan -- meant to coordinate and rally support for crisis -- and conflict-affected countries -- is currently less than 40% funded.

Covid-19 has shown that we live in a connected world. Analysis by the International Chamber of Commerce found that the global economy could lose as much as $9.2 trillion if vaccines are not equitably distributed to low-income countries, with wealthy nations bearing half that loss. Unmanaged instability, insecurity, migration and climate change have similar consequences for US interests.

Urgent and expansive humanitarian action from the new administration is therefore a necessity and not a luxury. America's absence during the previous administration created a spiral of disengagement that has left the world leaderless at this crucial time. And while the US cannot resolve these challenges alone, US leadership can encourage others to share the burden.

Covid-19 takes priority because it has brought the world to its knees.Of the nearly $4 trillion has allocated to combat the pandemic, just less than 0.2% has been allocated to support the international Covid-19 response, including $4 billion for the global vaccine effort. The ICC study indicates that the $27.2 billion needed to close the gap on global vaccine distribution could deliver a return "as high as 166 times the investment."So, too, will there be returns on addressing deepening malnutrition, poverty, health and education losses due to the pandemic. President Biden's proposal of an extra $11 billion is a start, but it will take more.The US can galvanize global partners by allocating $20 billion to the global response, in its new Covid-19 action package, and calling on wealthy nations to do their fair share.

The second order of business is restoring stability to the world's worst crisis zones before they get worse. Humanitarian appeals for IRC's Watchlist countries have been organized for an average of 11 consecutive years. Sustained improvement in these destabilizing displacement crises will deliver humanitarian and strategic benefit -- but it will take aid, diplomacy, sustained engagement and coordination with donors, UN agencies and international financial institutions.

Dedicating 50% of humanitarian and development assistance to crisis-affected countries would reorder US priorities and tools to help stabilize these protracted crises. And it would deliver cost savings:

# ਮਹਾਂਰੈਲੀ ਨੇ ਅੰਦੋਲਨ ਭਖਾਇਆ





ਸੰਜੀਵ ਸਿੰਘ ਸੈਣੀ, ਮੋਹਾਲੀ

ਪੰਜਾਬ ਦੀ ਧਰਤੀ ਤੋਂ ਸੁਰੂ ਹੋਇਆ ਇਹ ਕਿਸਾਨੀ ਸੰਘਰਸ ਅੱਜ ਜਨ-ਅੰਦੋਲਨ ਬਣ ਗਿਆ ਹੈ ।ਅੱਜ ਕਿਸਾਨੀ ਅੰਦੋਲਨ ਸਿਖਰਾਂ ਤੇ ਹੈ। ਵਿਦੇਸਾਂ ਤੋਂ ਵੀ ਕਿਸਾਨੀ ਅੰਦੋਲਨ ਨੂੰ ਹਮਾਇਤ ਮਿਲ ਰਹੀ ਹੈ ।ਯੂ ਐਨ ਓ ਨੇ ਵੀ ਕਿਸਾਨੀ ਸੰਘਰਸ ਦੀ ਵਕਾਲਤ ਕੀਤੀ ਹੈ ।ਤਕਰੀਬਨ ਚਾਰ ਮਹੀਨਿਆਂ ਤੋਂ ਕਾਰਪੋਰੇਟ ਘਰਾਨਿਆਂ ਵਿਰੁੱਧ ਪੰਜਾਬ ਵਿੱਚ ਧਰਨੇ ਲਾਏ ਜਾ ਰਹੇ ਹਨ। ਧਰਨਿਆਂ ਵਿੱਚ ਕਿਸਾਨਾਂ ਦਾ ਜੋਸ ਦੇਖਣ ਵਾਲਾ ਹੁੰਦਾ ਹੈ। ਪਹਿਲੇ ਨਾਲੋਂ ਵੀ ਕਿਸਾਨਾਂ ਵਿੱਚ ਵੱਧ ਜੋਸ ਹੈ ।ਹਰ ਇੱਕ ਮਹਾਂਰੈਲੀ ਚਾਹੇ ਉਹ ਮੋਗਾ ਦੀ ਜਾਂ ਚੰਡੀਗੜ੍ਹ ਦੀ ਜਾਂ ਬਰਨਾਲੇ ਦੀ ਹੋਈ, ਨੌਜਵਾਨਾਂ ਤੇ ਔਰਤਾਂ ਦੀ ਅੱਗੇ ਨਾਲੋਂ ਵੀ ਜਿਆਦਾ ਸਮੂਲੀਅਤ ਰਹੀ ਹੈ। ਬਰਨਾਲਾ ਸਹਿਰ ਵਿੱਚ ਕਿਸਾਨਾਂ ਦਾ ਲਾਮਿਸਾਲ ਇਕੱਠ ਹੋਇਆ। ਤਕਰੀਬਨ ਹਰ ਤਬਕੇ ਵੱਲੋਂ ਮਹਾਂਪੰਚਾਇਤ ਵਿਚ ਆਪਣੀ ਹਾਜਰੀ ਲਗਵਾਈ ਜਾ ਰਹੀ ਹੈ। ਹਰ ਸੂਬੇ ਵਿੱਚ ਇਹ ਮਹਾਂ ਪੰਚਾਇਤਾਂ ਦਾ ਭਰਵਾਂ ਇਕੱਠ ਦੇਖਣ ਨੂੰ ਮਿਲ ਰਿਹਾ ਹੈ। ਅੱਜ ਦੇਸ ਦਾ ਕਿਸਾਨ ਜਾਗ ਪਿਆ ਹੈ।ਅੱਜ ਹਰ ਇੱਕ ਵਰਗ ਦੀ ਕਿਸਾਨੀ ਅੰਦੋਲਨ ਨੂੰ ਹਮਾਇਤ ਮਿਲ ਰਹੀ ਹੈ। ਕਿਸਾਨ ਆਗੂਆਂ ਨੇ ਕਿਹਾ ਕਿ ਦਿੱਲੀ ਹਿੰਸਾ ਲਈ ਜੋ ਨਿਰਦੋਸ ਕਿਸਾਨ ਹਨ ,ਉਨ੍ਹਾਂ ਨੂੰ ਤੁਰੰਤ ਰਿਹਾਅ ਕੀਤਾ ਜਾਵੇ। ਤੇ ਉਨਾਂ ਤੇ ਪਾਏ ਗਏ ਪਰਚੇ ਰੱਦ ਕਰ ਦਿੱਤੇ ਜਾਣ। ਵੱਡੇ ਪੱਧਰ ਤੇ ਔਰਤਾਂ ਤੇ ਨੌਜਵਾਨਾਂ ਦੀ ਮਹਾਂ ਰੈਲੀਆਂ ਵਿਚ ਸਮੂਲੀਅਤ ਹੋ ਰਹੀ ਹੈ। ਹੁਣ ਤੱਕ ਕਿਸਾਨੀ ਅੰਦੋਲਨ ਵਿੱਚ ਨੌਜਵਾਨਾਂ ਦੀ ਅਹਿਮ ਭੂਮਿਕਾ ਰਹੀ ਹੈ ।ਕਿਸਾਨਾਂ ਦੀ ਇੱਕ ਹੀ ਮੰਗ ਹੈ ਕਿ ਇਹ ਕਾਲੇ ਖੇਤੀ ਕਾਨੂੰਨ ਰੱਦ ਕਰ ਦਿੱਤੇ ਜਾਣ ਤੇ ਐਮਐਸਪੀ ਨੂੰ ਕਾਨੂੰਨੀ ਦਰਜਾ ਦਿੱਤਾ ਜਾਵੇ। ਕੇਂਦਰ ਸਰਕਾਰ ਤੇ ਕਿਸਾਨਾਂ ਦਰਮਿਆਨ ਤਕਰੀਬਨ ਗਿਆਰਾਂ ਮੀਟਿੰਗਾਂ ਹੋਈਆਂ, ਜੋ ਕਿਸੇ ਤਣ-ਪੱਤਣ ਨਾ ਲੱਗ ਸਕੀਆਂ ।ਅੱਜ ਕਿਸਾਨਾਂ ਨੂੰ ਮੰਡੀਆਂ ਖਤਮ ਹੋਣ ਦਾ ਵੀ ਡਰ ਹੈ। ਅੱਜ ਦੇਸ ਦਾ ਅੰਨਦਾਤਾ ਕਹਿ ਰਿਹਾ ਹੈ ਕਿ ਇਹ ਕਾਲੇ ਖੇਤੀ ਕਾਨੂੰਨ ਉਹਨਾਂ ਨੂੰ ਬਰਬਾਦ ਕਰ ਦੇਣਗੇ। ਅੱਜ ਮੋਦੀ ਸਰਕਾਰ ਕਿਸਾਨਾਂ ਨੂੰ ਬਦਨਾਮ ਕਰਨ ਲਈ ਨਵੇਂ ਨਵੇਂ ਪੈਂਤੜੇ ਅਪਣਾ ਰਹੀ ਹੈ। ਕਿਸਾਨ ਯੂਨੀਅਨਾਂ ਦੇ ਆਗੂਆਂ ਨੇ ਕਿਹਾ ਹੈ ਕਿ ਉਹ ਕੇਂਦਰ ਸਰਕਾਰ ਦੀਆਂ ਸਾਰੀਆਂ ਚਾਲਾਂ ਨੂੰ ਸਮਝ ਚੁੱਕੇ ਹਨ ।ਸਰਕਾਰ ਆਪਣੇ ਮਕਸਦ ਵਿਚ ਕਾਮਯਾਬ ਨਹੀਂ ਹੋ ਸਕੇਗੀ ।ਕਿਸਾਨਾਂ ਦੀ ਮੰਗ ਵੀ ਹੈ ਕਿ ਜੋ ਕਿਸਾਨ ਸੰਘਰਸ ਦੌਰਾਨ ਸਹੀਦ ਹੋਏ ਹਨ ਉਹਨਾਂ ਦੇ ਪਰਿਵਾਰਾਂ ਨੂੰ ਮੁਆਵਜਾ ਦਿੱਤਾ ਜਾਵੇ। 220 ਦੇ ਕਰੀਬ ਕਿਸਾਨਾਂ ਨੇ ਸਹਾਦਤ ਪਾਈ ਹੈ ।ਵਿਚਾਰਨ ਵਾਲੀ ਗੱਲ ਹੈ ਜਦੋਂ ਕਿਸਾਨ ਚਾਹੁੰਦੇ ਹੀ ਨਹੀਂ ਹਨ, ਤਾਂ ਕੇਂਦਰ ਅਜਿਹੇ ਕਾਨੂੰਨ ਕਿਸਾਨਾਂ ਦੇ ਗਲ ਕਿਉਂ ਮੜ ਰਹੀ ਹੈ ?ਕੇਂਦਰ ਸਰਕਾਰ ਦੇ ਵਜੀਰ ਉਹੀ ਪੁਰਾਣੀਆਂ ਦਲੀਲਾਂ ਨੂੰ ਦੋਹਰਾ ਰਹੇ ਹਨ ਕੀ ਇਨਾਂ ਬਿੱਲਾ ਨਾਲ ਕਿਸਾਨਾਂ ਦੀ ਆਰਥਿਕ ਸਥਿਤੀ ਸੁਧਰੇਗੀ ।70 ਸਾਲਾਂ ਵਿੱਚ ਪਹਿਲੀ ਵਾਰ ਕਿਸਾਨ ਆਜਾਦ ਹੋ ਗਿਆ ਹੈ। ਪੰਜਾਬ ਦੇ ਕਈ ਸਹਿਰਾਂ ਵਿੱਚ ਟਰੈਕਟਰ ਮਾਰਚ ਵੀ ਕੱਢਿਆ ਜਾ ਰਿਹਾ ਹੈ ।ਹਰ ਪ੍ਰੋਗਰਾਮ ਵਿਚ ਨੌਜਵਾਨਾਂ ,ਔਰਤਾਂ ਦੀ ਸਮੂਲੀਅਤ ਵੱਡੀ ਪੱਧਰ ਤੇ ਹੋ ਰਹੀ ਹੈ ।ਗੁਆਂਢੀ ਸੂਬੇ ਹਰਿਆਣਾ ਵਿੱਚ ਵੀ ਵੱਡੇ ਪੱਧਰ ਤੇ ਰੈਲੀਆਂ ਹੋ ਰਹੀਆਂ ਹਨ। ਜਿਸ ਵਿੱਚ ਔਰਤਾਂ ਦੀ ਸਮੂਲੀਅਤ ਦੇਖਣ ਵਾਲੀ ਹੈ ।ਕਿਸਾਨਾਂ ਨੇ ਕਿਹਾ ਕਿ ਜੇ ਅੱਜ ਇਨਾਂ ਕਾਲੇ ਕਾਨੂੰਨਾਂ ਦਾ ਵਿਰੋਧ ਨਹੀਂ ਕੀਤਾ ਗਿਆ, ਤਾਂ ਆਉਣ ਵਾਲੇ ਸਮੇਂ ਵਿੱਚ ਕੇਂਦਰ ਸਰਕਾਰ ਅਜਿਹੇ ਹੋਰ ਕਾਨੂੰਨ ਬਣਾਏਗੀ ,ਜੋ ਹਰ ਵਰਗ ਨੂੰ ਪ੍ਰਭਾਵਿਤ ਕਰਨਗੇ। ਮਹਿੰਗਾਈ ਬੇਲਗਾਮ ਹੁੰਦੀ ਜਾ ਰਹੀ ਹੈ। ਤਾਲਾਬੰਦੀ ਦੌਰਾਨ ਲੋਕਾਂ ਦਾ ਰੁਜਗਾਰ ਖੁਸਿਆ ਹੈ। ਬੇਰੁਜਗਾਰੀ ਵਧੀ ਹੈ। ਜੋ ਥੋੜ੍ਹੀ ਬਹੁਤ ਫੈਕਟਰੀਆਂ ਚੱਲੀਆਂ ਹਨ, ਉਥੇ ਗਿਣਵੇਂ ਚੁਣਵੇਂ ਲੋਕਾਂ ਨੂੰ ਰੁਜਗਾਰ ਮਿਲ ਰਿਹਾ ਹੈ ।ਪੈਟਰੋਲ-ਡੀਜਲ ਦੀਆਂ ਕੀਮਤਾਂ ਆਸਮਾਨ ਛੂਹ ਰਹੀਆਂ ਹਨ ।ਦੋ ਟਾਈਮ ਦੀ ਰੋਟੀ ਦਾ ਜੁਗਾੜ ਕਰਨਾ ਮੁਸਕਿਲ ਹੋ ਗਿਆ ਹੈ। ਸਮੇਂ ਦੀ ਨਜਾਕਤ ਨੂੰ ਦੇਖਦਿਆਂ ਹੋਇਆਂ ਕੇਂਦਰ ਸਰਕਾਰ ਨੂੰ ਕਿਸਾਨਾਂ ਨਾਲ ਮੁੜ ਗੱਲਬਾਤ ਸੁਰੂ ਕਰਨੀ ਚਾਹੀਦੀ ਹੈ। ਚੇਤੇ ਰਖੀਏ ਕਿ ਜੇ ਕਿਸਾਨ ਖੁਸਹਾਲ ਹੈ, ਤਾ ਦੇਸ ਖੁਸਹਾਲ ਹੈ।

# ਉਨਟਾਰੀਓ ਫਰੈਂਡਜ ਕਲੱਬ ਵੱਲੋਂ ਕੌਮਾਂਤਰੀ ਮਾਂ ਬੋਲੀ ਦਿਵਸ ਦੀ ਸਫਲ ਪੇਸ਼ਕਾਰੀ




ਓ .ਐਫ .ਸੀ ਵੱਲੋਂ 21 ਫਰਵਰੀ ਐਤਵਾਰ ਸਵੇਰੇ 9.30 ਵਜੇ ਕੈਨੇਡਾ ਸਮਾਂ ਤੇ ਭਾਰਤ ਸਨੀਵਾਰ ਸਾਮ 8 ਵਜੇ ਕੋਮਾਂਤਰੀ ਮਾਂ ਬੋਲੀ ਦਿਵਸ ਨੂੰ ਸਮਰਪਿਤ ਵੈਬੀਨਾਰ ਅੰਤਰਰਾਸਟਰੀ ਪੱਧਰ ਤੇ ਮਨਾਇਆ ਗਿਆ । ਇਸ ਵਿੱਚ ਦੇਸਾਂ ਵਿਦੇਸਾਂ ਤੋਂ ਮੈਂਬਰਜ ਨੇ ਸਰਿਕਤ ਕੀਤੀ । ਪ੍ਰਧਾਨ ਸ : ਰਵਿੰਦਰ ਸਿੰਘ ਕੰਗ ਜੀ ਨੇ ਵੈਬੀਨਾਰ ਵਿੱਚ ਹਾਜਰੀਨ ਮੈਂਬਰਜ ਨੂੰ ਜੀ ਆਇਆ ਕਿਹਾ ਤੇ ਸਭਾ ਦੀ ਜਨਰਲ ਸਕੱਤਰ ਤੇ ਸੰਚਾਲਕ ਡਾ: ਅਮਨਪ੍ਰੀਤ ਕੌਰ ਕੰਗ ਜੀ ਨੂੰ ਮੀਟਿੰਗ ਦਾ ਸੰਚਾਲਨ ਕਰਨ ਲਈ ਕਿਹਾ ।ਅਮਨਪ੍ਰੀਤ ਕੰਗ ਨੇ ਚੇਅਰਮੈਨ ਸ : ਅਜੈਬ ਸਿੰਘ ਚੱਠਾ , ਪ੍ਰਧਾਨ ਰਵਿੰਦਰ ਸਿੰਘ ਕੰਗ ਤੇ ਵੂਮੈਨ ਵਿੰਗ ਦੀ ਸਰਪ੍ਰਸਤ ਰਮਿੰਦਰ ਵਾਲੀਆ ਨੂੰ ਜੀ ਆਇਆ ਕਿਹਾ । ਵਿਸੇਸ ਬੁਲਾਰੇ ਪਾਕਿਸਤਾਨ ਤੋਂ ਡਾਕਟਰ ਸਾਇਮਾ ਬਾਤੂਲ ਸਹਾਇਕ ਪ੍ਰੋਫੈਸਰ ਲਾਹੌਰ ਕਾਲਜ ( ਯੂਨੀਵਰਸਿਟੀ ਫਾਰ ਵੂਮੈਨ ਲਾਹੌਰ ) , ਡਾਕਟਰ ਨੈਬ ਸਿੰਘ ਮੰਡੇਰ ਤੇ ਡਾਕਟਰ ਸਰਵਨ ਸਿੰਘ ਜੀ ਨੇ ਮਾਂ ਬੋਲੀ ਸੰਬੰਧੀ ਵਿਚਾਰ ਪੇਸ ਕੀਤੇ ।

ਸਾਇਮਾ ਬਾਤੂਲ ਜੀ :- ਅਸਿਸਟੈਂਟ ਪ੍ਰੋਫੈਸਰ

ਜੱਗ ਵਿੱਚ ਇੰਝ ਨਾ ਰੋਲ ਪੰਜਾਬੀ ਨਜਮ ਸੁਣਾਈ ਤੇ ਦੱਸਿਆ ਕਿ ਮਾਂ ਬੋਲੀ ਵਿੱਚ ਬੱਚਾ ਜਲਦੀ ਪੜ੍ਹਣਾ ਲਿਖਣਾ ਸਿੱਖ ਜਾਂਦਾ ਹੈ ਤੇ ਅੱਗੇ ਜਾ ਕੇ ਉਸਨੂੰ ਕੁਝ ਵੀ ਸਿੱਖਣ ਵਿੱਚ ਦਿੱਕਤ ਨਹੀਂ ਆਉਂਦੀ ।ਜੁਬਾਨ ਕੋਮ ਦੀ ਪਹਿਚਾਣ ਹੁੰਦੀ ਹੈ ।ਖਿਆਲਾਂ ਦੀ ਸਾਂਝ ਵੀ ਆਪਣੀ ਮਾਂ ਬੋਲੀ ਵਿੱਚ ਜਿਆਦਾ ਹੁੰਦੀ ਹੈ ।ਸਕੂਲਾਂ ਵਿੱਚ ਵੀ ਮਾਂ ਬੋਲੀ ਲਾਜਮੀ ਹੁੰਦੀ ਹੈ । ਡਾ: ਨੈਬ ਸਿੰਘ ਮੰਡੇਰ ਵੇ ਕਿਹਾ ਕਿ ਬੱਚਾ ਆਪਣੀ ਮਾਂ ਤੋਂ ਹੀ ਸਿੱਖਦਾ ਹੈ । ਮਾਤ ਭਾਸਾ ਬੱਚੇ ਦੇ ਜਨਮ ਤੋਂ ਹੀ ਸੁਰੂ ਹੋ ਜਾਂਦੀ ਹੈ । ਜੋ ਜਜਬਾਤ ਅਸੀਂ ਆਪਣੀ ਮਾਂ ਬੋਲੀ ਵਿੱਚ ਚੰਗੀ ਤਰਾਂ ਪੇਸ ਕਰ ਸਕਦੇ ਹਾਂ , ਉਹ ਕਿਸੇ ਦੂਸਰੀ ਭਾਸਾ ਵਿੱਚ ਨਹੀਂ ਕਰ ਸਕਦੇ । ਡਾਕਟਰ ਸਰਵਨ ਸਿੰਘ ਨੇ ਕਿਹਾ ਕਿ ਸੁਨਣ ਦਾ ਮਹੱਤਵ ਵੀ ਜਿਆਦਾ ਹੁੰਦਾ ਹੈ ।ਸਾਨੂੰ ਗੁਰਬਾਣੀ ਵਿਆਕਰਣ ਨੂੰ ਪੜ੍ਹਣ ਤੇ ਸਮਝਣ ਦੀ ਲੋੜ ਹੈ ।ਪ੍ਰਧਾਨ ਰਵਿੰਦਰ ਸਿੰਘ ਕੰਗ ਨੇ ਕਿਹਾ ਕਿ ਸਕੂਲਾਂ ਵਿੱਚ ਮਾਂ ਬੋਲੀ ਪੰਜਾਬੀ ਵਿੱਚ ਪੜ੍ਹਾਈ ਲਾਗੂ ਹੋਣੀ ਚਾਹੀਦੀ ਹੈ ਤੇ ਪੰਜਾਬੀ ਦਾ ਵਿਸਾ ਵੀ ਲਾਜਮੀ ਹੋਣਾ ਚਾਹੀਦਾ ਹੈ । ਚੇਅਰਮੈਨ ਸ: ਅਜੈਬ ਸਿੰਘ ਚੱਠਾ ਨੇ ਕਿਹਾ ਕਿ ਹੁਣ ਸਾਡੀ ਮਾਂ ਬੋਲੀ ਪੰਜਾਬੀ ਨੂੰ ਕੋਈ ਖਤਰਾ ਨਹੀਂ ਹੈ ।ਹੋਰ ਜਿਆਦਾ ਕੰਮ ਕਰਨ ਦੀ ਲੋੜ ਹੈ ।ਇਸਦੇ ਬਾਦ ਵੈਬੀਨਾਰ ਵਿੱਚ ਮਿਨੀ ਕਹਾਣੀ ਪਾਠ ਤੇ ਸੰਗੀਤਕ ਮਹਿਫਲ ਦਾ ਵੀ ਆਯੋਜਨ ਕੀਤਾ ਗਿਆ । ਡਾ: ਅਮਨਪ੍ਰੀਤ ਕੌਰ ਕੰਗ ਨੇ ਮਿਨੀ ਕਹਾਣੀਕਾਰਾਂ ਨੂੰ 5 ਮਿੰਟ ਵਿੱਚ ਆਪਣੀ ਕਹਾਣੀ ਸੁਨਾਉਣ ਲਈ ਕਿਹਾ । ਜਿਹਨਾਂ ਦੇ ਨਾਮ ਤੇ ਕਹਾਣੀ ਨਾਮ ਇਸ ਤਰਾਂ ਸੀ । ਕਹਾਣੀ ਪਾਠ 1 ) ਰਜਿੰਦਰ ਕੌਰ :- ਤ੍ਰਾਸਦੀ 2 ) ਹਰਜਿੰਦਰ ਸਿੰਘ :- ਨੌਂਹ ਮਾਸ ਦੇ ਰਿਸਤੇ 3 ) ਡਾਕਟਰ ਇੰਦਰਪਾਲ ਕੌਰ :- ਘਰ ਕਿਵੇਂ ਬਣਦਾ ਹੈ 4 ) ਵੀਨਾ ਰਾਣੀ :- ਫੁੱਲ ਦਾ ਕਤਲ 5 ) ਮਲਕੀਤ ਸਿੰਘ ਹੀਰ :- ਦਰਵੇਸ 6 ) ਗੁਰਜੀਤ ਅਜਨਾਲਾ 7 ) ਸੁਖਵਿੰਦਰ ਸਿੰਘ ਅਨਹਦ :- ਵਿਚੋਲਣ 8 ) ਮਨਜੀਤ ਕੌਰ ਧੀਮਾਨ :- ਕਮੀ ਹਰ-ਇਕ ਕਹਾਣੀਕਾਰ ਨੇ ਆਪਣੇ ਆਪਣੇ ਅੰਦਾਜ ਵਿੱਚ 5 ਮਿੰਟ ਦੇ ਸਮੇਂ ਨੂੰ ਧਿਆਨ ਵਿੱਚ ਰੱਖਦੇ ਹੋਏ ਬਹੁਤ ਖੂਬਸੂਰਤ ਅੰਦਾਜ ਵਿੱਚ ਕਹਾਣੀ ਨੂੰ ਪੇਸ ਕੀਤਾ । ਬਾਦ ਵਿੱਚ ਡਾ: ਨੈਬ ਸਿੰਘ ਮੰਡੇਰ ਨੇ ਕਹਾਣੀਕਾਰਾਂ ਦੀ ਕਹਾਣੀ ਦਾ ਵਿਸਲੇਸਣ ਕਰਕੇ ਆਪਣੇ ਵਿਚਾਰ ਸਾਂਝੇ ਕੀਤੇ ।

ਇਸਦੇ ਬਾਦ ਮਾਹੌਲ ਨੂੰ ਸੁਖਾਵਾਂ ਬਣਾਉਣ ਲਈ ਸੰਗੀਤਕ ਮਹਿਫਲ ਦਾ ਆਯੋਜਨ ਕੀਤਾ ਜਾਂਦਾ ਹੈ ਸੰਗੀਤਕ ਮਹਿਫਲ ਵਿੱਚ ਗੀਤ ਪੇਸ ਕਰਨ ਵਾਲੇ ਮੈਂਬਰਜ :- 1 ) ਕੁਲਵੰਤ ਕੌਰ ਚੰਨ :- ਮਾਂ ਬੋਲੀ ਪੰਜਾਬੀ ਤੇ ਗੀਤ , ਲੱਗਦੇ ਪਿਆਰੇ ਜਿਹੜੇ ਮਾਂ ਪੰਜਾਬੀ ਬੋਲਦੇ 2 ) ਰਣਜੀਤ ਕੌਰ ਅਰੋੜਾ :- ਸਹਿਦ ਨਾਲੋਂ ਮਿੱਠੀ ਸਾਡੀ ਬੋਲੀ ਏ ਪੰਜਾਬ ਦੀ 3 ) ਸੁਖਵਿੰਦਰ ਸਿੰਘ ਅਨਹਦ :- ਗੱਲ ਮੁੱਕੀ ਨਾ ਸੱਜਣ ਨਾਲ ਮੇਰੀ ਰੱਬਾ ਵੇ ਤੇਰੀ ਰਾਤ ਮੁੱਕ ਗਈ 4 ) ਡਾਕਟਰ ਹਰਜੀਤ ਸਿੰਘ ਸੱਧਰ :- ਕਿਉਂ ਨਾ ਪੂਜਾ ਮਾਂ ਬੋਲੀ ਨੂੰ ਜਿਸਨੇ ਦਿੱਤੀਆਂ ਲੋਰੀਆਂ । 5 ) ਉਮਾ ਮਧੂ ਭਰਦਵਾਜ :- ਗੁਰੂਆਂ ਸਾਨੂੰ ਗੁਰਮੁਖੀ ਬਖਸੀ ਪੜੀਏ ਬਾਰਮਬਾਰ

6) ਪ੍ਰਭ ਧੀਮਾਨ :- ਪੰਜਾਬੀਏ ਜਬਾਨੇ ਨੀ ਰਕਾਨੇ ਮੇਰੇ ਦੇਸ ਦੀਏ 7 ) ਬੂਟਾ ਗੁਲਾਮੀ ਵਾਲਾ :- ਏ ਬੀ ਸੀ ਤੇ ਲੋਕੀਂ ਲਾਰੇ ਡੁੱਲਦੇ ਜਾਂਦੇ ਨੇ ਊੜਾ ਐੜਾ ਸੱਸਾ ਭੁੱਲਦੇ ਜਾਂਦੇ ਨੇ । ਮਾਂ ਪੰਜਾਬੀ ਬੋਲੀ ਨੂੰ ਸੱਭ ਭੁੱਲਦੇ ਜਾਂਦੇ ਨੇ ।8 ) ਮਨਜੀਤ ਕੌਰ ਸੇਖੋਂ :- ਮਾਂ ਬੋਲੀ ਦੇ ਨਾਲ ਜਦੋਂ ਪਿਆਰ ਪਾਈ ਦਾ ਸਾਹਿਤ ਸਮਾਗਮਾਂ ਵਿੱਚ ਆਈ ਜਾਈਦਾ । 9 ) ਸਰਦੂਲ ਸਿੰਘ ਭੱਲਾ :- ਇਹ ਗੁਰੂਆਂ ਦੀ ਬੋਲੀ ਹੈ , ਸੂਫੀ ਸੰਤਾਂ ਦੀ ਬੋਲੀ ਹੈ , ਇਸਨੂੰ ਜਿ ਭੁਲਾ ਦਿਉਗੇ 10 ) ਗੁਰਜੀਤ ਅਜਨਾਲਾ :- ਸੋਹਣੀ ਲੱਗਦੀ ਪੰਜਾਬੀ ਬੋਲੀ ਮੇਰੀ , ਸਬਦ ਚੰਨ ਤਾਰੇ ਲੱਗਦੇ 11 ) ਬਲਬੀਰ ਕੌਰ :- ਸਾਡੀ ਮਾਂ ਪੰਜਾਬੀ ਬੋਲੀ ਜੱਗ ਤੋਂ ਨਿਆਰੀ ਹੈ । 12 ) ਰਣਜੀਤ ਕੌਰ :- ਮੈਨੂੰ ਸੁਪਨੇ ਵਿੱਚ ਮਿਲਣ ਸੱਜਣ ਨੇ ਆਉਣਾ ਨੀ 13 )ਪ੍ਰਭਧੀਮਾਨ :- ਅਸਾਂ ਨੂੰ ਮਾਣ ਵੱਤਨਾ ਦਾ

14 ) ਕੁਲਬੀਰ ਸਿੰਘ ਲੈਕਚਰਾਰ :- 15 ) ਡਾ: ਅਮਨਪ੍ਰੀਤ ਕੌਰ ਕੰਗ :- ਚਿਮਟਾ ਤਾਂ ਵੱਜਦਾ । ਸੱਚਮੁੱਚ ਇਹਨਾਂ ਗੀਤਕਾਰਾਂ ਨੇ ਬਹੁਤ ਵਧੀਆ ਗੀਤ ਪੇਸ ਕਰਕੇ ਮਾਹੌਲ ਨੂੰ ਰੰਗੀਨ ਤੇ ਸੁਖਾਵਾਂ ਬਣਾ ਦਿੱਤਾ ।ਮੀਟਿੰਗ ਵਿੱਚ ਮੈਂਬਰਜ ਦੀ ਹਾਜਰੀ ਬਹੁਤਾਤ ਗਿਣਤੀ ਵਿੱਚ ਸੀ । ਸਮੇਂ ਨੂੰ ਧਿਆਨ ਵਿੱਚ ਰੱਖਦੇ ਹੋਏ ਚੇਅਰਮੈਨ ਸ : ਅਜੈਬ ਸਿੰਘ ਚੱਠਾ ਤੇ ਸਭਾ ਦੀ ਸਰਪ੍ਰਸਤ ਰਮਿੰਦਰ ਵਾਲੀਆ ਨੇ ਸੈਮੀਨਾਰ ਵਿੱਚ ਹਾਜਰੀਨ ਮੈਂਬਰਜ ਦਾ ਧੰਨਵਾਦ ਕੀਤਾ । ਮਾਂ ਬੋਲੀ ਪੰਜਾਬੀ ਦਿਵਸ ਦੀ ਸੱਭ ਨੂੰ ਵਧਾਈ ਵੀ ਦਿੱਤੀ । ਕੰਗ ਸਾਹਿਬ ਨੇ ਕਿਹਾ ਕਿ ਰਮਿੰਦਰ ਵਾਲੀਆ ਇਸ ਸਭਾ ਲਈ ਤੇ ਮੀਟਿੰਗਜ ਨੂੰ ਸਫਲ ਬਣਾਉਣ ਲਈ ਦਿਲੋਂ ਕੰਮ ਕਰ ਰਹੇ ਹਨ । ਸਾਲਾ ! ਪ੍ਰਧਾਨ ਰਵਿੰਦਰ ਸਿੰਘ ਦੀ ਅਗਵਾਈ ਵਿੱਚ ਓ ਐਫ ਸੀ ਦਿਨ ਦੁਗਣੀ ਰਾਤ ਚੋਗੁਣੀ ਤੱਰਕੀਆਂ ਕਰੇ । ਧੰਨਵਾਦ ਸਹਿਤ ।

**ਰਮਿੰਦਰ ਵਾਲੀਆ**
**ਸਰਪ੍ਰਸਤ ਤੇ ਮੀਡੀਆ ਡਾਇਰੈਕਟਰ ਓ ਐਫ ਸੀ ।**

**ਜੇਕਰ ਤੁਸੀਂ ਵੀ ਆਪਣੀ ਕੋਈ ਕਾਵਿ ਰਚਨਾ ਇਸ ਪੰਨੇ 'ਤੇ ਪ੍ਰਕਾਸ਼ਿਤ ਕਰਵਾਉਣਾ ਚਾਹੁੰਦੇ ਹੋ ਤਾਂ ਸਾਨੂੰ ਹੇਠ ਲਿਖੇ ਈ-ਮੇਲ ਪਤੇ 'ਤੇ ਈਮੇਲ ਕਰੋ ਜੀ**

**preetnamausa@gmail.com**
**preetmatt477@gmail.com**



# ਸਾਡੀਆ ਸਰਹੱਦਾ ਤੇ ਬੈਠੇ ਦੇਸ਼ ਦੇ ਰਖਵਾਲਿਆ ਦਾ ਕਰੀਏ ਦਿਲੋ ਮਾਣ-ਸਨਮਾਣ

ਅੱਜ ਆਓ ਆਪਾ ਸਾਰੇ ਦੇਸ਼ ਦੇ ਰਖਵਾਲੇ ਫੌਜੀ ਵੀਰਾਂ ਦੇ ਜੀਵਣ ਤੇ ਝਾਤ ਮਾਰੀਏ ਤੇ ਬਣਦਾ ਮਾਣ,ਸਨਮਾਨ ਦਈਏ ਆਪਣੇ ਉੰਨਾ ਨੌਜਵਾਨ ਵੀਰਾ ਨੂੰ ਜੋ ਆਪਣਾ ਘਰ ਪ੍ਰੀਵਾਰ ਛੱਡ ਕੇ ਦੇਸ਼ ਲਈ ਜਾਨ ਵਾਰਦੇ ਹਨ ਤੇ ਸਹਾਦਤ ਦਾ ਜਾਮ ਦੇਸ ਦੀ ਖਾਤਰ ਹੱਸ,ਹੱਸ ਕੇ ਪੀ ਜਾਦੇ ਹਨ ।ਇਸ ਲਈ ਹਰ ਇਨਸਾਨ ਦਾ ਫਰਜ ਬਣਦਾ ਹੈ ਕਿ ਆਪਣੇ ਦੇਸ਼ ਦੇ ਰਖਵਾਲਿਆ ਨੂੰ ਵੱਧ ਤੋ ਵੱਧ ਸਤਿਕਾਰ,ਪਿਆਰ ਤੇ ਮਾਣ ਦਈਏ ਤਾਂ ਜੋ ਇਹਨਾ ਦੀ ਹੌਸ਼ਲਾ ਵਧਾਈ ਹੋ ਸਕੇ ।ਕਿਉਕਿ ਆਪਾ ਸਭ ਲੋਕ ਤਾਂ ਆਪੋ ਆਪਣੇ ਘਰਾ ਵਿੱਚ ਆਰਾਮ ਨਾਲ ਸੇਫ ਸੋ ਜਾਦੇ ਹਾਂ ਤੇ ਆਪਣੇ ਬੱਚਿਆ ਨਾਲ ਹਰਪਲ ਹਰ ਲਹਿਜੇ ਵਿੱਚ ਇੱਕਠੇ ਦੁੱਖ-ਸੁੱਖ ਦੇ ਪਲ ਬਤੀਤ ਕਰਦੇ ਹਾ ਪਰ ਇਹ ਫੌਜੀ ਵੀਰ ਚਾਹੇ ਬੀ.ਐੱਸ.ਐੱਫ ਦੇ ਜਵਾਨ ਹੋਣ ਜਾਂ ਫਿਰ ਨੇਵੀ ਵਿੱਚ ਹੋਣ ਜਾਂ ਫਿਰ ਸੀ.ਆਰ.ਪੀ.ਐੱਫ ਵਾਲੇ ਹੋਣ ਜਾਂ ਏਅਰ ਫੋਰਸ ਵਾਲੇ ਹੋਣ ਜਾਂ ਫਿਰ ਆਰਮੀ ਵਾਲੇ ਹੋਣ ਸਰਹੱਦਾ ਤੇ ਡਿਊਟੀ ਕਰਕੇ ਆਪਣੇ ਦੇਸ਼ ਦੀ ਰਾਖੀ ਕਰਦੇ ਹਨ ਇਹ ਵੀਰ ਹਰ ਵੇਲੇ ਆਪਣੀ ਜਿੰਦ ਨੂੰ ਦੇਸ਼ ਦੇ ਲੇਖੇ ਲਾਉਣ ਲਈ ਤਿਆਰ ਰਹਿੰਦੇ ਹਨ ਅਤੇ ਕਦੇ ਵੀ ਆਪਣੀ ਡਿਊਟੀ ਪ੍ਰਤੀ ਕੁਤਾਹੀ ਨਹੀ ਵਰਤਦੇ ।ਭਾਵੇ ਘਰ ਵਿੱਚ ਕੋਈ ਵੀਰ ਨਵਾ ਵਿਆਹਿਆ ਹੀ ਕਿਉ ਨਾ ਹੋਵੇ ਪਰ ਆਪਣੀ ਡਿਊਟੀ ਲਈ ਤਤਪਰ ਰਹਿੰਦਾ ਹੈ । ਪਰ ਮੇਰੇ ਹਿਸਾਬ ਨਾਲ ਨਵੀ ਵਿਆਹੀ ਚੂੜੇ ਵਾਲੀ ਨੂੰ ਛੱਡ ਕੇ ਜਾਣਾ ਤੇ ਮੁੜ ਕੇ ਛੁੱਟੀ ਕੱਟਣ ਆਉਣ ਦਾ ਦਿਲਾਸਾ ਦੇਣਾ ਸਿਰਫ ਇਹ ਫੌਜੀ ਵੀਰ ਹੀ ਜਾਣਦੇ ਹਨ ਕਿ ਇਹ ਹਰ ਕਿਸੇ ਦੇ ਵਸ ਦੀ ਗੱਲ ਨਹੀ ਹੈ ।ਦੇਸ਼ ਦੇ ਹਰ ਨਾਗਰਿਕ ਨੂੰ ਫੌਜ ਪ੍ਰਤੀ ਸੰਜੀਦਾ ਹੋਣਾ ਚਾਹੀਦਾ ਹੈ ।ਇੱਕ ਮਾਂ ਦਾ ਪੁੱਤ ਜਦੋ ਫੌਜ ਵਿੱਚ ਭਰਤੀ ਹੁੰਦਾ ਹੈ ਤਾਂ ਮਾਂ ਦਾ ਮਾਣ ਵੱਧ ਜਾਦਾ ਹੈ ਅਤੇ ਮਾਂ ਵੀ ਬੜੇ ਮਾਣ ਨਾਲ ਦੱਸਦੀ ਹੈ ਕਿ ਮੇਰਾ ਬੇਟਾ ਫੌਜ ਵਿੱਚ ਤਾਇਨਾਤ ਹੈ ਤੇ ਜੰਗ ਦੇ ਮੈਦਾਨ ਵਿੱਚ ਵੈਰੀਆ ਨੂੰ ਹਰਾਉਣ ਦੀ ਤਾਕਤ ਰੱਖਦਾ ਹੈ ।ਇਸ ਲਈ ਸਾਨੂੰ ਸਾਰਿਆ ਨੂੰ ਆਪਣੇ ਸਰਹੱਦਾ ਦੇ ਰਾਖਿਆ ਤੇ ਮਾਣ ਹੋਣਾ ਚਾਹੀਦਾ ਹੈ ।ਤੇ ਹਰ ਵੇਲੇ ਉਹਨਾ ਦੇ ਚੰਗੇ ਕੰਮਾ ਲਈ ਸ਼ਾਬਾਸ਼ੀ ਦੇਣੀ ਚਾਹੀਦੀ ਹੈ ਇਸ ਨਾਲ ਸਾਡੇ ਜਵਾਨਾ ਦਾ ਹੌਸਲਾ ਵੀ ਵੱਧਦਾ ਹੈ ਤੇ ਜੰਗ ਦੇ ਮੈਦਾਨ ਵਿੱਚ ਜਿੱਤ ਪ੍ਰਾਪਤ ਕਰਨ ਦਾ ਜਜਬਾ ਵੀ ਵੱਧਦਾ ਹੈ । ਜਦੋ ਇੱਕ ਪਤਨੀ ਦਾ ਪਤੀ ਜਾਂ ਮਾਂ ਦਾ ਜਵਾਨ ਪੁੱਤ ਸਰਹੱਦਾ ਤੇ ਜੰਗ ਲੜਦਾ ਹੈ ਤਾਂ ਪਤਨੀ ਤੇ ਮਾਂ ਨੂੰ ਹਰ ਵੇਲੇ ਇੱਕ ਐਸੀ ਸਥਿਤੀ ਬਣੀ ਰਹਿੰਦੀ ਹੈ ਜਿਸ ਵਿੱਚ ਹਰ ਵੇਲੇ ਹਰਪਲ ਧਿਆਨ ਸਰਹੱਦਾ ਟਿਕਿਆ ਰਹਿੰਦਾ ਹੈ ਤੇ ਹਰ ਵੇਲੇ ਵਾਹਿਗੁਰੂ ਅੱਗੇ ਅਰਦਾਸ ਹੁੰਦੀ ਹੈ ਕਿ ਵਾਹਿਗੁਰੂ ਸਹੀ ਸਲਾਮਤ ਜੰਗ ਜਿੱਤ ਕੇ ਫੌਜੀ ਘਰ ਪਰਤਣ ।ਆਪਣੇ ਸਰਹੱਦਾ ਦੇ ਰਾਖਿਆ ਤੇ ਮਿਹਰ ਕਰੀ ਵਾਹਿਗੁਰੂ ਤੇ ਜਵਾਨ ਤਾਂ ਜੰਗ ਵਿੱਚ ਸ਼ਹੀਦ ਹੋ ਜਾਦੇ ਹਨ ।ਸੋ ਦੋਸਤੋ ਸ਼ਹੀਦਾ ਨੂੰ ਮਾਣ ਸਨਮਾਨ ਦੇਣਾ ਬਣਦਾ ਹੈ ਸਰਕਾਰਾ ਵੀ ਸ਼ਹੀਦਾ ਦੇ ਪਰਿਵਾਰਾ ਨਾਲ ਬੇਰੁਖੀ ਨਾਂ ਵਖਾਉਣ ਸਗੋ ਬਣਦਾ ਮਾਣ ਸਨਮਾਨ ਦੇਣ ।ਹਰ ਨਾਗਰਿਕ ਦਾ ਫਰਜ ਬਣਦਾ ਹੈ ਕਿ ਉਹ ਫੌਜੀ ਜਵਾਨਾ ਤੇ ਸ਼ਹੀਦਾ ਦਾ ਸਤਿਕਾਰ ਕਰਨ ਕਿਉਕਿ ਇੱਕ ਸ਼ਹੀਦ ਸਿਰਫ ਆਪਣੇ ਪਰਿਵਾਰ ਲਈ ਨਹੀ ਬਲਕਿ ਪੂਰੇ ਦੇਸ਼ ਲਈ ਸ਼ਹੀਦ ਹੁੰਦਾ ਹੈ ਸੋ ਦੋਸਤੋ ਆਖੀਰ ਵਿੱਚ ਮੈ ਇਹ ਕਹਾਂਗੀ ਕਿ ਇਹਨਾ ਫੌਜੀ ਵੀਰਾਂ ਦੀ ਬਦੋਲਤ ਅਸੀ ਸੁੱਖ ਦੀ ਨੀਂਦ ਸੌਂ ਰਹੇ ਹਾਂ ।ਜ਼ਰਾ ਸੋਚੋ ਆਪਾ ਹਰ ਪੱਖੋ ਇੰਨਾ ਦੀ ਬਦੌਲਤ ਹੀ ਸਲਾਮਤ ਹਾਂ ਤੇ ਦੇਸ਼ ਦਾ ਹਰ ਨਾਗਰਿਕ ਖੁੱਲੀ ਹਵਾ ਵਿੱਚ ਆਜਾਦ ਹੋ ਕੇ ਸਾਹ ਲੈ ਰਿਹਾ ਹੈ ।ਇਸ ਲਈ ਮੇਰਾ ਇਹਨਾ ਦੇਸ਼ ਦੇ ਰਖਵਾਲਿਆ ਫੌਜ ਦੇ ਜਵਾਨਾ ਨੂੰ ਦਿਲੋ ਪ੍ਰਣਾਮ,ਸਲਾਮ ਹੈ ਜੀ ਅਤੇ ਨਾਲ ਹੀ ਵਾਹਿਗੁਰੂ ਅੱਗੇ ਅਰਦਾਸ ਹੈ ਕਿ ਇਹਨਾ ਵੀਰਾਂ ਦੀ ਪਰਮਾਤਮਾ ਲੰਬੀ ਉਮਰ ਕਰੇ ਤੇ ਹਰ ਮੈਦਾਨ ਵਿੱਚ ਫਤਿਹ ਬਖਸ਼ੇ ਤੇ ਇਹ ਜੰਗ ਜਿੱਤ ਕੇ ਆਪਣੇ ਪਰਿਵਾਰਾ ਵਿੱਚ ਪਰਤ ਕੇ ਆਉਣ।



ਪਰਮਜੀਤ ਕੌਰ ਸੌਢੀ
ਭਗਤਾ ਭਾਈ ਕਾ 9478658384

# ਹੁਣ ਕਿਸਾਨ ਹੱਥ ਤੇ ਹੱਥ ਧਰ ਕੇ ਇੱਕਲੇ ਦਿੱਲੀ ਦੀਆਂ ਬਰੂਹਾਂ ਤੇ ਨਹੀਂ ਬੈਠੇ ਰਹਿਣਗੇ

ਖੇਤੀ ਕਾਨੂੰਨ ਰੱਦ ਕਰਵਾਉਣ ਅਤੇ ਘੱਟੋ-ਘੱਟ ਸਮਰਥਨ ਮੁੱਲ ਦੀ ਕਾਨੂੰਨੀ ਗਰੰਟੀ ਸਣੇ ਹੋਰ ਮੰਗਾਂ ਲਈ ਦਿੱਲੀ ਦੀਆਂ ਹੱਦਾਂ ਉਤੇ ਪਿਛਲੇ ਢਾਈ ਤਿੰਨ ਮਹੀਨਿਆਂ ਤੋਂ ਡੇਰੇ ਲਾਈ ਬੈਠੀਆਂ ਕਿਸਾਨ ਜਥੇਬੰਦੀਆਂ ਹੁਣ ਸੰਘਰਸ਼ ਨੂੰ ਹੋਰ ਤਿੱਖਾ ਕਰਨ ਲਈ ਨਵੀਂ ਰਣਨੀਤੀ ਵੱਲ ਤੁਰ ਪਈਆਂ ਹਨ। ਦਿੱਲੀ ਦੀਆਂ ਹੱਦਾਂ ਤੋਂ ਇਲਾਵਾ ਹੁਣ ਸੰਘਰਸ਼ ਨੂੰ ਪੂਰੇ ਮੁਲਕ ਵਿਚ ਭਖਾਇਆ ਜਾਵੇਗਾ ।ਭਾਜਪਾ ਤੇ ਇਸ ਦੇ ਭਾਈਵਾਲਾਂ ਨੂੰ ਸਿਆਸੀ ਸੇਕਾ ਦੇਣ ਲਈ ਉਨ੍ਹਾਂ ਸੂਬਿਆਂ ਵਿਚ ਪਹੁੰਚ ਕੀਤੀ ਜਾਵੇਗੀ ਜਿਥੇ ਵਿਧਾਨ ਸਭਾ ਚੋਣਾਂ ਹੋਣ ਜਾ ਰਹੀਆਂ ਹਨ। ਇਸ ਦੀ ਸ਼ੁਰੂਆਤ ਪੱਛਮੀ ਬੰਗਾਲ ਤੇ ਅਸਾਮ ਤੋਂ ਕਰਨ ਦੀ ਰਣਨੀਤੀ ਬਣਾਈ ਗਈ ਹੈ। ਕਿਸਾਨ ਜਥੇਬੰਦੀਆਂ ਨੇ ਐਲਾਨ ਕੀਤਾ ਹੈ ਕਿ ਇਨ੍ਹਾਂ ਸੂਬਿਆਂ ਤੱਕ ਪਹੁੰਚ ਕਰ ਕੇ ਜਿਥੇ ਭਾਜਪਾ ਦੀਆਂ ਮਾਰੂ ਨੀਤੀਆਂ ਦਾ ਪ੍ਰਚਾਰ ਕੀਤਾ ਜਾਵੇਗਾ, ਉਥੇ ਲੋਕਾਂ ਨੂੰ ਸੰਘਰਸ਼ ਦੀ ਹਮਾਇਤ ਲਈ ਅੱਗੇ ਆਉਣ ਲਈ ਅਪੀਲ ਕੀਤੀ ਜਾਵੇਗੀ ।ਯਾਦ ਰਹੇ ਕਿ ਸੰਘਰਸ਼ ਦੀ ਸ਼ੁਰੂਆਤ ਤੋਂ ਹੀ ਕੇਂਦਰ ਸਰਕਾਰ ਦਾਅਵਾ ਕਰ ਰਹੀ ਹੈ ਕਿ ਇਹ ਅੰਦੋਲਨ ਸਿਰਫ ਇਕ ਸੂਬੇ (ਪੰਜਾਬ) ਦੇ ਕੁਝ ਗੁਮਰਾਹ ਹੋਏ ਲੋਕਾਂ ਦਾ ਹੈ। ਸੰਸਦ ਵਿਚ ਬਜਟ ਇਜਲਾਸ ਦੌਰਾਨ ਵੀ ਕੇਂਦਰੀ ਮੰਤਰੀਆਂ ਨੇ ਇਹੀ ਰਟ ਲਾਈ ਰੱਖੀ ਸੀ। ਇਸੇ ਨੂੰ ਮੁੱਖ ਰੱਖ ਕੇ ਹਰਿਆਣਾ ਵਿਚ ਮਹਾਪੰਚਾਇਤਾਂ ਦਾ ਸਿਲਸਲਾ ਸ਼ੁਰੂ ਹੋਇਆ ਸੀ। ਇਸ ਤੋਂ ਬਾਅਦ ਇਹ ਉਤਰ ਪ੍ਰਦੇਸ਼, ਰਾਜਸਥਾਨ ਸਣੇ ਹੋਰ ਸੂਬਿਆਂ ਤੱਕ ਪਹੁੰਚ ਗਿਆ। ਜੋ ਕਿ ਰੇਲਾਂ ਰੋਕ ਕੇ ਦੇਸ਼ ਦਿਆਂ ਕਿਸਾਨਾਂ ਨੇ ਵਿਖਾ ਦਿੱਤਾ ਹੈ .ਜਿਸ ਦਾ ਅਸਰ ਕਸ਼ਮੀਰ ਤੋਂ ਲੈ ਕੇ ਕੰਨਿਆ ਕੁਮਾਰੀ ਤੇ ਅਸਾਮ ਤੋਂ ਮਹਾਰਾਸ਼ਟਰ ਤੱਕ ਵੇਖਣ ਨੂੰ ਮਿਲਿਆ ਹੈ .ਹੁਣ ਇਸ ਦਾ ਘੇਰਾ ਪੂਰੇ ਮੁਲਕ ਵਿਚ ਫੈਲਾਉਣ ਦੀ ਤਿਆਰੀ ਹੈ। ਕਿਸਾਨ ਆਗੂਆਂ ਦਾ ਮੰਨਣਾ ਹੈ ਕਿ ਕੇਂਦਰ ਸਰਕਾਰ ਪਿਆਰ ਵਾਲੀ ਭਾਸ਼ਾ ਸਮਝਣ ਲਈ ਤਿਆਰੀ ਨਹੀਂ ਹੈ; ਇਸ ਲਈ ਸੰਘਰਸ਼ ਨੂੰ ਦਿੱਲੀ ਦੀਆਂ ਬਰੂਹਾਂ ਤੱਕ ਹੀ ਸੀਮਤ ਰੱਖਣ ਦੀ ਕੋਈ ਤੁਕ ਨਹੀਂ ਰਹਿ ਜਾਂਦੀ ।26 ਜਨਵਰੀ ਪਿੱਛੋਂ ਸੰਘਰਸ਼ ਵਿਚ ਨਵੀਂ ਰੂਹ ਫੂਕਣ ਵਾਲੇ ਭਾਰਤੀ ਕਿਸਾਨ ਯੂਨੀਅਨ ਦੇ ਕੌਮੀ ਬੁਲਾਰੇ ਰਾਕੇਸ਼ ਟਿਕੈਤ ਨੇ ਸਾਫ ਆਖ ਦਿੱਤਾ ਹੈ ਕਿ ਹੁਣ ਉਹ ਮਹਾਰਾਸ਼ਟਰ ਅਤੇ ਕਰਨਾਟਕ ਦੇ ਨਾਲ-ਨਾਲ ਦੇਸ਼ ਦੇ ਸਾਰੇ ਰਾਜਾਂ ਵਿਚ ਜਾ ਕੇ ਉਥੇ ਮਹਾਪੰਚਾਇਤਾਂ ਕਰਨਗੇ। ਯੂ.ਪੀ. ਵਿਚ ਗੰਨਾ ਕਾਸ਼ਤਕਾਰਾਂ ਅਤੇ ਮਹਾਰਾਸ਼ਟਰ ਵਿਚ ਨਰਮਾ ਕਾਸ਼ਤਕਾਰਾਂ ਦੀ ਲਹਿਰ ਹੈ; ਖਾਸ ਕਰ ਕੇ ਚੋਣਾਂ ਵਾਲੇ ਸੂਬਿਆਂ ਉਤੇ ਭਾਜਪਾ ਦੀ ਘੇਰਾਬੰਦੀ ਜਥੇਬੰਦੀਆਂ ਦੀ ਰਣਨੀਤੀ ਦਾ ਅਹਿਮ ਹਿੱਸਾ ਬਣਦਾ ਜਾਪ ਰਿਹਾ ਹੈ ।ਚੇਤੇ ਰਹੇ ਕਿ ਪਿਛਲੇ ਕੁਝ ਦਿਨਾਂ ਤੋਂ ਕੇਂਦਰ ਦੀ ਭਾਜਪਾ ਸਰਕਾਰ ਵੱਲੋਂ ਕਿਸਾਨ ਸੰਘਰਸ਼ ਦੇ ਹੱਕ ਵਿਚ ਬੋਲਣ ਵਾਲਿਆਂ ਉਤੇ ਸਖਤੀ ਕੀਤੀ ਹੋਈ ਹੈ। ਸੰਘਰਸ਼ ਦੀ ਹਮਾਇਤ ਕਰਨ ਵਾਲੀਆਂ ਕੌਮਾਂਤਰੀ ਹਸਤੀਆਂ ਉਤੇ ਵੀ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਅਸਲ ਵਿਚ, ਪੰਜਾਬ ਤੋਂ ਉੱਠੇ ਕਿਸਾਨ ਅੰਦੋਲਨ ਦੀ ਆਵਾਜ਼ ਹੁਣ ਦੁਨੀਆ ਦੇ ਕੋਨੇ-ਕੋਨੇ ਤੱਕ ਗੂੰਜਣ ਲੱਗ ਪਈ ਹੈ। ਦੁਨੀਆ ਦੀਆਂ ਵੱਡੀਆਂ ਹਸਤੀਆਂ ਨੇ ਅੰਦੋਲਨ ਦੀ ਹਮਾਇਤ ਕਰਦਿਆਂ ਕਿਸਾਨਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਹੈ ਤੇ ਭਾਜਪਾ ਸਰਕਾਰ ਇਸ ਨੂੰ ਆਪਣੇ ਸਿਆਸੀ ਭਵਿੱਖ ਲਈ ਵੀ ਚੁਣੌਤੀ ਮੰਨਣ ਲੱਗੀ ਹੈ। ਹਾਲਾਤ ਇਹ ਹੈ ਕਿ ਇਕ ਪਾਸੇ ਪ੍ਰਧਾਨ ਮੰਤਰੀ ਮੋਦੀ ਕਿਸਾਨਾਂ ਤੋਂ ਇਕ ਫੋਨ ਕਾਲ ਦੀ ਦੂਰੀ ਉਤੇ ਹੋਣ ਦੇ ਦਾਅਵੇ ਕਰ ਰਹੇ ਹਨ ਤੇ ਦੂਜੇ ਪਾਸੇ ਸਰਕਾਰ ਸੰਘਰਸ਼ ਨੂੰ ਆਪਣੇ ਢੰਗ ਨਾਲ ਖਤਮ ਕਰਾਉਣ ਲਈ ਹਰ ਹਰਬਾ ਵਰਤ ਰਹੀ ਹੈ ।ਇਸ ਸਮੇਂ ਅਜੀਬ ਸਥਿਤੀ ਇਹ ਹੈ ਕਿ ਦਿੱਲੀ ਦੀ ਸਰਹੱਦ ਉਤੇ ਨੈਸ਼ਨਲ ਹਾਈਵੇ ਨੂੰ ਪੁੱਟ ਕੇ ਇਸ ਤੇ ਕੰਕਰੀਟ ਦੀਆਂ ਚੌੜੀਆਂ ਮਜ਼ਬੂਤ ਦੀਵਾਰਾਂ ਬਣਾਈਆਂ ਗਈਆਂ ਹਨ। ਇਸ ਦੇ ਨਾਲ ਲੱਗਦੇ ਇਲਾਕਿਆਂ ਵਿਚ ਕਰੇਨਾਂ ਨਾਲ ਡੂੰਘੀਆਂ ਖਾਈਆਂ ਪੁੱਟੀਆਂ ਗਈਆਂ ਹਨ ।ਮੋਦੀ ਸਰਕਾਰ ਨੇ ਆਪਣੇ ਸਾਰੇ ਹੀਲੇ ਅਪਣਾ ਕੇ ਵੇਖ ਲਿਆ ਹੈ . ਕਿਸਾਨ ਅੰਦੋਲਨ ਨੂੰ ਖਦੇੜ ਨਹੀਂ ਸਕੇ ਸਗੋਂ ਕਿਸਾਨ ਅੰਦੋਲਨ ਸੰਯੁਕਤ ਕਿਸਾਨ ਅੰਦੋਲਨ ਤੇ ਹੁਣ ਜਨ ਅੰਦੋਲਨ ਦਾ ਰੂਪ ਧਾਰ ਚੁੱਕਾ ਹੈ .ਕਿਸਾਨਾਂ ਨੇ ਮਨ ਵਿੱਚ ਧਾਰ ਲਿਆ ਹੈ ਕਿ ਮੋਦੀ ਦੀਆਂ ਗੋਡੀਆਂ ਲਵਾ ਕੇ ਹੀ ਘਰ ਪਰਤਾਂਗੇ .






ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ
ਫਿਰੋਜ਼ਪੁਰ 7589155501





# ਚਮੋਲੀ (ਉੱਤਰਾਖੰਡ) ਵਰਗੀ ਤਬਾਹੀ ਹਿਮਾਚਲ ਵਿੱਚ ਵੀ ਵਾਪਰ ਸਕਦੀ ਹੈ



ਬਲਰਾਜ ਸਿੰਘ ਸਿੱਧੂ ਕਮਾਂਡੈਂਟ
ਪੰਡੋਰੀ ਸਿੱਧਵਾਂ 9501100062

7 ਫਰਵਰੀ ਨੂੰ ਉੱਤਰਾਖੰਡ ਦੇ ਚਮੋਲੀ ਜਿਲ੍ਹੇ ਵਿੱਚ ਗੰਗਾ ਨਦੀ ਦੀ ਸਹਾਇਕ ਨਦੀ, ਧੌਲੀ ਗੰਗਾ ਵਿੱਚ ਗਲੇਸ਼ੀਅਰ ਟੁੱਟਣ ਕਾਰਨ ਆਏ ਹੜ੍ਹ ਨਾਲ 34 ਵਿਅਕਤੀਆਂ ਦੀ ਮੌਤ ਹੋ ਗਈ ਹੈ ਤੇ 174 ਅਜੇ ਲਾਪਤਾ ਹਨ। ਇਸ ਤੋਂ ਇਲਾਵਾ ਧੌਲੀ ਗੰਗਾ ਨਦੀ 'ਤੇ ਬਣ ਰਿਹਾ ਤਪੋਵਨ ਪਣ ਬਿਜਲੀ ਡੈਮ ਬੁਰੀ ਤਰਾਂ ਨਾਲ ਨੁਕਸਾਨਿਆਂ ਗਿਆ ਹੈ। ਇਹ ਹੜ੍ਹ ਕੁਦਰਤੀ ਕਾਰਨਾਂ ਕਰ ਕੇ ਘੱਟ ਅਤੇ ਇਨਸਾਨ ਵੱਲੋਂ ਹਿਮਾਲੀਆ ਪਰਬਤਾਂ ਵਿੱਚ ਵਿਕਾਸ ਦੇ ਨਾਮ 'ਤੇ ਕੀਤੀ ਜਾ ਰਹੀ ਤਬਾਹੀ ਕਾਰਨ ਜਿਆਦਾ ਆਏ ਹਨ। ਇਹ ਕੁਦਰਤ ਵੱਲੋਂ ਇਨਸਾਨ ਨੂੰ ਇਹ ਦੱਸਣ ਦਾ ਤਰੀਕਾ ਹੈ ਕਿ ਜੇ ਵਾਤਾਵਰਣ ਨੂੰ ਖਰਾਬ ਕੀਤਾ ਗਿਆ ਤਾਂ ਉਹ ਜ਼ਰੂਰ ਇਸ ਦਾ ਬਦਲਾ ਲਏਗੀ। ਪਰ ਉਹ ਗੱਲ ਵੱਖਰੀ ਹੈ ਕਿ ਕੁਦਰਤ ਦੇ ਬਦਲੇ ਦਾ ਸ਼ਿਕਾਰ ਸਿਰਫ ਬੇਗੁਨਾਹ ਅਤੇ ਗਰੀਬ ਲੋਕ ਹੀ ਹੁੰਦੇ ਹਨ ਤੇ ਤਬਾਹੀ ਲਈ ਜ਼ਿੰਮੇਵਾਰ ਸਰਮਾਏਦਾਰ ਅਤੇ ਨੇਤਾ ਸਾਫ ਬਚ ਜਾਂਦੇ ਹਨ। ਉਸਾਰੀ ਵਾਸਤੇ ਬੱਜਰੀ ਲਈ ਪੱਥਰਾਂ ਦੀ ਬੇਦਰਦੀ ਨਾਲ ਪੁਟਾਈ ਅਤੇ ਰਿਸ਼ੀ ਗੰਗਾ ਅਤੇ ਧੌਲੀ ਗੰਗਾ 'ਤੇ ਬਣ ਰਹੇ ਡੈਮਾਂ ਲਈ ਸੁਰੰਗਾਂ ਬਣਾਉਣ ਲਈ ਪਹਾੜਾਂ ਨੂੰ ਬਾਰੂਦ ਨਾਲ ਉਡਾਉਣਾ ਚਮੌਲੀ ਕਾਂਡ ਦਾ ਵੱਡਾ ਕਾਰਨ ਬਣਿਆ ਹੈ। ਇਸ ਕਾਰਨ ਪਹਾੜਾਂ ਦਾ ਢਿੱਲਾ ਪਿਆ ਲੱਖਾਂ ਟਨ ਮਲਬਾ ਪਹਿਲਾਂ ਤੋਂ ਹੀ ਗਲੋਬਲ ਵਾਰਮਿੰਗ ਕਾਰਨ ਟੁੱਟ ਰਹੇ ਗਲੇਸ਼ੀਅਰ 'ਤੇ ਡਿੱਗ ਪਿਆ ਅਤੇ ਹੜ੍ਹ ਦਾ ਕਾਰਨ ਬਣਿਆ।

ਇਸ ਸਮੇਂ ਗਲੋਬਲ ਵਾਰਮਿੰਗ ਹਿਮਾਲੀਆ ਪਰਬਤਾਂ 'ਤੇ ਕਹਿਰ ਢਾਹ ਰਹੀ ਹੈ। ਇਸ ਕਾਰਨ ਗਲੇਸ਼ੀਅਰ ਤੇਜ਼ੀ ਨਾਲ ਪਿਘਲ ਰਹੇ ਹਨ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਨਵੀਆਂ ਝੀਲਾਂ ਉਤਪੰਨ ਹੋ ਰਹੀਆਂ ਹਨ ਜੋ ਸਮੇਂ ਸਮੇਂ 'ਤੇ ਵੀ ਟੁੱਟ ਕੇ ਦਰਿਆਵਾਂ ਵਿੱਚ ਹੜ੍ਹ ਲਿਆਉਂਦੀਆਂ ਰਹਿੰਦੀਆਂ ਹਨ। ਕਾਠਮੰਡੂ (ਨੇਪਾਲ) ਸਥਿੱਤ ਇੰਟਰਨੈਸ਼ਨਲ ਸੈਂਟਰ ਫਾਰ ਮਾਊਂਟੇਨ ਡਿਵੈਲਪਮੈਂਟ ਦੀ ਨਵੀਂ ਰਿਪੋਰਟ ਅਨੁਸਾਰ ਸੰਨ 2100 ਤੱਕ ਹਿਮਾਲੀਆ ਦੇ 36% ਗਲੇਸ਼ੀਅਰ ਪਿਘਲ ਜਾਣਗੇ। ਇਸਰੋ ਦੁਆਰਾ 650 ਗਲੇਸ਼ੀਅਰਾਂ 'ਤੇ ਕੀਤੀ ਇੱਕ ਖੋਜ ਤੋਂ ਸਾਹਮਣੇ ਆਇਆ ਹੈ ਕਿ ਸੰਨ 2000 ਤੋਂ 2020 ਤੱਕ ਪਿਛਲੇ ਦਸ ਸਾਲਾਂ ਨਾਲੋਂ ਤਿੰਨ ਗੁਣਾ ਵੱਧ ਗਲੇਸ਼ੀਅਰ ਪਿਘਲ ਚੁੱਕੇ ਹਨ। ਗੰਗਾ ਅਤੇ ਇਸ ਦੀਆਂ ਸਹਾਇਕ ਨਦੀਆਂ ਨੂੰ ਪਾਣੀ ਦੇਣ ਵਾਲੇ ਗਲੇਸ਼ੀਅਰਾਂ ਦੇ ਪਿਘਲ ਜਾਣ ਕਾਰਨ 60 ਕਰੋੜ ਲੋਕਾਂ ਦੇ ਜੀਵਨ 'ਤੇ ਅਸਰ ਪਏਗਾ। ਇਹ ਨਦੀਆਂ 12 ਮਹੀਨੇ ਵਗਣ ਦੀ ਬਜਾਏ ਘੱਗਰ ਦਰਿਆ ਵਾਂਗ ਸਿਰਫ ਬਰਸਾਤੀ ਨਦੀਆਂ ਬਣ ਕੇ ਰਹਿ ਜਾਣਗੀਆਂ। ਹਿਮਾਲੀਆ ਦੇ ਉੱਚੇ ਹਿਸਿਆਂ ਵਿੱਚ ਅੰਨ੍ਹੇਵਾਹ ਜੰਗਲ ਸਾਫ ਕਾਰਨ, ਸੜਕਾਂ ਚੌੜੀਆਂ ਕਰਨ (ਚਾਰ ਧਾਮ ਰੋਡ ਆਦਿ) ਅਤੇ ਜਗ੍ਹਾ ਜਗ੍ਹਾ 'ਤੇ ਡੈਮ ਉਸਾਰਨ ਕਾਰਨ ਵਾਤਾਵਰਣ ਨੂੰ ਭਾਰੀ ਨੁਕਸਾਨ ਪਹੁੰਚ ਰਿਹਾ ਹੈ। ਚਮੋਲੀ ਜਿਲ੍ਹੇ ਦੇ ਰੈਨੀ ਪਿੰਡ (ਜਿੱਥੇ ਹੁਣ ਹੜ੍ਹ ਆਇਆ ਹੈ) ਦੇ ਵਸਨੀਕਾਂ ਨੇ ਉੱਤਰਾਖੰਡ ਹਾਈ ਕੋਰਟ ਵਿੱਚ ਮਈ 2019 ਨੂੰ ਰਿਸ਼ੀ ਗੰਗਾ ਨਦੀ ਵਿੱਚੋਂ ਗੈਰ ਕਾਨੂੰਨੀ ਖਣਨ, ਪਹਾੜਾਂ ਨੂੰ ਬਾਰੂਦ ਨਾਲ ਉਡਾਉਣ ਅਤੇ ਰਿਸ਼ੀ ਗੰਗਾ ਡੈਮ ਦੇ ਠੇਕੇਦਾਰਾਂ ਵੱਲੋਂ ਮਲਬੇ ਨੂੰ ਨਦੀ ਵਿੱਚ ਸੁੱਟਣ ਦੇ ਖਿਲਾਫ ਇੱਕ ਰਿੱਟ ਪਾਈ ਸੀ ਜਿਸ 'ਤੇ ਹਾਈ ਕੋਰਟ ਨੇ ਇਸ ਸਬੰਧੀ ਚਮੋਲੀ ਦੇ ਡੀ.ਸੀ. ਨੂੰ ਤਫਤੀਸ਼ ਕਰ ਕੇ ਜਵਾਬ ਪੇਸ਼ ਕਰਨ ਦਾ ਹੁਕਮ ਦਿੱਤਾ ਸੀ। ਡੀ.ਸੀ. ਦੀ ਰਿਪੋਰਟ ਵਿੱਚ ਬਹੁਤੇ ਦੋਸ਼ ਸਹੀ ਪਾਏ ਗਏ ਸਨ। ਪਰ ਇਸ ਤੋਂ ਬਾਅਦ ਸਰਮਾਏਦਾਰਾਂ ਅਤੇ ਸਿਆਸੀ ਲੀਡਰਾਂ ਨਾਲ ਮਿਲ ਕੇ ਇਸ ਰਿਪੋਰਟ 'ਤੇ ਮਿੱਟੀ ਪਾ ਦਿਤੀ ਗਈ ਜਿਸ ਦਾ ਨਤੀਜਾ ਇਸ ਤਰਾਸਦੀ ਦੇ ਰੂਪ ਵਿੱਚ ਸਾਹਮਣੇ ਆਇਆ ਹੈ।

ਉੱਤਰਾਖੰਡ ਦੇ ਉਚੇਰੇ ਇਲਾਕਿਆ ਵਿੱਚ ਇਸ ਵੇਲੇ ਗੰਗਾ ਦੀਆਂ ਸਹਾਇਕ ਨਦੀਆਂ 'ਤੇ 16 ਪਣ ਬਿਜਲੀ ਡੈਮ ਉਸਾਰੇ ਜਾ ਚੁੱਕੇ ਹਨ ਅਤੇ 13 ਉਸਾਰੀ ਅਧੀਨ ਹਨ। ਵਾਤਾਵਰਣ ਪ੍ਰੇਮੀਆਂ ਦੇ ਸਾਰੇ ਇਤਰਾਜ਼ਾਂ ਨੂੰ ਦਰਕਿਨਾਰ ਕਰਦੇ ਹੋਏ ਉੱਤਰਾਖੰਡ ਸਰਕਾਰ ਪਣ ਬਿਜਲੀ ਪੈਦਾ ਕਰਨ ਲਈ 54 ਹੋਰ ਨਵੇਂ ਡੈਮ ਉਸਾਰਨ ਜਾ ਰਹੀ ਹੈ। ਭਾਰਤੀਆਂ ਦੀ ਇੱਕ ਬਹੁਤ ਵੱਡੀ ਖੂਬੀ ਜਾਂ ਮੂਰਖਤਾ ਕਹਿ ਲਉ ਇਹ ਹੈ ਕਿ ਅਸੀਂ ਆਪਣੀਆਂ ਗਲਤੀਆਂ ਤੋਂ ਵੀ ਕੁਝ ਨਹੀਂ ਸਿੱਖਦੇ। ਇਸੇ ਤਰਾਂ ਦੀ ਇੱਕ ਭਿਆਨਕ ਦੁਰਘਟਨਾ ਸਿਰਫ ਸੱਤ ਸਾਲ ਪਹਿਲਾਂ 2013 ਵਿੱਚ ਕੇਦਾਰਨਾਥ ਵਿਖੇ ਵਾਪਰ ਚੁੱਕੀ ਹੈ। ਉਸ ਵੇਲੇ ਇੱਕ ਗਲੇਸ਼ੀਅਰ ਝੀਲ ਦੇ ਕਿਨਾਰੇ ਟੁੱਟਣ ਕਾਰਨ ਆਏ ਹੜ੍ਹ ਕਾਰਨ 3000 ਲੋਕਾਂ ਦੀ ਮੌਤ ਹੋ ਗਈ ਸੀ ਤੇ ਹਜ਼ਾਰਾਂ ਲਾਪਤਾ ਹਨ। ਚੰਗੀ ਕਿਸਮਤ ਨੂੰ ਚਮੋਲੀ ਵਿੱਚ ਅਜਿਹੀ ਵੱਡੀ ਦੁਰਘਟਨਾ ਨਹੀਂ ਘਟੀ ਕਿਉਂਕਿ ਰਿਸ਼ੀ ਗੰਗਾ ਅਤੇ ਧੌਲੀ ਗੰਗਾ ਛੋਟੀਆਂ ਨਦੀਆਂ ਹਨ। ਉੱਤਰਾਖੰਡ ਵਿੱਚ ਸੰਨ 2000 ਤੋਂ ਬਾਅਦ ਕੀਤੇ ਜਾ ਰਹੇ ਅੰਨ੍ਹੇਵਾਹ, ਗੈਰ ਵਿਗਿਆਨਕ, ਬੁੱਧੀਹੀਣ ਅਤੇ ਬੇਤਰਤੀਬੇ ਕਥਿੱਤ ਵਿਕਾਸ ਕਾਰਨ ਪਹਾੜੀ ਹੜ੍ਹਾਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋਇਆ ਹੈ। ਸਭ ਤੋਂ ਵੱਡਾ ਖਤਰਾ ਇਹ ਹੈ ਕਿ ਚਮੋਲੀ ਵਰਗੀ ਤਬਾਹੀ ਕਦੇ ਵੀ ਹਿਮਾਚਲ ਅਤੇ ਪੰਜਾਬ ਵਿੱਚ ਵੀ ਵਾਪਰ ਸਕਦੀ ਹੈ। ਇਸ ਵੇਲੇ ਹਿਮਾਚਲ ਵਿਚਲੇ ਹਿਮਾਲੀਆ ਪਰਬਤਾਂ ਵਿੱਚ ਗਲੋਬਲ ਵਾਰਮਿੰਗ ਕਾਰਨ ਗਲੇਸ਼ੀਅਰ ਪਿਘਲਣ ਨਾਲ 1700 ਦੇ ਕਰੀਬ ਨਵੀਆਂ ਝੀਲਾਂ ਬਣ ਚੁੱਕੀਆਂ ਹਨ। ਇਹ ਝੀਲਾਂ 10 ਹੈਕਟੇਅਰ ਤੋਂ ਲੈ ਕੇ 30 ਹੈਕਟੇਅਰ ਤੱਕ ਖੇਤਰਫਲ ਦੀਆਂ ਹਨ। ਇਨ੍ਹਾਂ ਦੇ ਕਿਨਾਰੇ ਟੁੱਟਣ ਕਾਰਨ ਕਦੇ ਵੀ ਹਿਮਾਚਲ ਅਤੇ ਪੰਜਾਬ ਵਿੱਚ ਤਬਾਹੀ ਮੱਚ ਸਕਦੀ ਹੈ ਤੇ ਭਾਖੜਾ, ਰਣਜੀਤ ਸਾਗਰ ਅਤੇ ਪੌਂਗ ਡੈਮ ਖਤਰੇ ਵਿੱਚ ਪੈ ਸਕਦੇ ਹਨ। 2005 ਦੀਆਂ ਗਰਮੀਆਂ ਵਿੱਚ ਸਤਲੁਜ ਦੀ ਇੱਕ ਸਹਾਇਕ ਨਦੀ ਪਾਰਸੀਹੂ ਵਿੱਚ ਅਜਿਹੀ ਹੀ ਇੱਕ ਝੀਲ ਫਟ ਗਈ ਸੀ ਜਿਸ ਕਾਰਨ ਸਤਲੁਜ ਵਿੱਚ ਭਾਰੀ ਹੜ੍ਹ ਆ ਗਿਆ ਸੀ। ਸਤਲੁਜ ਦਾ ਪੱਧਰ 25 ਮੀਟਰ ਤੱਕ ਵਧ ਗਿਆ ਸੀ ਜਿਸ ਕਾਰਨ ਕਿਨੌਰ - ਰਾਮਪੁਰ ਇਲਾਕੇ ਵਿੱਚ ਲੀਉ ਪਿੰਡ ਸਮੇਤ ਅਨੇਕਾਂ ਪਿੰਡ ਅਤੇ 16 ਪੁੱਲ ਪਾਣੀ ਵਿੱਚ ਸਮਾ ਗਏ ਸਨ। ਸਰਕਾਰੀ ਅਤੇ ਨਿੱਜੀ ਸੰਪਤੀ ਦਾ ਨੁਕਸਾਨ 900 ਕਰੋੜ ਰੁਪਏ ਤੋਂ ਵੀ ਵੱਧ ਹੋਇਆ ਸੀ। ਹਿਮਾਚਲ ਪ੍ਰਦੇਸ਼ ਦੀ ਸਰਕਾਰੀ ਸੰਸਥਾ ਕਾਊਂਸਲ ਆਫ ਸਾਇੰਸ ਐਂਡ ਟੈਕਨੋਲੌਜੀ ਸੈਟੇਲਾਈਟ ਰਾਹੀਂ ਦਰਿਆਵਾਂ ਦੇ ਸ੍ਰੋਤਾਂ ਕੋਲ ਬਣਨ ਵਾਲੀਆਂ ਝੀਲਾਂ 'ਤੇ ਨਿਗਾਹ ਰੱਖਦੀ ਹੈ। ਉਸ ਦੇ ਬੁਲਾਰੇ ਨੇ ਦੱਸਿਆ ਹੈ ਕਿ ਪਿਛਲੇ ਪੰਜ ਸਾਲਾਂ ਵਿੱਚ ਸਤਲੁਜ, ਝਨਾਬ, ਬਿਆਸ ਅਤੇ ਰਾਵੀ ਦੇ ਸ੍ਰੋਤਾਂ ਅਤੇ ਇਨ੍ਹਾਂ ਦੀਆਂ ਸਹਾਇਕ ਨਦੀਆਂ ਨਜ਼ਦੀਕ ਅਜਿਹੀਆਂ ਝੀਲਾਂ ਬਣਨ ਦੀ ਪ੍ਰਕਿਰਿਆ ਵਿੱਚ ਅਥਾਹ ਵਾਧਾ ਹੋਇਆ ਹੈ। ਇਹ ਵਾਧਾ ਬਿਆਸ ਦੇ ਸ੍ਰੋਤਾਂ ਨਜ਼ਦੀਕ 36%, ਝਨਾਬ ਦੇ ਸ੍ਰੋਤਾਂ ਨਜ਼ਦੀਕ 32%, ਰਾਵੀ ਦੇ ਸ੍ਰੋਤਾਂ ਨਜ਼ਦੀਕ 94% ਅਤੇ ਸਤਲੁਜ ਦੇ ਸ੍ਰੋਤਾਂ ਨਜ਼ਦੀਕ 97% ਹੈ। 2018 ਵਿੱਚ ਸਤਲੁਜ ਦੇ ਸ੍ਰੋਤਾਂ ਨਜ਼ਦੀਕ 800 ਝੀਲਾਂ, ਝਨਾਬ ਦੀਆਂ ਸਹਾਇਕ ਨਦੀਆਂ (ਚੰਦਰਾ, ਭਾਗਾ ਅਤੇ ਮਿਆਰ) ਦੇ ਨਜ਼ਦੀਕ 254 ਝੀਲਾਂ, ਰਾਵੀ ਦੀਆਂ ਸਹਾਇਕ ਨਦੀਆਂ ਕੋਲ 313 ਝੀਲਾਂ ਅਤੇ ਬਿਆਸ ਦੀਆਂ ਸਹਾਇਕ ਨਦੀਆਂ ਦੇ ਨਜ਼ਦੀਕ 300 ਦੇ ਕਰੀਬ ਝੀਲਾਂ ਬਣ ਚੁੱਕੀਆਂ ਹਨ। ਇਨ੍ਹਾਂ ਦੀ ਗਿਣਤੀ ਵਿੱਚ ਹਰ ਮਹੀਨੇ ਵਾਧਾ ਹੁੰਦਾ ਜਾ ਰਿਹਾ ਹੈ।

ਇਨ੍ਹਾਂ ਝੀਲਾਂ ਵਿੱਚ ਪਾਣੀ ਗਲੋਬਲ ਵਾਰਮਿੰਗ ਕਾਰਨ ਗਲੇਸ਼ੀਅਰ ਪਿਘਲਣ ਨਾਲ ਆਉਂਦਾ ਹੈ। ਅੱਜ ਤੋਂ ਪੰਜਾਹ ਸਾਲ ਪਹਿਲਾਂ ਗਲੇਸ਼ੀਅਰ ਸਿਰਫ ਗਰਮੀਆਂ ਵਿੱਚ ਪਿਘਲਦੇ ਸਨ ਤੇ ਸਰਦੀਆਂ ਵਿੱਚ ਦੁਬਾਰਾ ਆਪਣੇ ਅਸਲੀ ਅਕਾਰ ਵਿੱਚ ਆ ਜਾਂਦੇ ਸਨ। ਪਰ ਹੁਣ ਇਹ ਸਰਦੀਆਂ ਵਿੱਚ ਵੀ ਪਿਘਲਦੇ ਰਹਿੰਦੇ ਹਨ। ਇਹ ਝੀਲਾਂ ਇੱਕ ਟਾਈਮ ਬੰਬ ਵਾਂਗ ਹਨ। ਜਦੋਂ ਇਨ੍ਹਾਂ ਵਿੱਚ ਸਮਰਥਾ ਤੋਂ ਵੱਧ ਪਾਣੀ ਭਰ ਜਾਂਦਾ ਹੈ ਤਾਂ ਇਹ ਆਪਣੇ ਕਿਨਾਰੇ ਤੋੜ ਕੇ ਥੱਲੇ ਵੱਲ ਨੂੰ ਚੱਲ ਪੈਂਦੀਆਂ ਹਨ। ਇਸ ਕਾਰਨ ਬਿਨਾਂ ਬਰਸਾਤ ਤੋਂ ਹੀ ਦਰਿਆਵਾਂ ਵਿੱਚ ਹੜ੍ਹ ਆ ਜਾਂਦਾ ਹੈ ਤੇ ਲੋਕ ਬਿਨਾਂ ਚੇਤਾਵਨੀ ਤੋਂ ਮੁਸੀਬਤ ਵਿੱਚ ਘਿਰ ਜਾਂਦੇ ਹਨ। ਇਹ ਅਚਨਚੇਤੀ ਹੜ੍ਹ ਆਪਣੇ ਨਾਲ ਪਹਾੜਾਂ ਦੀ ਉਪਜਾਊ ਮਿੱਟੀ ਦੀ ਬਜਾਏ ਲੱਖਾਂ ਟਨ ਮਲਬਾ ਲੈ ਕੇ ਆਉਂਦੇ ਹਨ, ਜਿਸ ਕਾਰਨ ਦਰਿਆਵਾਂ ਦੇ ਰਸਤਾ ਬਦਲਣ ਦਾ ਨਵਾਂ ਖਤਰਾ ਪੈਦਾ ਹੋ ਗਿਆ ਹੈ। ਹਿਮਾਚਲ ਦੇ ਦਰਿਆ ਇਸੇ ਕਾਰਨ ਪੰਜਾਬ ਦੇ ਡੈਮਾਂ ਵਿੱਚ ਹਰ ਸਾਲ ਲੱਖਾਂ ਟਨ ਮਿੱਟੀ ਪੱਥਰ ਲਿਆ ਰਹੇ ਹਨ ਜਿਸ ਕਾਰਨ ਡੈਮਾਂ ਦੀ ਉਮਰ ਘਟ ਰਹੀ ਹੈ ਤੇ ਸਾਫ ਸਫਾਈ ਉੱਪਰ ਕਰੋੜਾਂ ਰੁਪਏ ਬਰਬਾਦ ਹੋ ਰਹੇ ਹਨ। 2000 ਸੰਨ ਤੋਂ ਪਹਿਲਾਂ ਕਦੇ ਕਿਸੇ ਨੇ ਪਹਾੜਾਂ ਵਿੱਚ ਹੜ੍ਹਾਂ ਦੇ ਆਉਣ ਬਾਰੇ ਸੁਣਿਆ ਵੀ ਨਹੀਂ ਸੀ। ਹੜ੍ਹ ਹਮੇਸ਼ਾਂ ਮੈਦਾਨਾਂ ਵਿੱਚ ਹੀ ਆਉਂਦੇ ਸਨ। ਪਰ ਹੁਣ ਹਰ ਸਾਲ ਹਿਮਾਲੀਆ ਪਰਬਤ ਦੇ ਕਿਸੇ ਨਾ ਕਿਸੇ ਪਹਾੜੀ ਇਲਾਕੇ ਵਿੱਚ ਅਚਨਚੇਤੀ ਹੜ੍ਹ ਆ ਜਾਂਦਾ ਹੈ। ਜੇ ਇਹ ਹੜ੍ਹ ਗਰਮੀਆਂ ਵਿੱਚ ਆਉਣ ਤਾਂ ਫਿਰ ਵੀ ਜ਼ਾਇਜ ਠਹਿਰਾਏ ਜਾ ਸਕਦੇ ਹਨ, ਪਰ ਚਮੋਲੀ ਵਾਲਾ ਹੜ੍ਹ ਤਾਂ ਸਰਦੀਆਂ ਵਿੱਚ ਆਇਆ ਹੈ। ਹਿਮਾਲੀਆ ਪਰਬਤ ਸੰਸਾਰ ਦੇ ਸਭ ਤੋਂ ਨਵੇਂ ਅਤੇ ਅਸਥਿਰ ਪਰਬਤ ਹਨ। ਇਨ੍ਹਾਂ ਦਾ ਅਜੇ ਪੂਰੀ ਤਰਾਂ ਨਾਲ ਅਧਿਐਨ ਵੀ ਨਹੀਂ ਕੀਤਾ ਜਾ ਸਕਿਆ। ਇਸ ਤੋਂ ਇਲਾਵਾ ਇਹ ਭੁਚਾਲ ਖੇਤਰ ਦੇ ਉੱਪਰ ਸਥਿੱਤ ਹਨ। ਸੰਸਾਰ ਦੇ ਸਿਰਫ ਇਹ ਹੀ ਪਰਬਤ ਹਨ ਜਿਨ੍ਹਾਂ ਨੂੰ ਵਿਕਾਸ ਦੇ ਨਾਮ 'ਤੇ ਸਭ ਤੋਂ ਬੇਤਰਤੀਬੇ ਢੰਗ ਨਾਲ ਬਰਬਾਦ ਕੀਤਾ ਜਾ ਰਿਹਾ ਹੈ। ਜੇ ਪਹਾੜਾਂ ਵਿੱਚ ਵੱਸੇ ਸ਼ਿਮਲਾ ਵਰਗੇ ਸ਼ਹਿਰਾਂ ਨੂੰ ਵੇਖਿਆ ਜਾਵੇ ਤਾਂ ਉਹ ਕਿਸੇ ਖੂਬਸੂਰਤ ਰਮਣੀਕ ਪਹਾੜੀ ਸ਼ਹਿਰ ਦੀ ਬਜਾਏ ਕੰਕਰੀਟ ਦਾ ਢੇਰ ਜਿਆਦਾ ਦਿਖਾਈ ਦੇਂਦੇ ਹਨ। ਕੈਲੀਫੋਰਨੀਆਂ ਵੀ ਭੁਚਾਲ ਪ੍ਰਭਾਵਿਤ ਖੇਤਰ ਵਿੱਚ ਆਉਂਦਾ ਹੋਣ ਕਾਰਨ ਉਥੇ ਘਰਾਂ ਵਿੱਚ ਬੇਸਮੈਂਟ ਤੱਕ ਬਣਾਉਣ ਦੀ ਮਨਾਹੀ ਹੈ। ਪਰ ਭਾਰਤ ਵਿੱਚ ਹਿਮਾਲੀਆ ਪਰਬਤਾਂ 'ਤੇ 20 20 ਮੰਜ਼ਲਾ ਫਲੈਟ ਖੜੇ ਕਰ ਦਿੱਤੇ ਗਏ ਹਨ। ਜਦੋਂ ਵੀ ਇਨਸਾਨ ਅੱਤ ਕਰ ਦੇਂਦਾ ਹੈ ਤਾਂ ਆਖਰ ਕੁਦਰਤ ਆਪਣਾ ਰੂਪ ਦਿਖਾਉਂਦੀ ਹੈ। ਪਰ ਪੈਸਾ ਕਮਾਉਣ ਦੀ ਅੰਨ੍ਹੀ ਦੌੜ ਵਿੱਚ ਅਸੀਂ ਸ਼ਾਇਦ ਇਹ ਗੱਲ ਭੁੱਲ ਚੁੱਕੇ ਹਾਂ। ਜੇ ਅਜੇ ਵੀ ਸਮਾਂ ਨਾ ਸੰਭਾਲਿਆ ਗਿਆ ਤਾਂ ਅਗਲੇ ਸਾਲਾਂ ਵਿੱਚ ਆਉਣ ਵਾਲੇ ਹੜ੍ਹ ਇਸ ਤੋਂ ਵੀ ਭਿਆਨਕ ਅਤੇ ਪਰਲੋ ਦੇ ਬਰਾਬਰ ਹੋਣਗੇ।



# ਜਦੋ ਯੂਨੈਸਕੋ ਨੇ ਖੇਤਰੀ ਭਾਸ਼ਾਵਾਂ ਦੀ ਵਕਾਲਤ ਕੀਤਾ




ਵਿਦਿਆ ਮਨੁੱਖ ਦਾ ਤੀਜਾ ਨੇਤਰ ਮੰਨਿਆ ਜਾਦਾ ਹੈ ਜਿਸ ਨਾਲ ਉਹ ਦੁਨੀਆ ਦੇ ਹਰ ਕੋਨੇ ਦੀਸਮਾਜਿਕ, ਆਰਥਿਕ,ਭੂਗੋਲਿਕ ਤੇ ਸੱਭਿਆਚਾਰ ਬਾਰੇ ਸੋਖਿਆ ਹੀ ਜਾਣ ਲੈਦਾ ਹੈ । ਅਮਰੀਕਾ ਦੇ ਨਾਮਵਰਖੇਤੀਬਾੜੀ ਵਿਗਿਆਨੀ ਜਾਰਜ ਵਸਿੰਗਟਨ ਕਾਰਵਰ ਨੇ ਪੜਾਈ ਨੂੰ ਉਹ ਚਾਬੀ ਦੱਸਿਆ ਹੈ ਜਿਸ ਨਾਲਸੁਨਹਿਰੀ ਭਵਿੱਖ ਦਾ ਦਰਵਾਜਾ ਖੁੱਲਦਾ ਹੈ; ਸੁਯੰਕਤ ਰਾਸਟਰ ਨੇ ਇਸ ਗਿਆਨ ਪ੍ਰਪਤੀ ਦੇ ਸੋਮੇ ਦੀਮਹੱਤਤਾ ਸਮਝਦਿਆ ਕੁਲ ਦੁਨੀਆ ਨੂੰ ਇਸਦੇ ਵਿਕਾਸ ਤੇ ਸੁਤੰਲਨ ਲਈ ਯੂਨੈਸਕੋ ਦਾ ਗਠਨ ਕੀਤਾ ।ਇਤਫਾਕਨ ਅੱਜ ਜਦੋ ਭਾਰਤ ਵਿੱਚ ਇਕ ਭਾਸਾ ਇਕ ਦੇਸ ਦੇ ਮੁੱਦੇ ਤੇ ਰਾਜਨੀਤੀ ਬਵਾਲ ਪੈਦਾ ਹੋਇਆਜਿਸਦਾ ਦੱਖਣੀ ਰਾਜਾ ਦੇ ਨਾਲੋ ਨਾਲ ਪੰਜਾਬ ਵਿੱਚ ਸਮੁੱਚੇ ਪੰਜਾਬੀਆ ਨੇ ਖੁੱਲ ਕੇ ਵਿਰੋਧ ਕੀਤਾ ਉਧਰੋ 2019 ਨੂੰ ਯੂਨੈਸਕੋ ਨੇ ਬੁਹ-ਭਾਸ਼ਾਵਾ ਨੂੰ ਸਮਥਰਨ ਦੇ ਕੇ ਅੰਤਰਰਾਸਟਰੀ ਸਾਖਰਤਾ ਦਿਵਸਮਨਾਉਣ ਦਾ ਟੀਚਾ ਮਿਥਿਆ ਸੀ। ਜਿਸ ਅਨੁਸਾਰ ਅੰਤਰਰਾਸਟਰੀ ਸੰਸਥਾ ਕੁਲ ਦੁਨੀਆ ਦੀਆ ਖੇਤਰੀਭਾਸ਼ਾਵਾ ਨੂੰ ਮਾਣ-ਸਨਮਾਨ ਤੇ ਵਿਕਾਸ ਲਈ ਬਰਾਬਰ ਦੇ ਮੌਕਿਆ ਦੀ ਵਕਾਲਤ ਕਰਦੀ ਹੈ ਤਾ ਜੋਸਥਾਨਕ ਪੱਧਰ ਤੇ ਕਲਾ,ਸਿਖਿਆ ,ਸੱਭਿਆਚਾਰ ਦਾ ਵਿਕਾਸ ਹੋ ਸਕੇ । ਦੁਨੀਆ ਅਮੀਰ ਕਲਾ ਤੇਭਿੰਨਤਾਵਾ ਭਰਪੂਰ ਹੈ ਜਿਥੇ 7000 ਦੇ ਲਗਭਗ ਭਾਸ਼ਾਵਾ ਬੋਲੀਆ ਜਾਦੀਆ ਜੋ ਸੰਚਾਰ ਦਾ ਸਾਧਨ,ਜਿੰਦਗੀ ਭਰ ਦੀ ਸਿੱਖਿਆ ,ਸਮਾਜ ਦਾ ਹਿੱਸਾ ਅਤੇ ਸੰਸਾਰ ਵਿੱਚ ਆਪਣਾ ਵਡਮੁੱਲਾ ਯੋਗਦਾਨ ਪਉਦੀਆਹਨ । ਇਹ ਸੱਭਿਅਤਾ ਅਤੇ ਗਿਆਨ ਦੇ ਭਰੇ ਸੋਮੇ ਹਨ ਜਿਸ ਨਾਲ ਸਬੰਧਤ ਖਿੱਤੇ ਦੀ ਸੰਸਕ੍ਰਿਤੀ ਤੇ ਦੇਸੀਕਲਾ ਨੂੰ ਨੇੜਿਉ ਦੇਖ ਤੇ ਸਮਝਿਆ ਸਕਦਾ ਹੈ । ਸੋ ਕਿਸੇ ਵੀ ਦੇਸ, ਰਾਜ ਜਾ ਖਿੱਤੇ ਦੀ ਭਾਸਾ ਨੂੰ ਨਿਖੇੜਨਾਸੰਭਵ ਨਹੀ ਇਸਦੀ ਛੇੜ-ਛਾੜ ਨਾਲ ਅੰਤਰਰਾਸਟਰੀ ਵਿਭਿੰਨਤਾ,ਮਨੁੱਖੀ ਸਨਮਾਨ ਤੇ ਸਥਾਨਕਸੱਭਿਆਚਾਰ ਨੂੰ ਠੇਸ ਪਹੁੰਚਣਾ ਸੁਭਾਵਕ ਹੈ ।ਰਾਸਟਰ ਦੇ ਆਰਥਿਕ ਢਾਚੇ ਦੀ ਮਜਬੂਤੀ ਲਈ ਸਾਖਰਤਾ ਅਹਿਮ ਭੂਮਿਕਾ ਨਿਭਾਉਦੀ ਹੈ ਅਤੇਰਾਸਟਰ ਦੀ ਤਰੱਕੀ ਦਾ ਪੰਧ ਸਿੱਖਿਆ ਦੇ ਮਧਿਅਮ ×#39;ਚ ਹੋ ਕੇ ਹੀ ਗੁਜਰਦਾ ਹੈ ।ਜਿਸ ਨਾਲਅੰਤਰਰਾਸਟਰੀ ਪੱਧਰ ਤੇ ਤਾਲ ਮੇਲ ਬਣਾਉਣੇ ਅਸਾਨ ਹੁੰਦੇ ਹਨ । ਇਕ ਸਿੱਖਿਅਕ ਮਨੁੱਖ ਹੀ ਪੜ-ਲਿਖਕੇ ਆਪਣੇ ਸੁਨਹਿਰੀ ਭਵਿੱਖ ਅਤੇ ਸਮਾਜਿਕ ਵਿਕਾਸ ਲਈ ਸਹਾਈ ਹੋ ਸਕਦਾ ਹੈ । ਨੈਲਸਨ ਮੰਡੇਲਾ ਨੇਆਪਣੇ ਸੰਘਰਸੀ ਜੀਵਨ ਦੇ ਨਤੀਜੇ ਨਾਲ ਲੋਕਾਈ ਨੂੰ ਪ੍ਰੇਰਦਿਆ ਲਿੱਖਿਆ ×;ਕਿ ਪੜਾਈ ਉਹ ਸਕਤੀਸਾਲੀਹਥਿਆਰ ਹੈ , ਜਿਸ ਨਾਲ ਦੁਨੀਆ ਨੂੰ ਬਦਲਿਆ ਜਾ ਸਕਦਾ ਹੈ ×; ਇਸ ਕਰਕੇ ਸੁਯੰਕਤ ਰਾਸਟਰ ()ਨੇਸਿਖਿਆ ਦੇ ਨਿਰੰਤਰ ਵਿਕਾਸ , ਸੁਰੱਖਿਆ ਅਤੇ ਸੁਤੰਲਿਨ ਵਾਸਤੇ ਅੰਤਰਰਾਸਟਰੀ ਪੱਧਰ ਤੇ " ਸੁਯੰਕਤਰਾਸਟਰ ਸਿੱਖਿਆ ,ਵਿਗਿਆਨਕ ਤੇ ਸੱਭਿਆਚਾਰ ਸੰਗਠਨ " () 26 ਅਕਤੂਬਰ 1966 ਵਿੱਚਬਣਾਇਆ ਆਪਣੇ 14ਵੇ ਸੈਸਨ ×#39;ਚ 8 ਸਤੰਬਰ ਨੂੰ ਸੰਸਾਰ ਸਾਖਰਤਾ ਦਿਵਸ ਐਲਾਨਿਆ ਤੇ 1967 ਨੂੰਵਿਆਪਕ ਪੱਧਰ ਤੇ ਮਨਾ ਕੇ ਇਸਦਾ ਆਗਾਜ ਕੀਤਾ । ਇਸਦੇ 193 ਦੇਸ ਸਥਾਈ ਮੈਂਬਰ ਤੇ 2 ਸਹਿਯੋਗੀਮੈਂਬਰ ਹਨ ਭਾਰਤੀਆ ਲਈ ਮਾਣ ਵਾਲੀ ਗੱਲ਼ ਹੈ ਕਿ ਉਹ ਬਾਨੀ ਮੈਬਰਾ ( ) ਵਿੱਚੋਇਕ ਤੇ ਇਸਦਾ ਮੁੱਖ ਦਫਤਰ ਪੈਰਿਸ ਵਿਚ ਸਥਿਤ ਹੈ । ਯੂਨੈਸਕੋ ਦਾ ਮੁੱਖ ਮੰਤਵ ਸੰਸਾਰ ਦੇ ਹਰ ਦੇਸ ,ਰਾਜ,ਕਸਬੇ ਨੂੰ ਸਿੱਖਿਆ ਦੇ ਕਲਾਵੇ ਵਿੱਚ ਵਿੱਚ ਲਿਆਕੇ ਵਿਦਿਆ ਦਾ ਪਸਾਰ ਕਰਨਾ ਹੈ ਤਾ ਜੋ ਅਜੋਕੇ ਸਮੇ ਦਾ ਮਨੁੱਖ ਰਾਸਟਰ ਤਰੱਕੀ ਦੀ ਪ੍ਰਵਾਜ ਨੂੰ ਹੋਰਬੁਲੰਦੀਆ ਤੇ ਲਜਾ ਸਕੇ । ਲੋਕਾ ਦੇ ਉਤਸਾਹ ਤੇ ਜਜਬੇ ਨੂੰ ਵਧਾਉਣ ਲਈ ਸਾਖਰਤਾ ਦਿਵਸ ਨੂੰ ਇਕਵਿਸੇਸ ਵਿਸੇ ਨਾਲ ਜੋੜ ਕੇ ਪੂਰਾ ਸਾਲ ਉਸ ਦੇ ਸਬੰਧਤ ਲੀਫਲੈਟ ,ਮੈਗਜੀਨ ,ਇਸਤਿਹਾਰਾ,ਕੈਂਪ ਅਤੇਮੈਸੀਨਰ ਲਗਾ ਕੇ ਜਾਗਰੂਕ ਕੀਤਾ ਜਾਦਾ ਹੈ ।2007-08 ਵਿੱਚ ਸੰਗਠਨ ਨੇ ਸਿਖਿਆ ਤੇ ਸਿਹਤ ਦੇ ਵਰੇਵਜੋ ਮਨਾਇਆ ਸਿਹਤ ਸਬੰਧਤ ਪ੍ਰਚਾਰ ਕਰਨ ਵਾਲੀਆ ਸੰਸਥਾਵਾ ਨੂੰ ਇਨਾਮ ਵੰਡੇ ਤੇ ਯੂਨੇਸਕੋ ਨੇਟੀ.ਬੀ,ਏਡਜ, ਮਲੇਰੀਆ ਤੇ ਕੈਂਸ਼ਰ ਵਰਗੀਆ ਬੀਮਾਰੀਆ ਦੇ ਖਾਤਮੇ ਵਾਸਤੇ ਲੋਕ ਲਹਿਰ ਉਸਾਰਨ ਲਈਪਰਚੇ ,ਕਿਤਾਬਾ ਵੰਡਣ ਤੋ ਇਲਾਵਾ ਸੈਮੀਨਰ ਤੇ ਸਰਕਾਰੀ ਤੇ ਨਿੱਜੀ ਹਸਪਤਾਲਾ ਵਿੱਚ ਕੈਂਪਾ ਦਾ ਅਯੋਜਨਕੀਤਾ ।ਇਸੇ ਤਰਾ 2009-10 ਸਿੱਖਿਆ ਤੇ ਮਹਿਲਾ ਸਕਤੀਕਰਨ ਨੂੰ ਪਹਿਲ ਦਿੰਦੇ ਹੋਏ ਲਿੰਗਕ ਭੇਦ-ਭਾਵਦੇ ਖਾਤਮੇ ਕਰਕੇ ਬਰਾਬਰ ਦੇ ਅਧਿਕਾਰ ਤੇ ਰੋਜਗਾਰ ਮੌਕੇ ਦੇਣ ਲਈ ਅਵਾਜ ਬਲੰਦ ਕੀਤੀ ਤੇ 2011-12ਵਿੱਚ ਮਨੁੱਖੀ ਬੇਹਤਰੀ ਲਈ ਸਮਾਜ ਨੂੰ ਸਿੱਖਿਆ ਅਤੇ ਸਾਂਤੀ ਦਾ ਸੰਦੇਸ ਦਿੱਤਾ ।ਇਸੇ ਰੀਤ ਨੂੰ ਨਿਭਾਉਦੇਹੋਏ ਬਦਲੇ ਸਮਾਜਿਕ ਤਾਣੇ-ਬਾਣੇ ਤੇ ਤਕਨੀਕੀ ਯੁੱਗ ਦੇ ਦੌਰ ਵਿੱਚ ਨਵੀ ਪੀੜੀ ਨੂੰ ਸਿਖਿਆ ਤੇ ਹੁਨਰਵਿਕਾਸ ਨਾਲ ਸੁਨਹਿਰੀ ਭਵਿੱਖ ਦੇ ਰਾਹ ਦਸੇਰੇ ਬਣਕੇ ਗਿਆਨ ਵੰਡਦੇ ਹੋਏ 2017-18 ਦਾ ਸੰਸਾਰਸਾਖਰਤਾ ਦਿਵਸ ਮਨਾਇਆ ।

ਅੱਜ ਸੰਸਾਰ ਦਾ ਹਰ ਦੇਸ ਆਪਣੀ ਫੋਜ,ਹਥਿਆਰ ਤੇ ਮਜਾਇਲ ਸਕਤੀ ਪ੍ਰਦਰਸਣ ਦੀ ਹੋੜਵਿੱਚ ਲੱਗੇ ਅਰਬਾ ਰੁਪਾਏ ਵਹਾ ਰਿਹਾ ਤੇ ਇਸ ਦੁਵਾਰਾ ਸਿਆਸੀ ਨੇਤਾ ਆਪਣੀ ਪੈਂਠ ਬਣਾਉਣ ਤੇ ਹਾਉਮੇਨੂੰ ਪੱਠੇ ਪਾ ਰਹੇ ਹਨ ।ਜਦੋ ਕਿ ਸੰਸਾਰ ਦਾ ਅਸਲ ਸਰਮਾਇਆ ਨੌਜਵਾਨੀ ਪੜਨ -ਲਿਖਣ ਦੇ ਕਾਬਿਲ ਵੀਨਹੀ ਹੈ । ਯੂਨੇਸਕੋ ਵਲੋ ਜਾਰੀ ਅਕਤੂਬਰ 2018 ਦੇ ਅੰਕੜਿਆ ਅਨੁਸਾਰ ਦੁਨੀਆ ਦੇ 775 ਮਿਲੀਅਨਬਾਲਗ ਘੱਟੋ-ਘੱਟ ਸਿੱਖਿਆ ਪ੍ਰਪਤ ਵੀ ਨਹੀ ਹਨ ।60.7 ਮਿਲੀਅਨ ਅਜਿਹੇ ਬੱਚੇ ਹਨ ਜੋ ਸਕੂਲ ਗਏ ਹੀਨਹੀ ਜਾ ਬਹੁਤੇ ਸੁਰੂਆਤ ਵਿੱਚ ਹੀ ਸਕੂਲ ਛੱਡ ਗਏ । ਦੁਨੀਆ ਦੇ ਵਿਕਸਤ ਤੇ ਵਿਕਾਸਸੀਲ ਦੇਸਾ ਵਿੱਚਸਾਖਰਤਾ ਦਰ ਦਾ ਵੱਡਾ ਅੰਤਰ ਹੈ ।ਉਂਜ ਸਾਝੇ ਤੌਰ ਤੇ ਭਾਵੇ ਦਰ 86.3 ਹੈ ਜਿਸ ਵਿੱਚ ਮਰਦ ਵਰਗ ਦੀਸਾਖਰਤਾ ਦਰ 90 ਪ੍ਰਤੀਸਤ ਅਤੇ ਔਰਤਾ 82.7 ਪ੍ਰਤੀਸਤ ਪੜੀਆ ਲਿਖੀਆ ਹਨ ਪਰ ਇਕੱਲੇਵਿਕਾਸਸੀਲ ਦੇਸਾ ਦੀ ਵਿਕਾਸ ਦਰ 99.2 ਹੈ । ਜਿਆਦਾ ਅਨਪੜਤਾ ਅਫਰੀਕਾ ,ਪੱਛਮੀ ਤੇ ਦੱਖਣੀਏਸੀਆ ਵਿੱਚ ਹੈ ਜਿਥੇ ਸੰਸਾਰ ਦੀ ਅਨਪੜਤਾ ਦਾ 1000 ਪਿਛੇ 213 ਵਿਆਕਤੀ ਇਸ ਭਾਗ ਵਿਚੋ ਹਨ ਜਦੋਕਿ ਕੁਲ ਦੁਨੀਆ ਵਿੱਚ 1000 ਵਿਚੋ 781 ਬਾਲਗ ਪੜ-ਲਿਖ ਨਹੀ ਸਕਦੇ । ਦੁਨੀਆ ਵਿਚ ਸਭ ਤੋ ਘੱਟ 19ਪ੍ਰਤੀਸਤ ਸ਼ਾਖਰਤਾ ਵਾਲਾ ਦੇਸ ਨਿਗਰ () ਜੋ ਸਾਊਥ ਅਫਰੀਕਾ ਦਾ ਲੈਂਡ ਲੋਕ ਦੇਸ ਹੈ ।ਇਸ ਤੋਇਲਾਵਾ ਇਰਾਕ 43.7 ,ਕੇਦਰੀ ਅਫਰੀਕਾ ਗਣਤੰਤਰ 36.8 ਅਤੇ ਅਫਗਾਨਿਸਤਾਨ 38.2 ਸਾਖਰਤਾ ਦਰਹੈ ।ਵਿਕਸਤ ਦੇਸ਼ਾ ਵਿਚੋ ਕੋਰੀਆ 100 ਫੀ ਦਰ ਪਹਿਲੇ ਨੰਬਰ ,ਯੂਕਰੇਨ ,ਜੋਰਜੀਆ, ਅਰਮੀਨੀਆ 99.9ਦੀ ਦਰ ਨਾਲ ਦੂਜੇ ਨੰਬਰ ਤੇ ਹੈ ਜਦੋ ਭਾਰਤ 71.20 ਫੀ ਦਰ 159 ਤੇ ਪਾਕਿਸਤਾਨ 57.90 ਫੀ ਦਰ ਨਾਲ173ਵੇ ਨੰਬਰ ਤੇ ਹਨ । ਸ਼ਕਤੀਸਾਲੀ ਅਮਰੀਕਾ ਦੀ ਸਾਖਰਤਾ ਦਰ ਵੀ 99.90 ਫੀ ਹੈ ।

ਭਾਰਤ ਵੀ ਸੰਸਾਰ ਵਾਗ ਭਿੰਨਤਾਵਾ ਭਰਿਆ ਦੇਸ਼ ਹੈ ਜੋ ਜਨਸੰਖਿਆ ਦੇ ਅਨੁਸਾਰ ਦੂਸਰੇ ਤੇ ਏਗੀਏਦੇ ਮੁਤਾਬਕ ਸੰਸਾਰ ਵਿਚੋ ਸੱਤਵੇ ਨੰਬਰ ਤੇ ਆਉਦਾ ਹੈ ਜਿਥੇ 121 ਭਾਸ਼ਾਵਾ ਬੋਲੀਆ ਜਾਦੀਆ ਅਤੇ 22ਭਾਸ਼ਾਵਾ ਨੂੰ ਸੰਵਿਧਾਕਨ ਦਰਜਾ ਪ੍ਰਪਤ ਹੈ ਪੰਜਾਬੀਆ ਲਈ ਇਹ ਮਾਣ ਵਾਲੀ ਗੱਲ ਕਿ ਪੰਜਾਬੀ ਭਾਸ਼ਾ ਵੀਸਾਮਿਲ ਹੈ । ਕੋਹ ਤੇ ਜਾ ਕੇ ਬੋਲੀ ਬਦਲਣ ਦੀ ਕਹਾਵਤ ਵੀ ਪੰਜਾਬ ਦੀ ਉਪਜ ਹੀ ਜਾਪਦੀ ਹੈ ਕਿਉਕਿਪਿਛਲੀ ਹੋਈ ਜਨਗਣਨਾ ਵਿਚ ਪੰਜਾਬੀਆ ਨੇ ਹਜਾਰਾ ਮਾਤ ਭਾਸ਼ਾਵਾ ( ) ਦਰਜਕਰਵਾਈਆ । ਸਤੰਬਰ 2019 ਦੇ ਇਕ ਸਰਵੇ ਮੁਤਾਬਕ ਭਾਰਤ ਦੀ ਸਹਿਰੀ ਸਾਖਰਤਾ ਦਰ 79.5 ਅਤੇਪੇਡੂ ਖੇਤਰ ਦੀ 64.7 ਫੀ ਹੈ ।ਸਹਿਰੀ ਖੇਤਰ ਦੀ ਮਰਦ ਸਾਖਰਤਾ 83.7 ਤੇ ਔਰਤ 74.8 ਅਤੇ ਪੇਡੂ ਖੇਤਰਵਿੱਚ ਔਰਤ ਦੀ ਸਾਖਰਤਾ ਦਰ 56.8 ਤੇ ਮਰਦ ਸਾਖਰਤਾ 72.3 ਫੀ ਦਰ ਦਾ ਵਖਰੇਵਾ ਦਰਸਾਉਦੀ ਹੈ ।ਭਾਰਤ ਵਿਚ ਹਿੰਦੀ ਸਭ ਤੋ ਵੱਧ 43.6 ਪ੍ਰਤੀਸ਼ਤ ਲੋਕਾ ਦੁਵਾਰਾ ਬੋਲੀ ਜਾਣ ਵਾਲੀ ਭਾਸਾ ਹੈ ਜਦੋ ਬੰਗਾਲੀ8.3 , ਮਰਾਠੀ 6.86 ਅਤੇ ਪੰਜਾਬੀ ਪੰਜਾਬ ਤੇ ਹਰਿਆਣੇ ਦਾ ਕੁਝ ਖੇਤਰ ਮਿਲਾ ਕੇ 3 ਫੀ ਲੋਕ ਪੰਜਾਬੀਬੋਲਦੇ ਹਨ ਪਰ ਸੰਸਾਰ ਵਿੱਚ 148 ਮਿਲੀਅਨ ਲੋਕਾ ਦੁਵਾਰਾ ਬੋਲੀ ਜਾਣ ਵਾਲੀ ਪੰਜਾਬੀ 10ਵੇ, ਚੀਨੀਪਹਿਲੇ ,ਅੰਗਰੇਜੀ ਦੂਜੇ ਤੇ ਹਿੰਦੀ ਤੀਜੇ ਨੰਬਰ ਦੀ ਭਾਸਾ ਹੈ । ਸ਼ਾਖਰਤਾ ਪੱਖੋ ਭਾਰਤ ਦਾ ਕੇਰਲਾ ਰਾਜ93.91 ਸਾਖਰਤਾ ਦਰ ਨਾਲ ਪਹਿਲੇ ਦਰਜੇ ,ਲਕਸਦੀਪ 86.66 ਦਰ ਨਾਲ ਦੂਜੇ ਤੇ 76.68 ਸਾਖਰਤਾਨਾਲ ਪੰਜਾਬ ਦਾ 21ਵੇ ਨੰਬਰ ਹੈ 63.82 ਫੀ ਸਭ ਤੋ ਘੱਟ ਸਾਖਰਤਾ ਵਾਲਾ ਰਾਜ ਬਿਹਾਰ ਹੈ ।

ਪੰਜਾਬ ਵਿਚ ਔਰਤਾ ਦੀ ਸਿਖਿਆ ਦਰ 70.83 ਅਤੇ ਮਰਦ 88.44 ਫੀ ਪੜੇ-ਲਿਖੇ ਹਨ ।ਹੁਸਿਆਰਪੁਰ ਜਿਲਾ 84.89 ਫੀ ਨਾਲ ਪੰਜਾਬ ਵਿਚੋ ਸਭ ਤੋ ਅੱਗੇ ਹੈ ਮੁਹਾਲੀ 83.80 ਨਾਲ ਦੂਸਰੇ ਤੇਮਾਨਸਾ 45.07 ਸਾਖਰਤਾ ਦਰ ਨਾਲ ਸਭ ਤੋ ਪਿਛੜੇ ਜਿਲੇ ਵਿਚ ਸਾਮਿਲ ਹੈ ਇਹਨਾ ਅੰਕੜਿਆ ਦੀਗਿਣਤੀ ਨਾਲ ਪੂਰੀ ਦੁਨੀਆ ਵਿਚ ਸਿੱਖਿਆ ਦਾ ਹਾਲ ਬੇਹਾਲ ਜਿਹੇ ਹੀ ਜਾਪਦੇ ਹਨ ।ਸਰਕਾਰਾ ਵਲੋਚਲਾਈਆ ਜਾ ਰਹੀਆ ਸਿੱਖਿਆ ਸੁਧਾਰ ਤੇ ਵਿਕਾਸ ਦੀਆ ਸਕੀਮਾ ਨੂੰ ਲਾਗੂ ਕਰਵਾਉਣ ਲਈ ਲਹਿਰਉਸਾਰਨਾ ਸਮੇ ਦੀ ਮੰਗ ਹੈ ਤਾ ਜੋ ਯੂਨੈਸਕੋ ,ਕੇਦਰ ਜਾ ਰਾਜ ਸਰਕਾਰਾ ਵਲੋ ਮਿਲਿਆ ਪੈਸਾ ਸਹੀ ਰੂਪਵਿੱਚ ਖਰਚਿਆ ਜਾਵੇ, ਤ ਆਉਣ ਵਾਲੀਆ ਪੀੜੀਆ ਨੂੰ ਰੌਸਨ ਭਵਿੱਖ ਦੇ ਸਕੀਏ । ਜੇ ਪੜਾਈ ਦੇ ਨਾਮ ਹੋਰਹੀ ਅੰਨੀ ਲੁੱਟ ਤੇ ਬਾਹਰਲੇ ਦੇਸਾ ਨੂੰ ਜਾ ਰਹੀ ਮਨੁੱਖੀ ਤਾਕਤ ,ਬੇਹਿਸਾਬਾ ਪੈਸਾ ਅਤੇਮਾਪਿਆ ਦੀ ਮਾਨਸਿਕ ਤੇ ਆਰਥਿਕ ਪੀੜਾ ਨੂੰ ਬੰਨ ਲੱਗ ਜਾਵੇ ਜਿਸ ਨਾਲ ਭਾਰਤ ਤੇ ਪੰਜਾਬ ਦੀ ਸਿੱਖਿਆਦਾ ਮਿਆਰ ਉੱਚਾ ਹੋਵੇ ਤੇ ਦੇਸ ਨਵੇ ਕੀਰਤੀਮਾਨ ਸਥਾਪਤ ਕਰੇ ।

**ਧੰਨਵਾਦ ਸਹਿਤ**

**ਰਵਿੰਦਰ ਸਿੰਘ ਧਾਲੀਵਾਲ**
78374-90909

# ਸਰਕਾਰ ਦੇ ਗਲਤ ਵਤੀਰੇ ਦਾ ਇੱਕ ਹੋਰ ਸਬੂਤ ਵੱਧਦੀ ਮਹਿੰਗਾਈ



ਉਸ ਸਮੇਂ ਜਦੋਂ ਦੇਸ਼ ਭਰ ਵਿੱਚ ਪਹਿਲਾਂ ਹੀ ਬੇਚੈਨੀ ਹੋਵੇ ਅਤੇ ਅਵਿਸ਼ਵਾਸ ਦਾ ਮਾਹੌਲ ਪੈਦਾ ਹੋਇਆ ਹੋਵੇ, ਥਾਂ ਪੁਰ ਥਾਂ ਧਰਨੇ ਤੇ ਮੁਜਾਹਰੇ ਕੀਤੇ ਜਾ ਰਹੇ ਹੋਣ, ਅਜਿਹੇ ਮਾਹੌਲ ਵਿੱਚ ਅਜਿਹੀਆਂ ਲੀਹਾਂ ਤੇ ਕੀਤੇ ਜਾਣ ਵਾਲੇ ਨਵੇਂ ਐਲਾਨ, ਵੱਧਦੀਆਂ ਕੀਮਤਾਂ ਉਸ ਮਾਹੌਲ ਨੂੰ ਹੋਰ ਵੀ ਗੁੰਝਲਦਾਰ ਬਣਾਉਣ ਵਿੱਚ ਸਹਾਈ ਹੁੰਦੇ ਹਨ। ਭਾਰਤ ਵਿੱਚ ਬੀਤੇ ਦਿਨੀਂ ਤੇਲ ਦੀਆਂ ਵਧੀਆਂ ਕੀਮਤਾਂ ਨੇ ਹਰ ਆਮ ਨਾਗਰਿਕ ਦੀਆਂ ਮੁਸ਼ਕਿਲਾਂ ਵਿੱਚ ਵਾਧਾ ਕੀਤਾ ਹੈ। ਭਾਰਤਵਾਸੀਆਂ ਦੇ ਸਕੂਨ ਚੈਨ ਲੁੱਟ ਹਾਲੇ ਵੀ ਪਤਾ ਨਹੀਂ ਕਿਸ ਮੂੰਹ ਨਾਲ ਅੱਛੇ ਦਿਨ ਆਏਗੇ ਦਾ ਲਾਰਾ ਲਾ ਰਹੀ ਹੈ। ਵੱਧਦੀ ਮਹਿੰਗਾਈ ਨੇ ਆਮ ਨਾਗਰਿਕ ਦੇ ਨੱਕ ਵਿੱਚ ਦਮ ਕੀਤਾ ਹੋਇਆ ਹੈ। ਚਾਹੇ ਇਸ ਪਿੱਛੇ ਸਰਕਾਰ ਦੀ ਨੀਅਤ ਕੁਝ ਵੀ ਰਹੀ ਹੋਵੇ ਪਰ ਅਜਿਹੇ ਵਿਵਹਾਰ ਉੱਤੇ ਉਂਗਲਾਂ ਉੱਠਣੀਆਂ ਕੁਦਰਤੀ ਹਨ। ਸਰਕਾਰਾਂ ਆਪਣਾ ਖਰਚਾ ਘੱਟ ਕਰਨ ਨੂੰ ਤਿਆਰ ਨਹੀਂ , ਪਰ ਆਮ ਨਾਗਰਿਕਾਂ ਦੀਆਂ ਰੋਜਮਰਾ ਦੀਆਂ ਵਸਤੂਆਂ ਦੇ ਭਾਅ ਅਸਮਾਨੀ ਚੜਾ ਦਿੱਤੇ ਹਨ। ਦੇਸ਼ ਦੇ ਹਾਕਮ ਦੇ ਵਿਦੇਸ਼ਾਂ ਦੇ ਦੌਰਿਆਂ ਉੱਪਰ ਖਰਚਿਆਂ ਜਾਣ ਵਾਲਾ ਪੈਸਾ ਕਿਸੇ ਹੋਰ ਜਗ੍ਹਾ ਵੀ ਵਰਤਿਆ ਜਾ ਸਕਦਾ ਹੈ। ਸਰਕਾਰਾਂ ਲੋਕਾਂ ਦੀ ਭਲਾਈ ਲਈ ਬਣਾਈਆਂ ਜਾਂਦੀਆਂ ਹਨ, ਤਾਂ ਜੋ ਲੋਕ ਸਰਕਾਰਾਂ ਦੀ ਮਦਦ ਨਾਲ ਆਪਣੀ ਰੋਜਮਰਾ ਦੀ ਜਿੰਦਗੀ ਵਿੱਚ ਆਉਣ ਵਾਲੀਆਂ ਮੁਸ਼ਕਿਲਾਂ ਦਾ ਹੱਲ ਕੱਢ ਸਕਣ। ਪਰ ਜਦੋਂ ਵਾੜ ਹੀ ਖੇਤ ਨੂੰ ਖਾਣ ਲੱਗ ਜਾਵੇ ਤਾਂ ਫਸਲ ਨੂੰ ਕੌਣ ਬਚਾਵੇਗਾ। ਭਾਰਤ ਦੇ ਲੋਕਾਂ ਦੀ ਹਾਲਤ ਵੀ ਕੁਝ ਅਜਿਹੀ ਹੋ ਚੁੱਕੀ ਹੈ, ਜਿੱਥੇ ਦੇਸ਼ ਦੇ ਲੋਕਾਂ ਦੀਆਂ ਮੁਸੀਬਤਾਂ ਦਾ ਨਿਪਟਾਰਾ ਕਰਨ ਦੀ ਬਜਾਇ ਸਰਕਾਰ ਲੋਕਾਂ ਦਾ ਖੂਨ ਪੀਣ ਉੱਪਰ ਤੁਲੀ ਹੋਈ ਹੈ। ਨਾਗਰਿਕਤਾ ਸੋਧ ਬਿੱਲ, ਨੋਟਬੰਦੀ, ਕਿਸਾਨੀ ਬਿੱਲ ਹੁਣ ਵੱਧਦੀ ਮਹਿੰਗਾਈ ਨੇ ਭਾਰਤ ਦੇ ਲੋਕਤੰਤਰ ਦੀ ਪੱਤ ਲੀਰੋਲੀਰ ਕੀਤੀ ਹੈ। ਮੈਂ ਕਈ ਵਾਰ ਦੇਸ਼ ਦੇ ਪ੍ਰਧਾਨ ਮੰਤਰੀ ਦੀ ਮਨ ਕੀ ਬਾਤ ਸੁਣ ਕੇ ਹੈਰਾਨ ਹੁੰਦੀ ਹਾਂ ਕਿ ਪ੍ਰਧਾਨ ਮੰਤਰੀ ਸਾਹਿਬ ਕਿੰਨੀ ਦਲੇਰੀ ਨਾਲ ਆਪਣੇ ਆਪ ਨੂੰ ਅਜਾਦ ਭਾਰਤ ਦਾ ਸਭ ਤੋਂ ਕਾਮਯਾਬ ਪ੍ਰਧਾਨ ਮੰਤਰੀ ਹੋਣ ਦਾ ਦਾਅਵਾ ਕਰਦੇ ਹਨ। ਹਾਲਾਕਿ ਆਪਣੇ ਹੱਕਾਂ ਲਈ ਸੜਕਾਂ ਤੇ ਰੁਲਦਾ ਕਿਸਾਨ, ਮਹਿੰਗਾਈ ਕਾਰਨ ਹੋ ਰਹੀਆਂ ਖੁਦਕੁਸੀਆਂ, ਰਾਜਨੀਤੀ ਦੇ ਨਾਮ ਉੱਤੇ ਹੁੰਦੀ ਗੁੰਡਾਗਰਦੀ ਦਾ ਸਾਫ ਚਿੱਠਾ ਸਭ ਦੇ ਸਾਹਮਣੇ ਹੈ। ਕੰਨਾਂ ਤੋ ਬੌਲੀ ਅਤੇ ਅੱਖਾਂ ਤੋਂ ਅੰਨ੍ਹੀ ਸਰਕਾਰ ਨੂੰ ਦੇਸ਼ ਦੇ ਵਿਲਕਦੇ ਹੋਏ ਨਾਗਰਿਕ ਦਿਖਾਈ ਨਹੀਂ ਦੇ ਰਹੇ। ਅਸੀਂ ਸਰਕਾਰ ਦੇ ਇਸ ਵਰਤਾਰੇ ਅਤੇ ਆਏ ਦਿਨ ਲਏ ਨਵੇਂ ਫੈਸਲਿਆਂ ਨੂੰ ਸਿਆਣਾ ਕਦਮ ਨਹੀਂ ਸਮਝਦੇ। ਕਿਉਂਕਿ ਸਰਕਾਰ ਦੁਆਰਾ ਲਏ ਜਾ ਰਹੇ ਅਜਿਹੇ ਫੈਸਲੇ ਜਾਂ ਵਸਤੂਆਂ ਦੀ ਕੀਮਤਾਂ ਵਿੱਚ ਕੀਤੀਆਂ ਤਬਦੀਲੀਆਂ ਪਹਿਲਾਂ ਤੋਂ ਅਸ਼ਾਂਤ ਹੋਏ ਮਾਹੌਲ ਨੂੰ ਹੋਰ ਖਰਾਬ ਕਰਨਗੇ। ਸਰਕਾਰ ਨੂੰ ਕੋਈ ਵੀ ਫੈਸਲਾ ਲੈਣ ਤੋਂ ਪਹਿਲਾਂ ਆਪਣੇ ਦੇਸ਼ ਦੇ ਨਾਗਰਿਕਾਂ ਬਾਰੇ ਜਰੂਰ ਸੋਚਣਾ ਚਾਹੀਦਾ ਹੈ।

**ਹਰਕੀਰਤ ਕੌਰ**
9779118066

# CLASSIFIED & MATRIMONIAL



## Need a Life Partner

Need a honest , good behavior USA living life partner for 50 years smart , slim , healthy and independent Indian women. She is divorced and living independent in NJ . No cast bar . Just serious person contact . on Preetnama office number or email- preetnamausa@gmail.com Ph- +1 201-312-4180

## Need a Bride

Need a bride for New York living 26 old, hands9ome Indian Sikh boy height 6' working with software company. Need a beautiful USA living nice behaviour, simple girl. no cast bar. no dowry Contact : preetnamausa@gmail.com contact : +1 201-312-4180



**ਲੜਕੇ/ਲੜਕੀ ਦੀ ਲੋੜ**

ਕੈਨੇਡੀਅਨ ਜੱਟ ਸਿੱਖ ਲੜਕਾ 5'-9" 27 ਵਾਸਤੇ ਲੜਕੀ ਦੀ ਲੋੜ .ਓਹੀ ਸੰਪਰਕ ਕਰਨ ਜਿਹੜੇ ਲੜਕੇ ਦੇ ਭਰਾ 5'-7" 29 ਨੂੰ ਕੈਨੇਡੀਅਨ ਲੜਕੀ ਦਾ ਰਿਸ਼ਤਾ ਕਰਵਾਉਣ .780-807-8861, ਇੰਡੀਆ 98555-97890

**************************

ਜੱਟ ਸਿੱਖ ਧਾਲੀਵਾਲ,ਉਮਰ 25 ਸਾਲ, ਕੱਦ 5'-10" ਲੁਧਿਆਣੇ ਜਿਲੇ ਵਿੱਚ 25 ਏਕੜ ਜਮੀਨ ਵਿਜਟਰ ਵੀਜੇ 'ਤੇ ਕੈਨੇਡਾ ਆਏ ਲੜਕੇ ਲਈ ਕੈਨੇਡੀਅਨ ਪੀ.ਆਰ. ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸੰਪਰਕ:780-953-6167

**************************

ਜੱਟ ਸਿੱਖ ਪੂੰਨੀਆ, ਉਮਰ 25 ਸਾਲ,ਕੱਦ 5'-8" MSC-IT ਲਈ ਕੈਨੇਡੀਅਨ ਲੜਕੇ ਦੀ ਲੋੜ ਹੈ। ਸੰਪਰਕ 780-904-5608, 780-710-5571 ਈ-ਮੇਲ:bdhillon@carillion.ca

**************************

ਇੰਗਲੈਂਡ ਤੋਂ ਪੜਿਆ ਉਮਰ 28 ਸਾਲ,ਕੱਦ 6 ਫੁੱਟ,ਵਧੀਆ ਪ੍ਰਾਪਰਟੀ 20 ਏਕੜ ਜਮੀਨ,ਇੰਡੀਆ ਵਿੱਚ ਵਧੀਆ ਨੌਕਰੀ ਕਰਦੇ ਲੜਕੇ ਲਈ ਕੈਨੇਡੀਅਨ ਪੀ.ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸੰਪਰਕ 780-716-5859

**************************

ਸਿੱਖ ਬੀ ਟੈੱਕ, ਉਮਰ 30 ਸਾਲ, ਕੱਦ 5'-7: ਬਿਜਨਸ ਕਰਦੇ ਲੜਕੇ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ। ਸੰਪਰਕ 778-838-5989 ਇੰਡੀਆ-9872719621

**************************

ਜੱਟ ਸਿੱਖ,ਮਕੈਨੀਕਲ ਇੰਜਨੀਅਰ, ਉਮਰ 27 ਸਾਲ,ਕੱਦ 5'-11 ਲੜਕੇ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ। ਸੰਪਰਕ 514-609-0617

**************************

ਜੱਟ ਸਿੱਖ,ਧਾਲੀਵਾਲ ਉਮਰ 25 ਸਾਲ, ਕੱਦ 5'-10 ਲੁਧਿਆਣੇ ਜਿਲੇ ਵਿੱਚ 25 ਏਕੜ ਜਮੀਨ,ਵਿਜਟਰ ਵੀਜੇ, 'ਤੇ ਕੈਨੇਡਾ ਆਏ ਲੜਕੇ ਲਈ ਕੈਨੇਡੀਅਨ ਪੀ. ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ।ਸੰਪਰਕ :780-953-6167

**************************

ਜੱਟ ਸਿੱਖ ਲੜਕੀ ਉਮਰ 25 ਸਾਲ ਕੱਦ ਸਾਢੇ 5' ਫੁੱਟ M.A ਲਈ ਜੱਟ Canadian ਜੱਟ ਸਿੱਖ ਲੜਕੇ ਦੀ ਲੋੜ। 780-932-0612, 94172-00545

**************************

ਜੱਟ ਸਿੱਖ ਲੜਕਾ Canada ਵਿੱਚ Student 24 ਸਾਲ, ਕੱਦ 5'-9 ਲਈ Canada P.R ਲੜਕੀ ਦੀ ਲੋੜ ।780-932-0612 94172-00545

**************************

ਜੱਟ ਸਿੱਖ 24 ਸਾਲ ਕੱਦ 6' ਫੁੱਟ ਲੜਕੇ ਲਈ Canada ਦੀ P.R ਲੜਕੀ ਦੀ ਲੋੜ All Family well settled in Canada. 780-913-1179 ਇੰਡੀਆ +91-90200-00019

**************************

ਰਾਮਗੜ੍ਹੀਆ ਸਿੱਖ, ਵਿਜਟਰ ਵੀਜੇ 'ਤੇ ਕੈਨੇਡਾ ਆਏ ਲੜਕੇ ਲਈ ਕੈਨੇਡੀਅਨ ਲੜਕੀ ਦੀ ਲੋੜ ਹੈ, ਉਮਰ 27 ਸਾਲ ਕੱਦ 5'-10 ਸੰਪਰਕ 780-782-3313

**************************

ਕੈਨੇਡੀਅਨ ਇਮੀਗ੍ਰਾਂਟ ਰਾਮਗੜ੍ਹੀਆ ਸਿੱਖ ਲੜਕੀ July 87 Born E'GT(B.Tech), ਮੈਨੇਜਰ ਦੀ ਜੋਬ ਕਰਦੀ ਹੋਈ ਪਰਿਵਾਰਕ ਲੜਕੀ ਲਈ ਕੈਨੇਡਾ ਤੋਂ ਯੋਗ ਵਰ ਦੀ ਲੋੜ ਹੈ ਸਟੂਡੈਂਟ/ਵਰਕ ਪਰਮਿਟ ਉੱਤੇ ਆਏ ਹੋਏ ਲੜਕੇ ਤੇ ਵੀ ਵਿਚਾਰ ਕੀਤਾ ਜਾ ਸਕਦਾ ਹੈ ,ਮਾਲਵੇ ਨੂੰ ਪਹਿਲ ਲੜਕੀ ਦਾ ਸਾਰਾ ਪਰਿਵਾਰ ਐਡਮੰਟਨ ਵਿੱਚ well settled ਹੈ ।ਆਪਣਾ Biodata / Picture e-mail :deepedmonton9@gmail.com. (whatsapp) or Call ' 780-628-7089

**************************

ਢੰਡ ਖਤਰੀ ਲੜਕਾ ਉਮਰ 36 ਸਾਲ ਕੱਦ 5'-8'' ਖੁਦ ਦਾ ਕਾਰੋਬਾਰ, ਭੈਣ ਅਮਰੀਕਾ ਵਿਚ Well Seattled ਮੰਡੇ ਦੀ ਫਾਈਲ Already Apply ਕੀਤੀ ਹੋਈ ਹੀ, ਵਾਸਤੇ ਲੜਕੀ ਦੀ ਲੋੜ ਹੈ। ਮੁੰਡੇ ਦੀ ਭੈਣ ਇੰਡੀਆ ਆਈ ਹੋਈ ਹੈ। ਕੋਈ ਜਾਤੀ ਬੰਧਨ ਨਹੀਂ। ਸੰਪਰਕ : 9855813008, +1 646-287-9887

''''''''''''''''''''''''''''''''''

ਇੰਡੀਆਂ ਰਹਿੰਦੇ ਕੱਦ 5 ਫੁੱਟ 7 ਇੰਚ ਉਮਰ 26 ਸਾਲ ਐਮ ਬੀ ਏ ਪਾਸ,ਮਾਰਕਟਿੰਗ ਦੀ ਨੌਕਰੀ ਕਰਦੇ ਲੜਕੇ ਲਈ ਐਨ ਆਰ ਆਈ ਲੜਕੀ ਦੀ ਲੋੜ, ਜਾਤੀ ਬੰਧਨ ਕੋਈ ਨਹੀਂ। ਸੰਪਰਕ-7589137572 7973167967

**************************

ਰਾਮਦਾਸੀਆ ਸਿੱਖ ਜੁਲਾਹਾ, ਉਮਰ 27 ਸਾਲ ਕੱਦ 5 ਫੁੱਟ 9 ਇੰਚ,BSC IT ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਸਿਟੀਜਨ ਲੜਕੀ ਦੀ ਲੋੜ ਹੈ। ਸੰਪਰਕ:639-470-2491

**************************

ਦੁਬਈ ਟਰੱਕ (ਟਰਾਲੇ) ਡਰਾਈਵਰ, ਦੁਬਈ 7 ਸਾਲ ਪੁਰਾਣਾ ਲਾਇਸੰਸ ਉਮਰ 33 ਸਾਲ,5'9 ਜੱਟ ਸਿੱਖ ਲਈ ਪੜੀ ਲਿਖੀ,ਕੈਨੇਡੀਅਨ ਲੜਕੀ ਦੀ ਜਰੂਰਤ ਹੈ।ਚਾਹਵਾਨ ਸੰਪਰਕ ਕਰ ਸਕਦੇ ਹਨ। 00971558162944 (ਦੁਬਈ) 9915587810-9855408663 (ਇੰਡੀਆਂ)

**************************

Jatt sikh dhanoa 27/5,7 Dentist girl in India looking for a suitable match doctor/engineer boy India or abroad. Contact 780 236 0671 India 70872 64520

**************************

31 year old Sikh Khatri/arora boy 5feet6 Canadian university graduate with business degree and working in medical science field looking for a well eduacated girl from Khatri/ arora/ramgharia family. Please contact 780 264 9616 yoursps@yahoo.com

# ਇਤਿਹਾਸਕ ਗੁਰਦੁਆਰਾ ਪਾਤਸਾਹੀ ਦਸਵੀਂ ਪਿੰਡ ਮੋਹੀ ਲੁਧਿਆਣਾ



ਜਿਲ੍ਹਾ ਲੁਧਿਆਣਾ ਦੇ ਮਸਹੂਰ ਪਿੰਡ ਮੋਹੀ ਨੂੰ ਖਾਲਸਾ ਪੰਥ ਦੇ ਸਿਰਜਕ ਦਸਮ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਛੋਹ ਪ੍ਰਾਪਤ ਹੈ। ਇਸ ਪਿੰਡ ਦਾ ਇਤਿਹਾਸਕ ਪੱਖ ਇਹ ਹੈ ਕਿ ਸ੍ਰੀ ਚਮਕੌਰ ਸਾਹਿਬ ਦੀ ਜੰਗ ਪਿੱਛੋ ਸਾਹਿਬੇ ਕਮਾਲ ਗੁਰੂ ਗੋਬਿੰਦ ਸਿੰਘ ਦੀ ਮਾਛੀਵਾੜੇ, ਆਲਮਗੀਰ, ਰਤਨਾਂ, ਅਤੇ ਜੋਧਾਂ ਤੋਂ ਸਫਰ ਕਰਦੇ ਹੋਏ ਦਸੰਬਰ 1704 ਨੂੰ ਪਿੰਡ ਮੋਹੀ ਵਿਖੇ ਪਹੁੰਚੇ। ਪਿੰਡ ਦੇ ਉੱਤਰ-ਪੂਰਬ ਵੱਲ ਪਿੰਡ ਤੋਂ ਕੋਈ ਦੋ ਕੁ ਫਰਲਾਂਗ ਦੇ ਫਾਸਲੇ ਤੇ ਸੰਘਣੇ ਦਰਖਤਾਂ ਦੀ ਝਿੜੀ ਸੀ ਜਿਥੇ ਕੁਝ ਨੀਵੀਂ ਜਿਹੀ ਥਾਂ ਤੇ ਪਾਣੀ ਵੀ ਸੀ। ਗੁਰੂ ਜੀ ਇਸ ਅਸਥਾਨ ਨੂੰ ਰਮਣੀਕ ਤੇ ਏਕਾਂਤ ਜਾਣਕੇ ਵਿਸਰਾਮ ਕਰਨ ਲਈ ਆ ਵਿਰਾਜੇ। ਉਸ ਸਮੇਂ ਦਸਮੇਸ ਪਿਤਾ ਜੀ ਨਾਲ ਪੰਜਾ ਪਿਆਰਿਆਂ ਵਿਚੋ ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ ਅਤੇ ਇਕ ਹੋਰ ਸਿੱਖ ਭਾਈ ਮਾਨ ਸਿੰਘ ਵੀ ਸਨ। ਗੁਰੂ ਜੀ ਦੀ ਉਂਗਲ ਵਿੱਚ ਇਕ ਛੱਲਾ ਸੀ, ਜਿਸ ਦੀ ਸਹਾਇਤਾ ਨਾਲ ਗੁਰੂ ਜੀ ਯੁੱਧ ਵਿਚ ਤੀਰ ਚਲਾਉਦੇ ਸਨ ।ਇਹ ਛੱਲਾ ਉਗਲ ਵਿਚ ਖੁਭਿਆ ਹੋਣ ਕਰਕੇ ਦਰਦ ਵੀ ਕਰਦਾ ਸੀ। ਇਕ ਪੋਹ ਦੇ ਮਹੀਨੇ ਦੀ ਸਖਤ ਠੰਢ ਪੈ ਰਹੀ ਸੀ। ਗੁਰੂ ਜੀ, ਜਦੋ ਆਰਾਮ ਕਰ ਰਹੇ ਸਨ ਤਾਂ ਪਿੰਡ ਮੋਹੀ ਦੇ ਵਸਨੀਕ ਭਾਈ ਜਵਾਲਾ ਜੀ ਜੋ ਲੁਹਾਰ ਮਿਸਤਰੀ ਸਨ, ਨੇ ਰੇਤੀ ਨਾਲ ਰੇਤ ਕੇ ਇਹ ਛੱਲਾ ਕੱਟ ਦਿੱਤਾ। ਗੁਰੂ ਜੀ ਨੇ ਮਿਸਤਰੀ ਦੀ ਸੇਵਾ ਤੋਂ ਪ੍ਰਸੰਨ ਹੋ ਕੇ ਉਹ ਛੱਲਾ ਮਿਸਤਰੀ ਨੂੰ ਹੀ ਬਖਸ ਦਿੱਤਾ ਅਤੇ ਉਸਨੂੰ ਕੋਈ ਵਰ ਮੰਗਣ ਲਈ ਕਿਹਾ।ਮਿਸਤਰੀ ਨੇ ਆਪਣੇ ਲੜਕਿਆ ਦੀ ਸਾਦੀ ਹੋਣ ਸਬੰਧੀ ਗੁਰੂ ਜੀ ਪਾਸੋਂ ਵਰ ਮੰਗਿਆ।ਕਲਗੀਧਰ ਪਿਤਾ ਨੇ ਵਰ ਦਿੱਤਾ ਕਿ ਅੱਗੇ ਤੋਂ ਆਪਣੇ ਖਾਨਦਾਨ ਵਿਚ ਲੜਕਿਆਂ ਦੀ ਸਾਦੀ ਇਕ ਦੀ ਥਾਂ ਦੋ ਵਾਰ ਹੋਇਆ ਕਰੇਗੀ। ਗੁਰੂ ਜੀ ਵੱਲੋਂ ਬਖਸਿਸ ਕੀਤੇ ਵਰ ਸਦਕਾ ਹੁਣ ਤੱਕ ਅਜਿਹਾ ਹੀ ਵਾਪਰ ਰਿਹਾ ਹੈ।ਕਾਫੀ ਸਮੇ ਬਾਦ ਇਸ ਮਿਸਤਰੀ ਨੂੰ ਪਿੰਡ ਭੰਮੀਪੁਰੇ ਦੇ ਵਸਨੀਕ ਪੱਗ ਅਤੇ ਜਮੀਨ ਦੇ ਕੇ ਲੈ ਗਏ ਅਤੇ ਆਪਣੇ ਪਿੰਡ ਵਸਾਇਆ ਅਤੇ ਲੁਹਾਰ ਦੀ ਘਾਟ ਪੂਰੀ ਕੀਤੀ। ਗੁਰੂ ਜੀ ਦਾ ਉਹ ਪਵਿੱਤਰ ਛੱਲਾ ਉਹ ਨਾਲ ਹੀ ਲੈ ਗਏ। ਹੁਣ ਭਾਈ ਜਵਾਲਾ ਜੀ ਦੀ ਨੌਵੀਂ ਪੀੜ੍ਹੀ ਚੱਲ ਰਹੀ ਹੈ ਅਤੇ ਉਸ ਪਵਿੱਤਰ ਤੇ ਇਤਿਹਾਸਕ ਛੱਲੇ ਦੇ ਦਰਸਨ ਉਹਨਾਂ ਦੇ ਪਿੰਡ ਚਾਨਣੀ ਦਸਵੀਂ ਵਾਲੇ ਦਿਨ ਸੱਤਵੀ ਪੀੜ੍ਹੀ ਦੇ ਭਾਈ ਮਿਹਰ ਸਿੰਘ ਦੇ ਗ੍ਰਹਿ ਵਿਖੇ ਕੀਤੇ ਜਾ ਸਕਦੇ ਹਨ ।ਇਸ ਪਿੰਡ ਨੂੰ ਗੁਰੂ ਸਾਹਿਬ ਵੱਲੋ "ਚੜੀ ਆਊ ਤੇ ਲੱਥੀ ਜਾਊ" ਦਾ ਵਰ ਵੀ ਪ੍ਰਾਪਤ ਹੋਇਆ ਹੈ। ਗੁਰੂ ਜੀ ਵੱਲੋ ਉਚਾਰੇ ਇਹ ਦਰਗਾਹੀ ਵਾਕ ਹੁਣ ਤੱਕ ਪੂਰੇ ਹੋ ਰਹੇ ਹਨ, ਇਸ ਦੇ ਪ੍ਰਤੱਖ ਸਬੂਤ ਵਜੋਂ 1845 ਈ ਵਿਚ ਬੱਦੋਵਾਲ ਦੇ ਅਸਥਾਨ ਤੇ ਅੰਗਰੇਜਾਂ ਤੇ ਸਿੱਖਾਂ ਦੀ ਜੋ ਲੜਾਈ ਹੋਈ ਸੀ ਉਸ ਵਿਚ ਅੰਗਰੇਜੀ ਫੌਜਾਂ ਨੇ ਲਾਗਲੇ ਬਹੁਤ ਸਾਰੇ ਪਿੰਡਾ ਦਾ ਭਾਰੀ ਜਾਨੀ ਤੇ ਮਾਲੀ ਨੁਕਸਾਨ ਕੀਤਾ, ਪਰ ਗੁਰੂ ਜੀ ਦੇ ਬਚਨਾਂ ਸਦਕਾ ਨਗਰ ਮੋਹੀ ਦਾ ਵਾਲ ਤੱਕ ਵਿੰਗਾ ਨਹੀ ਹੋਇਆ । ਗੁਰੂ ਜੀ ਦੇ ਵਾਕ ਜੁੱਗੋ -ਜੁਗ ਅਟੱਲ ਹਨ। ਗੁਰੂ ਗੋਬਿੰਦ ਸਿੰਘ ਜੀ ਦੇ ਚਰਨ ਪੈਣ ਨਾਲ ਮੋਹੀ ਪਿੰਡ ਦੇ ਭਾਗ ਜਾਗੇ ਤੇ ਜੰਗਲ ਵਿਚ ਮੰਗਲ ਹੋ ਗਿਆ। ਜਿਸ ਥਾਂ ਦਸਮੇਸ ਜੀ ਨੇ ਆਰਾਮ ਕੀਤਾ ਸੀ, ਉਸ ਪਵਿੱਤਰ ਅਸਥਾਨ 'ਤੇ ਗੁਰਦੁਆਰਾ ਗੁਰੂਸਰ ਸਾਹਿਬ ਸੁਸੋਭਿਤ ਹੈ। ਇਸ ਅਸਥਾਨ ਤੇ ਹਰ ਸਾਲ ਗੁਰੂ ਸਾਹਿਬ ਦੇ ਆਗਮਨ ਪੁਰਬ ਦੀ ਖੁਸੀ ਵਿਚ 31 ਦਸੰਬਰ ਨੂੰ ਮਹਾਨ ਨਗਰ ਕੀਰਤਨ ਸਜਾਏ ਜਾਂਦੇ ਹਨ।ਦੂਜੇ ਦਿਨ 1 ਜਨਵਰੀ ਨੂੰ ਧਾਰਮਿਕ ਸਮਾਗਮ ਕਰਵਾਏ ਜਾਂਦੇ ਹਨ, ਜਿਸ ਵਿਚ ਵੱਡੀ ਗਿਣਤੀ ਵਿਚ ਸਰਧਾਲੂ ਪਹੁੰਚਦੇ ਹਨ।

**-ਤਸਵਿੰਦਰ ਸਿੰਘ ਬੜੈਚ**
**ਮੋਬਾ÷98763-22677**

# ਇਤਿਹਾਸ ਦੀ ਯਾਦਾਂ ਨੂੰ ਤਾਜ਼ਾ ਰੱਖਣਾ ਜਿਉਂਦੀਆਂ ਕੌਮਾਂ ਦੀ ਨਿਸ਼ਾਨੀ ਹੁੰਦੀ ਹੈ .

ਗੁਰੂਦੁਆਰਾ ਸੁਧਾਰ ਲਹਿਰ ਦੇ ਮਹਾਨ ਸ਼ਹੀਦਾਂ ਦੇ ਸਾਕੇ ਦੀ 21 ਫਰਵਰੀ ਨੂੰ ਪਹਿਲੀ ਸ਼ਤਾਬਤੀ ਹੈ .ਸਾਕੇ ਨੂੰ 100 ਸਾਲ ਪੂਰੇ ਹੋ ਗਏ ਹਨ .ਇਹ ਸਾਕਾ ਸ਼੍ਰੀ ਗੁਰੂ ਨਾਨਕ ਦੇਵ ਜੀ ਦੀ ਜਨਮ ਭੂਮੀ ਤੇ ਵਾਪਰਿਆ ਸੀ .ਸ੍ਰੀ ਨਨਕਾਣਾ ਸਾਹਿਬ ਸ਼ਹੀਦੀ ਸਾਕੇ ਦੀ ਪਹਿਲੀ ਸ਼ਹੀਦੀ ਸ਼ਤਾਬਦੀ ਮੌਕੇ ਪਾਕਿਸਤਾਨ ਜਾਣ ਵਾਲਾ ਸਿੱਖ ਸ਼ਰਧਾਲੂਆਂ ਦਾ ਜਥਾ ਪਾਕਿਸਤਾਨ ਨਹੀਂ ਜਾਣ ਦਿੱਤਾ ਗਿਆ । ਸਰਹੱਦ ਰਸਤੇ ਜਥੇ. ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਦੀ ਅਗਵਾਈ 'ਚ ਜਾਣ ਵਾਲੇ ਕਰੀਬ 700 ਤੋਂ ਵੱਧ ਸਿੱਖ ਸ਼ਰਧਾਲੂਆਂ ਦੇ ਜਥੇ ਨੂੰ ਭਾਰਤ ਦੇ ਗ੍ਰਹਿ ਮੰਤਰਾਲੇ ਨੇ ਇਜਾਜ਼ਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ।ਗ੍ਰਹਿ ਮੰਤਰਾਲੇ ਨੇ ਇਸ ਦਾ ਕਾਰਨ ਕੋਰੋਨਾ ਸੰਕਟ ਅਤੇ ਜਥੇ ਦੀ ਸੁਰੱਖਿਆ ਨੂੰ ਖ਼ਤਰਾ ਦੱਸਿਆ ਹੈ। ਕੇਂਦਰ ਸਰਕਾਰ ਨੇ ਸ਼ਹੀਦੀ ਸ਼ਤਾਬਦੀ ਦੇ ਇਤਿਹਾਸਕ ਮੌਕੇ 'ਤੇ ਸਿੱਖ ਸ਼ਰਧਾਲੂਆਂ ਦੇ ਜਥੇ 'ਤੇ ਐਨ ਮੌਕੇ 'ਤੇ ਪਾਕਿਸਤਾਨ ਜਾਣ ਦੀ ਰੋਕ ਲਗਾ ਕੇ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚਾਈ ਹੈ ਤੇ ਸਿੱਖ ਭਾਈਚਾਰੇ ਦਾ ਦਿਲ ਤੋੜ ਦਿੱਤਾ ਹੈ। ਜਦੋਂ ਇਸ ਸ਼ਤਾਬਦੀ ਮੌਕੇ ਭਾਰਤ ਤੋਂ ਸ਼੍ਰੋਮਣੀ ਕਮੇਟੀ ਦੇ 505 ਸ਼ਰਧਾਲੂਆਂ ਸਮੇਤ ਦੇਸ਼ ਭਰ ਦੇ ਕਰੀਬ 730 ਸਿੱਖ ਸ਼ਰਧਾਲੂਆਂ ਦੇ ਜਥੇ ਦੇ ਜਾਣ ਦੀਆਂ ਸਾਰੀਆਂ ਤਿਆਰੀਆਂ ਤੇ ਪ੍ਰਬੰਧ ਮੁਕੰਮਲ ਹੋ ਚੁੱਕੇ ਸਨ, ਪਾਕਿਸਤਾਨੀ ਦੂਤਘਰ ਵਲੋਂ ਬਾਕਾਇਦਾ ਵੀਜ਼ੇ ਜਾਰੀ ਕਰ ਦਿੱਤੇ ਗਏ ਸਨ ਤੇ ਗੁਜਰਾਤ, ਹਰਿਆਣਾ, ਦਿੱਲੀ ਆਦਿ ਤੋਂ ਬਹੁਤ ਸਾਰੇ ਸ਼ਰਧਾਲੂ ਅੰਮ੍ਰਿਤਸਰ ਵੀ ਪੁੱਜ ਚੁੱਕੇ ਸਨ, ਉਸ ਵੇਲੇ ਅਚਾਨਕ ਜਥੇ ਨੂੰ ਰੱਦ ਕਰਨ ਦਾ ਫ਼ੈਸਲਾ ਭਾਰਤ ਸਰਕਾਰ ਦਾ ਸਿੱਖਾਂ ਨਾਲ ਵੱਡਾ ਧੱਕਾ ਅਤੇ ਸਿੱਖ ਵਿਰੋਧੀ ਮਾਨਸਿਕਤਾ ਦਾ ਸਬੂਤ ਹੈ। ਗ੍ਰਹਿ ਮੰਤਰਾਲੇ ਵਲੋਂ ਇਹ ਹਵਾਲਾ ਦੇਣਾ ਹੈ ਕਿ ਪਾਕਿਸਤਾਨ ਵਿਖੇ ਸ਼ਰਧਾਲੂਆਂ ਦੀ ਸੁਰੱਖਿਆ ਦਾ ਮਸਲਾ ਹੈ ਸਰਕਾਰ ਦਾ ਇਹ ਤਰਕ ਕਿਸੇ ਵੀ ਤਰ੍ਹਾਂ ਜਾਇਜ਼ ਨਹੀਂ ਹੈ, ਕਿਉਂਕਿ ਬੀਤੇ ਵਰ੍ਹੇ ਨਵੰਬਰ ਮਹੀਨੇ ਵਿਚ ਸਿੱਖ ਸ਼ਰਧਾਲੂਆਂ ਦਾ ਵੱਡਾ ਜਥਾ ਪਾਕਿਸਤਾਨ ਸਥਿਤ ਗੁਰਧਾਮਾਂ ਦੀ ਯਾਤਰਾ ਕਰ ਕੇ ਆਇਆ ਹੈ। ਜੇਕਰ ਕੋਈ ਸੁਰੱਖਿਆ ਦੀ ਗੱਲ ਸੀ ਤਾਂ ਚੱਲ ਰਹੀ ਵੀਜ਼ਾ ਪ੍ਰਕਿਰਿਆ ਦੌਰਾਨ ਭਾਰਤ ਸਰਕਾਰ ਨੇ ਪਹਿਲਾਂ ਜਥੇ ਦੇ ਜਾਣ 'ਤੇ ਇਤਰਾਜ਼ ਕਿਉਂ ਨਹੀਂ ਕੀਤਾ। ਹਰ ਸ਼ਰਧਾਲੂ ਦੀ ਭਾਰਤ ਅਤੇ ਸੂਬਾ ਸਰਕਾਰ ਦੀਆਂ ਏਜੰਸੀਆਂ ਵਲੋਂ ਜਾਂਚ ਰਿਪੋਰਟ ਮਗਰੋਂ ਹੀ ਪਾਕਿਸਤਾਨ ਦੂਤਾਵਾਸ ਵਲੋਂ ਵੀਜ਼ੇ ਜਾਰੀ ਹੁੰਦੇ ਹਨ। ਪਾਕਿਸਤਾਨ ਵਿਖੇ ਸ਼ਤਾਬਦੀ ਮਨਾਉਣ ਲਈ ਸ਼੍ਰੋਮਣੀ ਕਮੇਟੀ ਵਲੋਂ ਆਪਣੇ ਤੌਰ 'ਤੇ ਸਾਰੇ ਪ੍ਰਬੰਧ ਮੁਕੰਮਲ ਕਰ ਲਏ ਗਏ ਸਨ ਤੇ ਪਾਕਿਸਤਾਨ ਸਰਕਾਰ ਤੇ ਉਥੋਂ ਦੀ ਸਿੱਖ ਗੁ: ਪ੍ਰ: ਕਮੇਟੀ ਨੇ ਵੀ ਜਥੇ ਦੇ ਸਵਾਗਤ ਤੇ ਸੁਰੱਖਿਆ ਲਈ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਸਨ ।ਕੌਮਾਂਤਰੀ ਸਰਹੱਦ ਤੋਂ ਸ੍ਰੀ ਨਨਕਾਣਾ ਸਾਹਿਬ ਤੱਕ ਅਤੇ ਹੋਰ ਗੁਰਦੁਆਰਾ ਸਾਹਿਬਾਨ ਦੇ ਸ਼ਰਧਾਲੂਆਂ ਨੂੰ ਦਰਸ਼ਨ ਕਰਵਾਉਣ ਲਈ ਸ਼੍ਰੋਮਣੀ ਕਮੇਟੀ ਵਲੋਂ ਕਰੀਬ 27 ਲੱਖ ਦੀ ਰਕਮ ਨਾਲ ਵਿਸ਼ੇਸ਼ ਬੱਸਾਂ ਦਾ ਵੀ ਪ੍ਰਬੰਧ ਕੀਤਾ ਹੋਇਆ ਸੀ। ਇਸ ਤੋਂ ਇਲਾਵਾ ਧਾਰਮਿਕ ਸਮਾਗਮਾਂ ਦੇ ਨਾਲ-ਨਾਲ ਲੰਗਰ ਅਤੇ ਹੋਰ ਪ੍ਰਬੰਧ ਵੀ ਕੀਤੇ ਗਏ ਸਨ ।ਇਥੋਂ ਤਕ ਕਿ ਪਾਕਿਸਤਾਨ ਵਾਲੇ ਪਾਸਿਓਂ ਵਾਹਗਾ ਬਾਰਡਰ ਤੇ ਸਵਾਗਤ ਕਰਨ ਵਾਸਤੇ ਹੱਥਾਂ ਹਾਰ ਲੈ ਕੇ ਵੀ ਸਿੰਘ ਖੜ੍ਹੇ ਹੋ ਗਏ ਸਨ .ਇਹ ਮੋਦੀ ਸਰਕਾਰ ਦੀ ਨੀਤੀ ਤੇ ਨੀਯਤ ਤੇ ਸਵਾਲ ਖੜ੍ਹਾ ਹੁੰਦਾ ਹੈ .

**ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ ਮਮਦੋਟ**
**ਫਿਰੋਜ਼ਪੁਰ ]7589155501**

# ਕਰੋਨਾ ਕਾਰਨ ਆਨਲਾਈਨ ਪੜ੍ਹਾਈ ਕਿਥੋਂ ਤੱਕ ਰਹੀ ਲਾਭਦਾਇਕ





ਜਸਕੀਰਤ ਸਿੰਘ
ਮੋਬਾਈਲ :- 98889-49201

ਸਾਲ 2020 ਦੀ ਸ਼ੁਰੂਆਤ ਤਾਂ ਬਹੁਤ ਵਧੀਆ ਹੋਈ ਸੀ , ਜਿਸ ਨੂੰ ਵੇਖ ਕੇ ਲੱਗਦਾ ਸੀ ਕਿ ਇਹ ਸਾਲ ਸੁੱਖਸ਼ਾਂਤੀ ਨਾਲ ਬੀਤ ਜਾਏਗਾ ।ਪਰ ਸਾਲ ਦੇ ਸ਼ੁਰੂਆਤੀ ਮਹੀਨੇ ਮਾਰਚ ਵਿੱਚ ਹੀ ਮਹਾਮਾਰੀ ਕੋਵਿਡ-19 ਦੇ ਆਉਣ ਕਾਰਨ ਕੇਂਦਰ ਸਰਕਾਰ ਵੱਲੋਂ ਇਕ ਦਿਨ ਦਾ ਕਰਫਿਊ ਲਗਾਇਆ ਗਿਆ ਜੋ 22 ਮਾਰਚ ਦਿਨ ਐਤਵਾਰ ਦਾ ਸੀ ।ਪਰ ਇਹ ਇੱਕ ਦਿਨ ਦਾ ਕਰਫਿਊ ਕਦੋਂ ਪੂਰੇ ਸਾਲ ਦਾ ਲੌਕ-ਡਾਊਨ ਨਿਯੁਕਤ ਹੋ ਗਿਆ ਪਤਾ ਹੀ ਨਾ ਲੱਗਾ ।

ਮਹਾਮਾਰੀ ਕੋਵਿਡ-19 ਦੇ ਇਸ ਲੋਕ-ਡਾਊਨ ਨੇ ਪੂਰੇ ਸੰਸਾਰ ਨੂੰ ਵੱਡਾ ਝਟਕਾ ਦੇ ਦਿੱਤਾ ।ਜਿਸ ਦੇ ਕਾਰਨ ਸੰਸਾਰ ਦੀ ਆਰਥਿਕ ਹਾਲਤ ਤਰਸਯੋਗ ਹੋ ਗਈ । ਜਿਸ ਦਾ ਸਿੱਧਾ ਸਿੱਧਾ ਅਸਰ ਸੰਸਾਰ ਦੇ ਕੁੱਲ ਦੇਸ਼ਾਂ ਦੀ ਨੂੰ ਵੇਖ ਪਤਾ ਲੱਗ ਜਾਂਦਾ ਹੈ ।

ਜੇਕਰ ਗੱਲ ਕਰਿਏ ਭਾਰਤ ਦੇਸ਼ ਦੀ ਤਾਂ ਇਸ ਦੀ ਰੇਖਾਂ ਤਾਂ 2014 ਤੋਂ ਹੀ ਸਾਲ ਦਰ ਸਾਲ ਹੇਠਾਂ ਆਉਂਦੀ ਨਜ਼ਰ ਆ ਰਹੀ ਹੈ ।ਤੇ ਫਿਰ ਉੱਪਰੋਂ 2020 ਲੋਕ-ਡਾਊਨ ਜਿਸਨੇ ਰਹਿੰਦੀ ਖੂੰਦੀ ਘਾਟ ਵੀ ਪੂਰੀ ਕਰ ਦਿੱਤੀ ਅਤੇ ਪੂਰੇ ਭਾਰਤ ਦੀ ਅਰਥਵਿਵਸਥਾ ਨੂੰ ਹੋਰ ਹੇਠਾਂ ਕਰ ਸਾਰੇ ਕੰਮ ਕਾਰ ਬੰਦ ਕਰਵਾ ਦਿੱਤੇ। ਜਿਸ ਦਾ ਸਿੱਧਾ ਸਿੱਧਾ ਅਸਰ ਦਿਹਾੜੀ ਕਰਨ ਵਾਲੇ ਮਜ਼ਦੂਰਾਂ ਅਤੇ ਗ਼ਰੀਬੀ ਰੇਖਾ ਤੋਂ ਹੇਠਾਂ ਰਹਿੰਦੇ ਲੋਕਾਂ ਉੱਤੇ ਸਾਫ ਸਾਫ ਵੇਖਣ ਨੂੰ ਮਿਲਿਆ ।

ਮਹਾਮਾਰੀ ਕੋਵਿਡ-19 ਦੇ ਕਾਰਨ ਦੇਸ਼ ਵਿਚ ਇਕ ਤਰ੍ਹਾਂ ਦੀ ਭੁੱਖ ਮਰੀ ਫੈਲ ਗਈ ਸੀ । ਜਿਸ ਦਾ ਅਸਰ ਗ਼ਰੀਬ ਲੋਕਾਂ ਉਤੇ ਹੋਇਆ ਅਤੇ ਆਏ ਦਿਨ ਕੋਈ ਨਾ ਕੋਈ ਭੁੱਖ ਦੇ ਕਾਰਨ ਮਰ ਰਿਹਾ ਸੀ ।ਇਸ ਲੋਕ-ਡਾਊਨ ਦਾ ਅਸਰ ਵੱਡੇ ਪੱਧਰ ਉੱਤੇ ਪੜ੍ਹਾਈ ਦੇ ਖੇਤਰ ਵਿੱਚ ਵੇਖ ਨੂੰ ਮਿਲਿਆ ।ਜਿਸ ਦੇ ਕਾਰਨ ਸਾਰੇ ਦੇਸ਼ਾਂ ਦੇ ਸਕੂਲਾਂ ਅਤੇ ਕਾਲਜਾਂ ਨੂੰ ਪੂਰੀ ਤਰ੍ਹਾਂ ਬੰਦ ਕਰ ਦਿੱਤਾ ਗਿਆ । ਜਿਸ ਕਾਰਨ ਵਿਦਿਆਰਥੀਆਂ ਦੀ ਪੜ੍ਹਾਈ ਦਾ ਬਹੁਤ ਹੀ ਜਿਆਦਾ ਨੁਕਸਾਨ ਹੋਇਆ ।

ਜਿੱਥੇ ਸਾਲ ਦੇ ਅਗਸਤ ਮਹੀਨੇ ਤਕ ਤਾਂ ਸਾਰੇ ਵਿਦਿਆਰਥੀ ਪੜ੍ਹਾਈ ਤੋਂ ਦੂਰ ਰਹੇ ਉੱਥੇ ਹੀ ਭਾਰਤ ਦੇ ਸਕੂਲਾਂ ਨੇ ਵਿਦਿਆਰਥੀਆਂ ਦੇ ਮਾਪਿਆਂ ਦੀਆਂ ਜੇਬਾਂ 'ਤੇ ਡਾਕਾ ਮਾਰਨਾ ਸ਼ੁਰੂ ਕਰ ਦਿੱਤਾ ।ਸਕੂਲ ਬੰਦ ਹੋਣ ਦੇ ਬਾਵਜੂਦ ਵੀ ਵਿਦਿਆਰਥੀਆਂ ਤੋਂ ਉਨ੍ਹਾਂ ਦੀ ਪੜ੍ਹਾਈ ਦੀ ਫ਼ੀਸ ਸਕੂਲਾਂ ਵਲੋਂ ਵਸੂਲਣੀ ਸ਼ੁਰੂ ਹੋ ਗਈ । ਜਿੱਥੇ ਪਹਿਲਾਂ ਹੀ ਲੋਕ-ਡਾਊਨ ਦੇ ਕਾਰਨ ਸਾਰਾ ਕੰਮ ਕਾਰ ਠੱਪ ਹੋ ਗਿਆ ਸੀ,ਜਿਸ ਕਾਰਨ ਲੋਕਾਂ ਦੀ ਆਰਥਿਕ ਹਾਲਤ ਬੜੀ ਮਾੜੀ ਹੋ ਗਈ ।ਉੱਥੇ ਹੀ ਸਕੂਲਾਂ ਵੱਲੋਂ ਵਿਦਿਆਰਥੀਆਂ ਦੇ ਮਾਪਿਆਂ ਉੱਤੇ ਜ਼ਬਰਦਸੀ ਫੀਸ ਭਰਾਉਣ ਦਾ ਦਬਾਅ ਪਾਉਣਾ ਅਤੇ ਫ਼ੀਸ ਨਾ ਦੇਣ ਤੇ ਉਹਨਾਂ ਦੇ ਨਾਮ ਕਟ ਦੇਣੇ ਬਹੁਤ ਸ਼ਰਮਨਾਕ ਗੱਲ ਸੀ ।ਇਨ੍ਹਾਂ ਹੀ ਨਹੀਂ ਜਦੋਂ ਮਾਪੇ ਸਕੂਲਾਂ ਵਾਲਿਆਂ ਦੇ ਜਾਲ ਵਿੱਚ ਨਾ ਆਏ ਤਾਂ ਸਕੂਲਾਂ ਵਾਲਿਆਂ ਵੱਲੋਂ ਆਨਲਾਈਨ ਪੜ੍ਹਾਈ ਦਾ ਕੰਮ ਸੂਰੂ ਕਰ ਦਿੱਤਾ ਗਿਆ ।ਜਿਸ ਨਾਲ ਉਨ੍ਹਾਂ ਨੂੰ ਫੀਸ ਵਸੂਲਣ ਦਾ ਬਹਾਨਾ ਵੀ ਮਿਲ ਗਿਆ । ਪਰ ਇਹ ਆਨਲਾਈਨ ਪੜ੍ਹਾਈ ਵਿਦਿਆਰਥੀਆਂ ਲਈ ਕਿੱਥੋਂ ਤਕ ਲਾਭਦਾਇਕ ਸਿੱਧ ਹੋਈ ? ਸਕੂਲਾਂ ਵੱਲੋਂ ਆਨਲਾਈਨ ਪੜ੍ਹਾਈ ਤਾਂ ਸੂਰੂ ਕਰਵਾ ਦਿੱਤੀ ਗਈ ਪਰ ਇਸ ਪੜ੍ਹਾਈ ਨੂੰ ਪੜ੍ਹਨ ਵਾਸਤੇ ਵੀ ਸਮਾਟਫੋਨ ਦੀ ਜ਼ਰੂਰਤ ਪੈਂਦੀ ਸੀ ਅਤੇ ਜੋ ਹੁਣ ਗ਼ਰੀਬ ਆਦਮੀ ਕੋਲ ਨਹੀਂ ਸੀ ਹੁੰਦਾ ।ਜਿਸ ਦੇ ਕਾਰਨ ਹਰ ਇੱਕ ਗਰੀਬ ਇਨਸਾਨ ਨੂੰ ਮਜਬੂਰਨ ਆਪਣੇ ਬੱਚਿਆਂ ਦੀ ਪੜ੍ਹਾਈ ਲਈ ਸਮਾਟਫੋਨ ਦੀ ਖ਼ਰੀਦਦਾਰੀ ਕਰਨੀ ਪੈ ਗਈ ।

ਇਨ੍ਹਾਂ ਹੀ ਨਹੀਂ , ਸਗੋਂ ਸਿੱਖਿਆ ਵਿਭਾਗ ਪੰਜਾਬ ਵਲੋਂ ਹਰ ਰੋਜ਼ ਦੂਰਦਰਸ਼ਨ ਪੰਜਾਬੀ ਉੱਤੇ ਪੂਰਾ ਦਿਨ ਲਈ ਅਤੇ ਪਟਿਆਲਾ ਰੇਡੀਓ ਉੱਤੇ ਦੋ ਘੰਟੇ ਦੇ ਲਈ ਵਿਦਿਆਰਥੀਆਂ ਨੂੰ ਆਨਲਾਈਨ ਪੜ੍ਹਾਈ ਦੀ ਸਿਖਿਆ ਦੇਣੀ ਸ਼ੁਰੂ ਕੀਤੀ ਗਈ ਗਈ ।ਪਰ ਇੱਥੇ ਹੁਣ ਇੱਕ ਵੱਡਾ ਸਵਾਲ ਏ ਵੀ ਉੱਠਦਾ ਹੈ , ਕਿ ਵਿਦਿਆਰਥੀਆਂ ਵਲੋਂ ਸੱਚ ਮੁੱਚ ਟੀ:ਵੀ ਦੇ ਰਾਹੀਂ ਸਹੀ ਤਰੀਕੇ ਨਾਲ ਪੜ੍ਹਾਈ ਕਰੀ ਜਾਂਦੀ ਸੀ ਜਾਂ ਫਿਰ ਬਸ ਸਮਾਟਫੋਨ ਦੀ ਤਰਾਂ ਫ਼ਜ਼ੂਲ ਹੀ ਸਮਾਂ ਬਰਬਾਦ ਕੀਤਾ ਜਾਂਦਾ ਸੀ ।ਸਿੱਖਿਆ ਵਿਭਾਗ ਵਲੋਂ ਇੱਕ ਸ਼ਰਤ ਵੀ ਰੱਖੀ ਗਈ ਕਿ ਵਿਦਿਆਰਥੀ ਟੀ:ਵੀ ਰਾਹੀਂ ਆਪਣੀ ਪੜ੍ਹਾਈ ਕਰਦੇ ਸਮੇ ਉਨ੍ਹਾਂ ਨੂੰ ਇੱਕ ਟੀ:ਵੀ ਦੀ ਫੋਟੋ ਖਿੱਚ ਕੇ ਭੇਜਣ ।ਜਿਸ ਨਾਲ ਉਨ੍ਹਾਂ ਨੂੰ ਏ ਪਤਾ ਲੱਗ ਸਕੇ ਕਿ ਵਿਦਿਆਰਥੀ ਪੂਰੀ ਇਮਾਨਦਾਰੀ ਨਾਲ ਆਪਣੀ ਪੜ੍ਹਾਈ ਕਰਦੇ ਹਨ । ਕਿ ਵਿਦਿਆਰਥੀਆਂ ਸੱਚ ਮੁੱਚ ਐਨੇ ਇਮਾਨਦਾਰ ਹਨ ਕਿ ਉਹ ਇਹ ਸਭ ਕਰਨਗੇ । ਨਾਲ਼ੇ ਇੱਕ ਇਕੱਲੀ ਫੋਟੋ ਨਾਲ ਕਿ ਸਾਬੀਤ ਹੋ ਸਕਦਾ ਹੈ ਕਿ ਸਾਰੇ ਵਿਦਿਆਰਥੀਆਂ ਟੀ:ਵੀ ਦੇ ਜ਼ਰੀਏ ਪੜ੍ਹਦੇ ਹਨ ।ਸਿੱਖਿਆ ਵਿਭਾਗ ਦੇ ਇਸ ਆਨਲਾਈਨ ਵਿੱਦਿਆ ਦੇ ਕਦਮ ਨੇ ਲੱਖਾਂ ਕਰੋੜਾਂ ਰੁਪਏ ਬਰਬਾਦ ਕਰ ਦਿੱਤੇ ।ਪਰ ਫਿਰ ਵੀ ਇਹ ਆਨਲਾਈਨ ਪੜ੍ਹਾਈ ਕਿਸੇ ਵੀ ਪੱਖੋਂ ਲਾਭਦਾਇਕ ਸਿੱਧ ਨਾ ਹੋਈ ।ਇਕ ਤਾਂ ਸਕੂਲ ਬੰਦ ਰਹਿਣ ਦੇ ਕਾਰਨ ਪਹਿਲਾਂ ਹੀ ਵਿਦਿਆਰਥੀਆਂ ਦੀ ਪੜ੍ਹਾਈ ਦਾ ਬਹੁਤ ਨੁਕਸਾਨ ਹੋ ਗਿਆ ਸੀ ।ਉੱਥੇ ਹੀ ਆਨਲਾਈਨ ਪੜ੍ਹਾਈ ਵਿੱਚ ਵਿਦਿਆਰਥੀਆਂ ਨੂੰ ਸਹੀ ਤਰੀਕੇ ਨਾਲ ਸਮਝਾਉਣਾ ਬਹੁਤ ਕਠਿਨ ਸਵਾਲ ਸੀ ।ਸਗੋਂ ਆਨਲਾਈਨ ਪੜ੍ਹਾਈ ਦੇ ਕਾਰਨ ਵਿਦਿਆਰਥੀਆਂ ਦੀ ਸੇਹਤ ਤੇ ਵੀ ਬਹੁਤ ਮਾੜਾ ਅਸਰ ਵੇਖਣ ਨੂੰ ਮਿਲਿਆ ।ਜਿਸ ਕਾਰਨ ਉਨ੍ਹਾਂ ਦੀਆਂ ਅੱਖਾਂ ਦੀ ਰੋਸ਼ਨੀ ਵੀ ਘੱਟ ਹੋ ਗਈ ।ਪਰ ਸਰਕਾਰ ਵੱਲੋਂ ਸਕੂਲ ਖੋਲ੍ਹਣ ਵਿੱਚ ਐਨੀ ਦੇਰੀ ਕਿਉਂ ਲਗਾਈ ਜਾ ਰਹੀ ਹੈ , ਕਿਉਂ ਵਿਦਿਆਰਥੀਆਂ ਦੀ ਪੜ੍ਹਾਈ ਦਾ ਨੁਕਸਾਨ ਕਰਵਾਇਆ ਜਾ ਰਿਹਾ ਹੈ , ਕਿ ਸਰਕਾਰ ਨਵੀਂ ਪੀੜ੍ਹੀ ਨੂੰ ਅਨਪੜ੍ਹ ਰੱਖਣਾ ਚਾਹੁੰਦੀ ਹੈ ? ਸਰਕਾਰ ਵੱਲੋਂ ਤਾਂ ਪਹਿਲਾਂ ਇਹ ਹੁਕਮ ਜਾਰੀ ਹੋਏ ਸਨ । ਕਿ ਕੋਰੋਨਾ ਦੇ ਨਿੱਤ ਵੱਧ ਰਹੇ ਕੇਸਾਂ ਦੇ ਕਾਰਨ ਸਕੂਲਾਂ ਵਿਚ ਵਿਦਿਆਰਥੀਆਂ ਦਾ ਇਕੱਠ ਕਰਨਾ ਕਿਸੇ ਖ਼ਤਰੇ ਤੋਂ ਖ਼ਾਲੀ ਨਹੀਂ ।ਜਿੰਨੀ ਵਿਦਿਆਰਥੀਆਂ ਵੱਲੋਂ ਭੀੜ ਹੋਵੇਗੀ ਉਨ੍ਹਾ ਹੀ ਕਰੋਨਾ ਦਾ ਖ਼ਤਰਾ ਲਗਿਆ ਰਹੇਂਗਾ ।ਪਰ ਜਿੱਥੋਂ ਤਕ ਇਹ ਸਵਾਲ ਉੱਠਦਾ ਹੈ ਕਿ ਕੇਵਲ ਸਰਕਾਰ ਨੂੰ ਸਕੂਲਾਂ ਦੇ ਵਿੱਚ ਹੀ ਕਿਉਂ ਕਰੋਨਾ ਦੇ ਕੇਸਾਂ ਦੀ ਵਧਦੀ ਗਿਣਤੀ ਦਾ ਅੰਦਾਜ਼ਾ ਹੋ ਗਿਆ । ਕਿਉਂ ਸਰਕਾਰ ਨੇ 2021 ਦੇ ਆਉਣ ਤੋਂ ਬਾਅਦ ਵੀ ਸਕੂਲ ਕਾਲਜ ਲਗਾਤਾਰ ਬੰਦ ਰੱਖੇ । ਆਖ਼ਿਰ ਕਿਉਂ ਸਰਕਾਰ ਨੇ ਵਿਦਿਆਰਥੀਆਂ ਦੀ ਪੜ੍ਹਾਈ ਨਾਲ ਖਿਲਵਾੜ ਕੀਤਾ ।ਪਰ ਇੱਥੇ ਇੱਕ ਗੱਲ ਇਹ ਵੀ ਨਜ਼ਰ ਆਉਂਦੀ ਹੈ ਕਿ ਸਰਕਾਰ ਦਾ ਕੋਵਿਡ-19 ਕਰੋਨਾ ਉਸ ਵੇਲੇ ਕਿੱਥੇ ਸੀ ਜਦੋਂ ਸਰਕਾਰ ਵਲੋਂ ਯੂ ਪੀ ਵਰਗੀ ਵੱਡੀ ਜਨਸੰਖਿਆ ਵਾਲੀ ਸਟੇਟ ਵਿੱਚ ਚੋਣ ਕਰਵਾਈ ਗਈ । ਚੋਣਾਂ ਵੇਲੇ ਕਰੋਨਾ ਮਹਾਮਾਰੀ ਕਿੱਥੇ ਅਲੋਪ ਹੋ ਗਈ ਸੀ ।ਕਿ ਉਸ ਨੇ ਯੂ ਪੀ ਦੇ ਲੋਕਾਂ ਨੂੰ ਆਪਣਾ ਸ਼ਿਕਾਰ ਨਾ ਬਣਾਇਆ । ਕਿ ਕੇਂਦਰ ਸਰਕਾਰ ਨੂੰ ਕਰੋਨਾ ਮਹਾਮਾਰੀ ਨੇ ਇਹ ਵਰਦਾਨ ਦਿੱਤਾ ਹੋਇਆ ਸੀ ਕਿ ਤੁਸੀਂ ਚੋਣ ਕਰਵਾਓ ਅਸੀਂ ਤੁਹਾਡੇ ਨਾਲ ਹਾਂ ।ਯੂ ਪੀ ਦੀ ਕੁੱਲ ਆਬਾਦੀ 23 ਕਰੋੜ ਹੈ ਜਦਕਿ ਪੰਜਾਬ-ਹਰਿਆਣਾ ਦੀ ਸਿਰਫ਼ ਤੇ ਸਿਰਫ਼ 2.5/2.5 ਕਰੋੜ । ਫਿਰ ਸਰਕਾਰ ਨੇ ਕਿ ਸੋਚਕੇ ਇੰਨੀ ਵੱਡੀ ਆਬਾਦੀ ਵਾਲੀ ਸਟੇਟ ਵਿੱਚ ਚੋਣ ਕਰਵਾਈ ।ਸਰਕਾਰ ਨੇ ਤਾਂ ਸਿੱਧਾ ਸਿੱਧਾ ਯੂ ਪੀ ਦੇ ਲੋਕਾਂ ਦੀ ਜਾਨ ਨਾਲ ਖਿਲਵਾੜ ਕੀਤਾ । ਚੋਣਾਂ ਤੋਂ ਬਾਅਦ ਸਾਨੂੰ ਉਥੋਂ ਦੇ ਕਰੋਨਾ ਕੇਸਾਂ ਵਿੱਚ ਭਾਰੀ ਉਛਾਲ ਵੇਖਣ ਨੂੰ ਵੀ ਮਿਲਿਆ । ਇੰਨਾ ਹੀ ਨਹੀਂ , ਸਗੋਂ ਸਰਕਾਰ ਵੱਲੋਂ ਕਿਸਾਨਾਂ ਨੂੰ ਜੋ ਤਿੰਨ ਖੇਤੀ ਕਾਨੂੰਨ ਬਿੱਲ ਦਾ ਤੋਹਫਾ ਦਿੱਤਾ ਗਿਆ ਸੀ , ਕਿਸਾਨ ਉਸ ਤੋਹਫੇ ਤੋਂ ਨਾਖੁਸ਼ ਸਨ ।ਜਿਸ ਦਾ ਵਿਰੋਧ ਕਿਸਾਨ ਜੂਨ ਮਹੀਨੇ ਤੋਂ ਥਾਂ ਥਾਂ ਧਰਨਾ ਲਾ ਕਰ ਰਹੇ ਹਨ ।ਪਹਿਲਾਂ ਤਾਂ ਇਸ ਦਾ ਵਿਰੋਧ ਕਿਸਾਨਾਂ ਵੱਲੋਂ ਸਿਰਫ ਪੰਜਾਬ ਦੇ ਵਿੱਚ ਹੀ ਵੱਖ ਵੱਖ ਥਾਵਾਂ ਤੇ ਰੋਸ ਧਰਨੇ ਲਾ ਕੀਤਾ ਗਿਆ ਸੀ । ਪਰ ਜਦੋਂ ਕੇਂਦਰ ਸਰਕਾਰ ਵਲੋਂ ਕਿਸਾਨਾਂ ਦੀ ਹਰ ਇੱਕ ਮੰਗ ਨੂੰ ਸਾਫ ਇਨਕਾਰ ਕਰ ਦਿੱਤਾ ਗਿਆ ।ਫਿਰ ਆਖ਼ਿਰ ਕਿਸਾਨਾਂ ਨੇ ਆਪਣਾ ਰੁਖ ਦੇਸ਼ ਦੀ ਰਾਜਧਾਨੀ ਦਿੱਲੀ ਵੱਲ ਨੂੰ ਕਰ ਲਿਆ ।ਕੇਂਦਰ ਸਰਕਾਰ ਤੋਂ ਨਾਖੁਸ਼ ਹੋ ਕਿਸਾਨ ਵਰਗ ਵੱਲੋਂ ਮਹਾਮਾਰੀ ਕੋਵਿਡ-19 ਦੇ ਦੌਰਾਨ ਵੀ ਵੱਡੀ ਗਿਣਤੀ ਵਿਚ ਦਿੱਲੀ ਵਰਗੇ ਵੱਡੇ ਸ਼ਹਿਰ ਦੀ ਬਰੂਹੇ ਤਿੰਨ ਖੇਤੀ ਕਾਨੂੰਨ ਰੱਦ ਕਰਵਾਉਣ ਦੇ ਲਈ ਆ ਧਰਨਾ ਲਾਉਣਾ ਪਿਆ । ਦਿੱਲੀ ਦੀ ਬਰੂਹੇ ਕਿਸਾਨਾਂ ਵਲੋਂ ਦੋ ਮਹੀਨੇ ਤੋਂ ਲਗਾਤਾਰ ਸ਼ਾਂਤਮਈ ਧਰਨਾ ਲਾਇਆ ਹੋਇਆ ਹੈ ਇਸ ਦੀ ਸੁਰੂਆਤ ਤਾਂ ਕੇਵਲ ਪੰਜਾਬ ਦੇ ਕਿਸਾਨਾਂ ਨੇ ਕੀਤੀ ਸੀ ਪਰ ਫਿਰ ਹੌਲੀ ਹੌਲੀ ਬਾਕੀ ਸਟੇਟਾਂ ਦੇ ਕਿਸਾਨ ਵੀ ਉਨ੍ਹਾਂ ਦਾ ਸਾਥ ਦੇਣ ਲਈ ਵੱਡੀ ਗਿਣਤੀ ਵਿਚ ਉੱਥੇ ਆ ਪਹੁੰਚੇ ।ਦਿੱਲੀ ਦੀ ਬਰੂਹੇ ਇਸ ਵੇਲੇ 40 ਤੋਂ 50 ਲੱਖ ਕਿਸਾਨ ਧਰਨਾ ਲਾਈ ਬੈਠਾ ਹੈ ਜਦਕਿ ਸਰਕਾਰ ਨੂੰ ਪਤਾ ਹੈ ਕਰੋਨਾ ਮਹਾਮਰੀ ਦੇ ਚਲਦਿਆ ਭੀੜ ਦਾ ਇਕੱਠ ਕਰਨਾ ਮਨ੍ਹਾਂ ਹੈ ਪਰ ਸਰਕਾਰ ਨੂੰ ਹੁਣ ਉਨ੍ਹਾਂ ਕਿਸਾਨਾਂ ਸੀ ਭੀਡ ਕਿਉਂ ਨਹੀਂ ਦਿਖਾਈ ਦੇ ਰਹੀ । ਸਰਕਾਰ ਕਿਉਂ ਦੇਸ਼ ਦੇ ਕਿਸਾਨਾਂ ਨੂੰ ਨਾ ਦੇਖ ਸਿਰਫ ਓ ਸਿਰਫ ਵਿਦਿਆਰਥੀਆਂ ਦੀ ਪੜ੍ਹਾਈ ਦੇਖ ਰਹੀ ਹੈ । ਸਰਕਾਰ ਨੇ ਸਕੂਲਾਂ ਕਾਲਜਾਂ ਨੂੰ ਬੰਦ ਕਰਵਾ ਦੇਸ਼ ਦੇ ਸਾਰੇ ਵਿਦਿਆਰਥੀਆਂ ਦੇ ਭਵਿੱਖ ਨਾਲ ਖਿਲਵਾੜ ਕੀਤਾ ਹੈ ।ਪਰ ਇੱਥੇ ਹੀ ਇੱਕ ਹਾਸੇ ਵਾਲੀ ਗੱਲ ਇਹ ਵੀ ਸਾਹਮਣੇ ਆਉਂਦੀ ਹੈ ਕਿ ਜਿਸ ਵੇਲੇ ਲੋਕ ਆਪਣੇ ਘਰਾਂ ਵਿੱਚ ਬੈਠੇ ਸਨ ਉਸ ਵੇਲੇ ਕਰੋਨਾ ਦੇ ਕੇਸਾ ਦੀ ਗਿਣਤੀ ਸਿਖ਼ਰਾਂ ਤੇ ਆ ਗਈ ਸੀ ।ਪਰ ਫੇਰ ਜਦੋਂ ਕੇਂਦਰ ਸਰਕਾਰ ਵੱਲੋਂ ਯੂ ਪੀ ਵਿਚ ਚੋਣਾਂ ਕਰਵਾਈਆਂ ਗਈਆਂ ਤਾਂ ਉਸ ਵੇਲੇ ਇਕਦਮ ਕਰੋਨਾ ਖ਼ਤਮ ਹੋ ਗਿਆ ਅਤੇ ਚੋਣ ਪ੍ਰਕਿਰਿਆ ਸਰਕਾਰ ਵੱਲੋਂ ਜਾਰੀ ਰਹੀ ।ਸਰਕਾਰ ਦਾ ਕੋਵਿਡ-19 ਕਰੋਨਾ ਉਸ ਵੇਲੇ ਕਿੱਥੇ ਸੀ । ਸਰਕਾਰ ਨੂੰ ਉਸ ਵੇਲੇ ਹੀ ਕਿਉਂ ਕਰੋਨਾ ਨਜ਼ਰ ਆਉਂਦਾ ਹੈ ਜਦੋਂ ਵਿਦਿਆਰਥੀਆਂ ਦੀ ਪੜ੍ਹਾਈ ਉਹਨਾਂ ਦੇ ਸਕੂਲ ਕਾਲਜ ਖੁਲਣ ਦੀ ਗੱਲ ਕਿਸੇ ਵਲੋਂ ਸ਼ੁਰੂ ਕੀਤੀ ਜਾਂਦੀ ਹੈ । ਸਰਕਾਰ ਨੇ ਸਾਰੇ ਸਕੂਲ ਕਾਲਜ ਬੰਦ ਕਰਵਾ ਸਾਰੇ ਵਿਦਿਆਰਥੀਆਂ ਦੀ ਪੜ੍ਹਾਈ ਤੇ ਪਾਣੀ ਫੇਰ ਦਿੱਤਾ ਅਤੇ ਆਨਲਾਈਨ ਪੜ੍ਹਾਈ ਸੁਰੂ ਕਰਵਾ ਵਿਦਿਆਰਥੀਆਂ ਦੇ ਮਾਪਿਆਂ ਦੀਆਂ ਜੇਬਾਂ ਤੇ ਡਾਕਾ ਮਾਰਨਾ ਸੁਰੂ ਕੀਤਾ ਓ ਅਲੱਗ । ਕਿਉਂ ਸਰਕਾਰ ਵੱਲੋਂ ਵਿਦਿਆਰਥੀਆਂ ਦੇ ਸਕੂਲਾਂ ਅਤੇ ਕਾਲਜਾਂ ਨੂੰ ਨਹੀਂ ਖੋਲ੍ਹਿਆ ਜਾ ਰਿਹਾ ਕਿਉਂ ਸਰਕਾਰ ਉਨ੍ਹਾਂ ਦੀ ਪੜ੍ਹਾਈ ਨਾਲ ਅਣਗਹਿਲੀ ਕਰ ਰਹੀ ਹੈ ।ਸਰਕਾਰ ਨੂੰ ਹੁਣ ਇਹ ਚਾਹੀਦਾ ਹੈ ਕਿ ਵਿਦਿਆਰਥੀਆਂ ਦੇ ਲਈ ਜਲਦੀ ਤੋਂ ਜਲਦੀ ਸਕੂਲਾਂ ਅਤੇ ਕਾਲਜਾਂ ਦੇ ਗੇਟ ਖੋਲ੍ਹ ਦਿੱਤੇ ਜਾਣ ਤਾਂ ਕਿ ਵਿਦਿਆਰਥੀਆਂ ਜਲਦੀ ਤੋਂ ਜਲਦੀ ਆਪਣੀ ਪੜ੍ਹਾਈ ਪੂਰੀ ਕਰ ਸਕਣ।

# ਕਹਾਣੀ : ਘਰ ਜਵਾਈ



ਸੋਨੂੰ ਮੰਗਲ਼ੀ
ਫੋਨ 8194958011

ਸ਼ਾਮ ਢਲਣ ਵਾਲੀ ਸੀ , ਸੂਰਜ ਆਪਣੀਆਂ ਕਿਰਨਾਂ ਨੂੰ ਸਮੇਟਦਾ ਹੋਇਆ ਧਰਤੀ ਨੂੰ ਅਲਵਿਦਾ ਆਖਣ ਦੀ ਤਿਆਰੀ ਵਿੱਚ ਸੀ । ਸ਼ਹਿਰ ਦੀਆਂ ਸੜਕਾਂ ਦੀਆਂ ਲਾਈਟਾਂ ਜਲਣੀਆ ਸ਼ੁਰੂ ਹੋ ਚੁੱਕੀਆਂ ਸਨ । ਨਿੱਤ ਵਾਂਗ ਦੀਪ ਕੰਮ ਤੋਂ ਘਰ ਆਉਣ ਲਈ ਪਿੰਡ ਵਾਲੀ ਬੱਸ ਦੀ ਉਡੀਕ ਕਰ ਰਿਹਾ ਸੀ । ਅਚਾਨਕ ਇਕ ਵੱਡੀ ਸਾਰੀ ਕਾਰ ਉਸਦੇ ਕੋਲ ਆਣਕੇ ਰੁੱਕ ਗਈ ।ਕਾਰ ਚਾਲਕ ਕਾਰ ਦੀ ਬਾਰੀ ਖੋਲ੍ਹਦਿਆਂ ਦੀਪ ਨੂੰ ਅੰਦਰ ਆਉਣ ਦਾ ਇਸ਼ਾਰਾ ਕੀਤਾ । ਦੀਪ ਕਾਰ ਚਾਲਕ ਨੂੰ ਪਹਿਚਾਨਣ ਦੀ ਕੋਸ਼ਿਸ਼ ਕਰ ਰਿਹਾ ਸੀ ਕਿ ਅੱਗੋਂ ਕਾਰ ਚਾਲਕ ਬੋਲਿਆ " ...ਆਉਣਾ ਹੁਣ ਕੇ ਤੇਲ ਚੋ ਕੇ ਅੰਦਰ ਬਾੜਾਂ ਤੈਨੂੰ ..." ।

ਦੀਪ ਨੇ ਇਕ ਦਮ ਆਵਾਜ਼ ਪਛਾਣ ਦਿਆਂ ਆਖਿਆ " ..ਰਾਂਝਿਆ ਤੂੰ , ਬੜੇ ਚਿਰ ਬਾਅਦ ਦਿਖਿਆਂ ਪਤੰਦਰਾ ਕਿਥੇ ਅਲੋਪ ਰਿਹਾਂ ਇੰਨੇ ਸਾਲ .." । ਰਾਂਝੇ ਨੇ ਗੱਲਾਂ ਗੱਲਾਂ ਵਿੱਚ ਦੱਸਿਆ ਕਿ ਉਹ ਕਨੇਡਾ ਪੱਕਾ ਹੋ ਗਿਆ ਛੇ ਸਾਲ ਬਾਅਦ ਪੰਜਾਬ ਵਪਾਰ ਆਇਆ ਹੈ ।ਇੰਨੇਂ ਨੂੰ ਰਾਂਝੇ ਨੂੰ ਫੋਨ ਆ ਗਿਆ , ਉਹ ਆਪਣੇ ਫੋਨ ਤੇ ਲੱਗ ਗਿਆ ਗੱਲ ਕਰਨ ਦੀਪ ਪੁਰਾਣੇ ਖਿਆਲਾਂ ਵਿੱਚ ਖੋ ਗਿਆ । ਜਦੋਂ ਉਹ ਲੁਧਿਆਣੇ ਗੌਰਮਿੰਟ ਕਾਲਜ ਵਿੱਚ ਨਵਾਂ ਨਵਾਂ ਪੜਨ ਲਈ ਗਿਆ । ਰਵਨੀਤ (ਰਾਂਝਾ ) ਉਸਦਾ ਜਮਾਤੀ ਸੀ , ਇਕ ਕੁੜੀ ਗੀਤ ਨਾਲ ਉਸਨੂੰ ਹੱਦੋਂ ਵੱਧ ਪਿਆਰ ਕਰਦਾ ਸੀ ।ਉਸਦੀ ਖਾਤਰ ਕੁਝ ਰਵਨੀਤ ਮਰ ਮਿਟਣ ਨੂੰ ਤਿਆਰ ਸੀ ।ਉਸਦਾ ਗੀਤ ਪ੍ਰਤੀ ਇੰਨਾਂ ਪ੍ਰੇਮ ਦੇਖਕੇ ਹੀ ਸਾਰੇ ਕਾਲਜ ਵਾਲੇ ਦੋਸਤ ਉਸਨੂੰ ਰਵਨੀਤ ਤੋਂ ਰਾਂਝਾ ਆਖਣ ਲੱਗ ਗਏ ਸਨ।ਦੀਪ ਨੂੰ ਪਰਿਵਾਰਕ ਮਜਬੂਰੀ ਕਾਰਨ ਪੜ੍ਹਾਈ ਵਿਚਕਾਰ ਛੱਡਣੀ ਪੈ ਗਈ ਸੀ । ਘਰ ਦੀਆਂ ਜੁੰਮੇਵਾਰੀਆਂ ਵਿੱਚ ਖੋਏ ਤੋਂ ਦੁਬਾਰਾ ਕਦੀ ਕਾਲਜੀ ਦੋਸਤਾਂ ਨਾਲ ਬਾਹਲਾ ਮੇਲ ਜੋਲ ਰੱਖ ਨਹੀਂ ਹੋਇਆ ।ਅੱਜ ਦੁਬਾਰਾ ਰਾਂਝੇ ਨੂੰ ਮਿਲਕੇ ਉਸਨੂੰ ਉਹ ਪੁਰਾਣੇ ਦਿਨ ਯਾਦ ਆ ਰਹੇ ਸਨ ।ਕਿਥੇ ਗੁਆਚ ਗਿਆਂ ਬੈਠਾ ਬੈਠਾ .." ਰਵਨੀਤ ਨੇ ਦੀਪ ਦੇ ਪੱਟ ਉੱਤੇ ਹੱਥ ਮਾਰਦਿਆਂ ਪੁਛਿਆ । ......" ਕੁਝ ਨਹੀਂ ਯਾਰ , ਆਪਣੇ ਕਾਲਜ ਵਾਲੇ ਦਿਨ ਯਾਦ ਕਰ ਰਿਹਾ ਸੀ । ਕਿੰਨੀ ਮਸਤੀ ਕਰਦੇ ਹੁੰਦੇ ਸੀ ਆਪਾਂ , ਫਿਰ ਅਚਾਨਕ ਬਾਪੂ ਦੇ ਬਿਮਾਰ ਪੈਣ ਨਾਲ ਮੈਨੂੰ ਪੜ੍ਹਾਈ ਛੱਡਣੀ ਪੈ ਗਈ ।ਆਪਾਂ ਸਾਰੇ ਵੱਖ ਹੋ ਗਏ ।ਘਰ ਦਿਆਂ ਨੇ ਵਿਆਹ ਕਰ ਦਿੱਤਾ, ਬਸ ਹੁਣ ਘਰ ਤੋਂ ਕੰਮ, ਕੰਮ ਤੋਂ ਘਰ ਇਹੀ ਜਿੰਦਗੀ ਰਹਿ ਗਈ ।ਖੈਰ ਮੇਰੀ ਛੱਡ ਤੂੰ ਸੁਣਾ ਤੇਰੀ ਕਿਵੇਂ ਚਲਦੀ ਜਿੰਦਗੀ ..." ਇੰਨਾਂ ਆਖ ਦੀਪ ਨੇ ਗੇਂਦ ਰਾਂਝੇ ਦੇ ਪਾਲੇ ਵਿੱਚ ਪਾ ਦਿੱਤੀ । .." ਬਹੁਤ ਵਧੀਆ ਚਲਦੀ , ਕਨੇਡਾ ਵਿਚ ਆਪਣਾ ਟਰਾਂਸਪੋਰਟ ਦਾ ਕਾਰੋਬਾਰ ਹੈ ।ਦੋ ਬੱਚੇ ਹਨ ਮਉਥੇ ਹੀ ਪੜ੍ਹਦੇ ਹਨ । ਮਸਾਂ ਕੰਮਕਾਜੀ ਰੁਝੇਵਿਆਂ ਵਿਚੋਂ ਵਿਹਲ ਕੱਢ ਕੇ ਪੰਜਾਬ ਆਇਆ ਹਾਂ .." ।ਰਾਂਝੇ ਨੇ ਆਪਣੀ ਰਾਮ ਕਹਾਣੀ ਸੁਣਾਈ ।ਰਾਂਝੇ ਦੀਆਂ ਗੱਲਾਂ ਵਿੱਚ ਕਿਤੇ ਗੀਤ ਦਾ ਜ਼ਿਕਰ ਨਾ ਸੁਣ ਰਾਂਝੇ ਨੇ ਗੀਤ ਵਾਰੇ ਜਾਨਣ ਦੀ ਇੱਛਾ ਨਾਲ ਪੁਛਿਆ .." ਹੋਰ ਫਿਰ ਗੀਤ ਭਾਬੀ ਦਾ ਕੀ ਹਾਲ ਹੈ ..". ਰਾਂਝੇ ਨੇ ਇਕ ਲੰਬਾ ਹਾਉਂਕਾ ਲਿਆ ਅਤੇ ਕਿਹਾ .." ਪਤਾ ਨਹੀਂ ਯਾਰ , ਕਾਲਜ ਤੋਂ ਬਾਅਦ ਉਸਨੂੰ ਕਦੀ ਮਿਲਿਆ ਨਹੀਂ .." ।.." ਪਰ ਕਿਉਂ .." ਦੀਪ ਨੇ ਮੋੜਵਾਂ ਸਵਾਲ ਕੀਤਾ ।.." ਕੀ ਦੱਸਾਂ , ਗੀਤ ਦੇ ਇਕਲੌਤੇ ਭਰਾ ਦੀ ਕਿਸੇ ਦੁਰਘਟਨਾ ਵਿੱਚ ਮੌਤ ਹੋ ਗਈ , ਫਿਰ ਉਹ ਕਾਫੀ ਉਦਾਸ ਰਹਿਣ ਲੱਗੀ , ਮੈਨੂੰ ਆਖਣ ਲੱਗੀ ਉਹ ਆਪਣੇ ਮਾਪਿਆਂ ਨੂੰ ਇੱਕਲਾ ਨਹੀਂ ਛੱਡ ਸਕਦੀ , ਜੇ ਮੈਂ ਉਸ ਨਾਲ ਵਿਆਹ ਕਰਨਾ ਤਾਂ ਮੈਨੂੰ ਉਸਦੇ ਘਰ ਘਰ ਜਵਾਈ ਬਣ ਰਹਿਣਾ ਪੈਣਾ ਹੈ ।ਯਰ ਤੈਨੂੰ ਤਾਂ ਪਤਾ ਮੈਂ ਖਾਂਦੇ ਪੀਂਦੇ ਮਾਪਿਆਂ ਦਾ ਇਕੋ ਇਕ ਪੁੱਤ ਹਾਂ , ਇੱਦਾਂ ਕਿਸੇ ਦੇ ਘਰ ਘਰ ਜਵਾਈ ਬਣਕੇ ਕਿੱਦਾਂ ਰਹਿ ਸਕਦਾਂ , ਸਾਡੀ ਵੀ ਕੋਈ ਇੱਜਤ ਆ , ਅਣਖ ਆ .." ਇੰਨਾਂ ਆਖ ਰਾਂਝੇ ਨੇ ਇਕੋ ਝੱਟ ਸਾਰਾ ਮਨ ਦਾ ਭਾਰ ਉਤਾਰ ਲਿਆ ।

" ...ਬਹੁਤ ਮਾੜਾ ਹੋਇਆ ਯਰ ਇਹ ਤਾਂ , ਚਲ ਹੋਰ ਸੁਣਾ ਕਨੇਡਾ ਕਿੱਦਾਂ ਪਹੁੰਚਿਆ .." ਦੀਪ ਨੇ ਪੁਛਿਆ । .." ਕਾਲਜ ਪਾਸ ਕਰਨ ਤੋਂ ਬਾਅਦ ਮਾਸੀ ਨੇ ਰਿਸ਼ਤਾ ਕਰਵਾ ਦਿੱਤਾ , ਕੁੜੀ ਕਨੇਡਾ ਦੀ ਜੰਮਪਲ ਸੀ, ਇਕਲੌਤੀ ਕੁੜੀ ਸੀ ਮਾਪਿਆਂ ਦੀ ਉਸਦੇ ਪਿਤਾ ਦਾ ਟਰਾਂਸਪੋਰਟ ਦਾ ਕੰਮ ਸੀ ।ਆਪਾਂ ਵਿਆਹ ਕਰਵਾਇਆ ਤੇ ਕਨੇਡਾ ਆ ਗਏ । ਹੁਣ ਮੈਂ ਤੇ ਮੇਰਾ ਸਹੁਰਾ ਸਾਰਾ ਕੰਮ ਸੰਭਾਲਦੇ ਹਾਂ ..." ਰਾਂਝੇ ਨੇ ਦਸਿਆ ।

ਇੰਨੇਂ ਨੂੰ ਦੀਪ ਦਾ ਪਿੰਡ ਆ ਗਿਆ , ਉਸਨੇ ਰਾਂਝੇ ਨੂੰ ਘਰ ਚੱਲਣ ਨੂੰ ਕਿਹਾ ।ਪਰ ਰਾਂਝੇ ਨੇ ਆਖਿਆ ਕੀਂ ਉਸਨੇ ਅੱਗੇ ਕਿਸੇ ਰਿਸ਼ਤੇਦਾਰ ਨੂੰ ਮਿਲਣ ਜਾਣਾ ਆਉਂਦੇ ਹੋਏ ਜੇ ਸਮਾਂ ਮਿਲਿਆ ਤਾਂ ਮਿਲਕੇ ਜਾਵੇਗਾ । ਰਾਂਝਾ ਤਾਂ ਦੀਪ ਤੋਂ ਅਲਵਿਦਾ ਲੈ ਤੁਰ ਪਿਆ ਪਰ ਦੀਪ ਸੋਚ ਰਿਹਾ ਸੀ ਕਿ ਰਾਂਝਾ ਇੰਨਾਂ ਪਿਆਰ ਕਰਨ ਵਾਲੀ ਗੀਤ ਦੇ ਘਰ ਦੇ " ਘਰ ਜਵਾਈ " ਬਣਕੇ ਰਹਿਣ ਨੂੰ ਤਿਆਰ ਨਹੀਂ ਸੀ ।ਪਰ ਹੁਣ ਉਹ ਕਨੇਡਾ ਵਿੱਚ ਕੀ ਬਣਕੇ ਰਹਿ ਰਿਹਾ ਹੈ ।

# ਬੋਲੀ ਹੈ ਪੰਜਾਬੀ ਸਾਡੀ




ਭਾਸ਼ਾ ਕਿਸੇ ਇਨਸਾਨ ਦੀ ਪਹਿਚਾਣ ਦੀ ਚਿੰਨ੍ਹ ਹੁੰਦੀ ਹੈ ਭਾਸ਼ਾ ਵਿਅਕਤੀ ਦੀ ਇੱਕ ਅਜਿਹੀ ਵਿਰਾਸਤ ਹੁੰਦੀ ਹੈ ਕਿ ਨਾ ਤਾਂ ਕੋਈ ਵਿਅਕਤੀ ਉਸ ਨੂੰ ਉਸ ਤੋਂ ਖੋਹ ਸਕਦਾ ਹੈ ਅਤੇ ਨਾ ਹੀ ਕੋਈ ਉਸ ਤੋਂ ਚੁਰਾ ਸਕਦਾ ਹੈ ।ਵਿਅਕਤੀ ਭਾਸ਼ਾ ਦੁਆਰਾ ਹੀ ਆਪਣੇ ਵਿਚਾਰਾਂ ਦਾ ਆਦਾਨ ਪ੍ਰਦਾਨ ਕਰਦਾ ਹੈ ।ਭਾਸ਼ਾ ਵਿਅਕਤੀ ਦੇ ਦੂਸਰਿਆਂ ਦੇ ਨਾਲ ਸੰਚਾਰ ਕਰਨ ਦਾ ਸਾਧਨ ਹੈ ਭਾਸ਼ਾ ਦੇ ਬਿਨਾਂ ਵਿਅਕਤੀ ਆਪਣਾ ਸਰਬਪੱਖੀ ਵਿਕਾਸ ਨਹੀਂ ਕਰ ਸਕਦਾ ।ਭਾਸ਼ਾ ਵਿਅਕਤੀ ਦੇ ਵਿਕਾਸ ਦੇ ਲਈ ਜ਼ਰੂਰੀ ਹੈ ਮਾਤ ਭਾਸ਼ਾ ਉਸ ਭਾਸ਼ਾ ਨੂੰ ਕਿਹਾ ਜਾਂਦਾ ਹੈ ।ਜਿਸ ਦੇ ਦੁਆਰਾ ਇਨਸਾਨ ਆਪਣੇ ਆਲੇ ਦੁਆਲੇ ਦੇ ਸਮਾਜ ਵਿਚ ਦੂਸਰੇ ਲੋਕਾਂ ਦੇ ਨਾਲ ਸੰਪਰਕ ਬਣਾਉਂਦਾ ਹੈ ਵਾਰਤਾਲਾਪ ਕਰਦਾ ਹੈ,ਜਨਮ ਲੈਣ ਤੋਂ ਬਾਅਦ ਇਨਸਾਨ ਜੋ ਮੂਲ ਭਾਸ਼ਾ ਸਿੱਖਦਾ ਹੈ ।ਉਸ ਨੂੰ ਮਾਤ ਭਾਸ਼ਾ ਆਖਿਆ ਜਾਂਦਾ ਹੈ ਮਾਤ ਭਾਸ਼ਾ ਦੀ ਰੱਖਿਆ ਦੇ ਲਈ ਸਭ ਤੋਂ ਪਹਿਲਾਂ ਯੂਨੈਸਕੋ ਨੇ17ਨਵੰਬਰ1999 ਵਿੱਚ ਦੁਨੀਆਂ ਦਾ ਮਾਤ ਭਾਸ਼ਾ ਸਬੰਧੀ ਧਿਆਨ ਆਕਰਸ਼ਿਤ ਕਰਨ ਦੇ ਸਬੰਧੀ ਇੱਕ ਸੰਮੇਲਨ ਕਾਨਫਰੰਸ ਬੁਲਾਈ ਗਈ ਜਿਸ ਨੂੰ ਕਿ ਸੰਯੁਕਤ ਰਾਸ਼ਟਰ ਦੁਆਰਾ ਸਵੀਕਾਰ ਕਰ ਲਿਆ ਗਿਆ 'ਪਰ ਵਰਤੇ ਜਾਂਦੇ ਸ਼ਬਦ ਮੁਗਲ ਕਾਲ ਤੋਂ ਉਰਦੂ ਫ਼ਾਰਸੀ ਤੇ ਅਰਬੀ ਦੇ ਹਨ ਜੋ ਮਾਲ ਵਿਭਾਗ ਦੇ ਅਧਿਕਾਰੀ ਹੀ ਸਮਝ ਸਕਦੇ ਹਨ,21ਫ਼ਰਵਰੀ 2000ਤੋਂ ਹਰ ਹਰ ਸਾਲ ਮਾਤ ਭਾਸ਼ਾ ਦਿਵਸ ਮਨਾਇਆ ਜਾ ਰਿਹਾ ਹੈ। ਬੰਗਲਾਦੇਸ਼ੀ ਅੰਦੋਲਨ ਜੋ ਕਿ ਪਾਕਿਸਤਾਨ ਦੀ ਆਜ਼ਾਦੀ ਦੇ ਸਮੇਂ ਪੂਰਬੀ ਪਾਕਿਸਤਾਨ ਜੋ ਕਿ ਬੰਗਲਾਦੇਸ਼ ਅਤੇ ਪੱਛਮੀ ਪਾਕਿਸਤਾਨ ਵਿਚਕਾਰ ਭਾਸ਼ਾ ਦੇ ਆਧਾਰ ਤੇ ਸਭ ਤੋਂ ਵੱਡਾ ਇਕ ਅੰਦੋਲਨ ਹੋਇਆ ਪਾਕਿਸਤਾਨ ਦੀ ਆਜ਼ਾਦੀ ਤੋਂ ਬਾਅਦ ਪਾਕਿਸਤਾਨ ਦੇ ਲਈ ਮਾਤ ਭਾਸ਼ਾ ਉਰਦੂ ਰੱਖੀ ਗਈ ਜਦੋਂ ਕਿ ਪੂਰਬੀ ਪਾਕਿਸਤਾਨ ਜੋ ਕਿ ਬੰਗਲਾਦੇਸ਼ ਹੈ 1952 ਦੇ ਨੂੰ ਪਾਕਿਸਤਾਨ, ਬੰਗਲਾ ਬੋਲਣ ਵਾਲੇ ਲੋਕਾਂ ਦੇ ਦੁਆਰਾ ਇਸ ਦਾ ਵਿਰੋਧ ਕੀਤਾ ਗਿਆ। ਕਿਉਂਕਿ ਪੂਰਬੀ ਪਾਕਿਸਤਾਨ (ਬੰਗਲਾਦੇਸ਼) ਵਿਚ ਜਿਆਦਾਤਰ ਲੋਕ ਬੰਗਲਾ ਭਾਸ਼ਾ ਦੇ ਨਾਲ ਸੰਬੰਧ ਰੱਖਦੇ ਹਨ ਇਸ ਲਈ ਉਨ੍ਹਾਂ ਨੇ ਪਾਕਿਸਤਾਨ ਦੇ ਇਸ ਮਤੇ ਨੂੰ ਖਾਰਜ ਕਰਨ ਦੇ ਅੰਦੋਲਨ ਚਲਾ ਦਿੱਤਾ । ਮਾਤ ਭਾਸ਼ਾ ਦਿਵਸ ਇੱਕੀ ਫਰਵਰੀ ਨੂੰ ਹੀ ਕਿਉਂ ਮਨਾਇਆ ਜਾਂਦਾ ਹੈ ਇਸ ਦੇ ਵਿੱਚ ਵੀ ਇੱਕ ਘਟਨਾ ਦਾ ਵਰਣਨ ਕਰਨਾ ਜ਼ਰੂਰੀ ਹੈ 21ਫ਼ਰਵਰੀ 1952ਨੂੰ ਢਾਕਾ ਯੂਨੀਵਰਸਿਟੀ ਦੇ ਵਿਦਿਆਰਥੀਆਂ ਅਤੇ ਜਗਨਨਾਥ ਯੂਨੀਵਰਸਿਟੀ, ਢਾਕਾ ਮੈਡੀਕਲ ਕਾਲਜ ਆਦਿ ਦੇ ਵਿਦਿਆਰਥੀਆਂ ਦੁਆਰਾ ਅਤੇ ਸਮਾਜਿਕ ਕਾਰਕੁਨ ਦੇ ਦੁਬਾਰਾ ਪਾਕਿਸਤਾਨ ਦੁਆਰਾ ਬਣਾਈ ਗਈ ਭਾਸ਼ਾ ਸਬੰਧੀ ਨੀਤੀ ਦਾ ਵਿਰੋਧ ਕੀਤਾ ਗਿਆ ਅਤੇ ਪਾਕਿਸਤਾਨੀ ਪੁਲੀਸ ਵੱਲੋਂ ਇਨ੍ਹਾਂ ਅੰਦੋਲਨਕਾਰੀਆਂ ਵਿਰੋਧੀਆਂ ਤੇ ਅੰਨ੍ਹੇਵਾਹ ਗੋਲੀਆਂ ਬਰਸਾਈਆਂ ਗਈਆਂ ਬਹੁਤ ਜਿਆਦਾ ਅੰਦੋਲਨਕਾਰੀ ਜਿਸ ਕਾਰਨ ਸ਼ਹੀਦ ਹੋ ਗਏ ਉਨ੍ਹਾਂ ਦੀ ਯਾਦ ਵਿੱਚ 21ਫ਼ਰਵਰੀ 2000 ਨੂੰ ਪਹਿਲੀ ਵਾਰ ਯੂਨੈਸਕੋ ਦੁਆਰਾ ਅੰਤਰਰਾਸ਼ਟਰੀ ਮਾਤਭਾਸ਼ਾ ਦਿਵਸ ਮਨਾਇਆ ਬਣਾਇਆ ਗਿਆ। ਜਿਸ ਦਿਨ ਵੱਖ ਵੱਖ ਸਕੂਲਾਂ ਚ ਵੱਖ ਵੱਖ ਕਾਲਜਾਂ ਯੂਨੀਵਰਸਿਟੀਆਂ ਦੇ ਵਿਚ ਆਪਣੀ ਮਾਤ ਭਾਸ਼ਾ ਦੀ ਹੋਂਦ ਉਸ ਦੀ ਸੁਰੱਖਿਆ ਦੇ ਲਈ ਉਸ ਦੇ ਪਸਾਰ ਦੇ ਲਈ ਵੱਖ ਵੱਖ ਪ੍ਰੋਗਰਾਮ ਉਲੀਕੇ ਜਾਂਦੇ ਹਨ ।ਮਾਤ ਭਾਸ਼ਾ ਦਿਵਸ ਨੂੰ ਮਦਰ ਲੈਂਗੁਏਜ ,ਲੈਂਗੂਏਜ਼ ਮੂਵਮੈਂਟ ਦੇ ਆਦਿ ਨਾਵਾਂ ਨਾਲ ਵੀ ਜਾਣਿਆ ਜਾਂਦਾ ਹੈ,ਭਾਰਤ ਵਿੱਚ ਬੋਲੀ ਜਾਣ ਵਾਲੀ ਭਾਸ਼ਾ ਹਿੰਦੀ ਹੈ ।2011 ਦੀ ਜਨਗਣਨਾ ਦੇ ਅਨੁਸਾਰ ਤਕਰੀਬਨ ਭਾਰਤ ਦੇ ਵਿਚ 43% ਲੋਕ ਹਿੰਦੀ ਬੋਲਦੇ ਹਨ ਜੋ ਕਿ ਦੋ 2000 ਦੀ ਜਨਗਣਨਾ ਦੇ ਮੁਕਾਬਲੇ ਜਿਆਦਾ ਹਨ 2001ਦੀ ਜਨਗਣਨ ਦੇ ਅਨੁਸਾਰ ਭਾਰਤ ਵਿਚ41% ਲੋਕ ਹਿੰਦੀ ਬੋਲਦੇ ਹਨ। ਭਾਰਤੀ ਸੰਵਿਧਾਨ ਦੀ ਅੱਠਵੀਂ ਅਨੁਸੂਚੀ ਵਿੱਚ 22 ਭਾਸ਼ਾਵਾਂ ਨੂੰ ਮਾਨਤਾ ਦਿੱਤੀ ਗਈ ਹੈ ਪਰ ਭਾਰਤ ਦੀ ਆਪਣੀ ਕੋਈ ਰਾਸ਼ਟਰੀ ਭਾਸ਼ਾ ਨਹੀਂ ਹੈ ।ਇਸ ਦੀ ਸਰਕਾਰੀ ਭਾਸ਼ਾ ਹਿੰਦੀ ਹੈ ਭਾਰਤ ਬਹੁ ਭਾਸ਼ਾਈ ਦੇਸ਼ ਹੋਣ ਕਰਕੇ ਇਸ ਦੀ ਕੋਈ ਰਾਸ਼ਟਰੀ ਭਾਸ਼ਾ ਨਹੀਂ ਹੈ ਅਨੁਸੂਚੀ ਅੱਠ ਵਿਚ ਦਿੱਤੀਆਂ ਗਈਆਂ 22 ਭਾਸ਼ਾਵਾਂ ਦੇ ਵਿਚੋਂ ਹਰ ਇਕ ਭਾਰਤ ਦਾ ਕੋਈ ਵੀ ਰਾਜ ਆਪਣੀ ਇੱਛਾ ਦੇ ਅਨੁਸਾਰ ਭਾਸ਼ਾ ਰਾਜਭਾਸ਼ਾ ਚੁਣ ਸਕਦਾ ਹੈ ਇਕ ਸਰਵੇ ਦੇ ਅਨੁਸਾਰ ਭਾਰਤ ਵਿੱਚ 121ਕਰੋੜ ਦੀ ਆਬਾਦੀ ਵਿੱਚ ਤਕਰੀਬਨ 19,500 ਮਾਤ ਭਾਸ਼ਾਵਾਂ ਬੋਲੀਆਂ ਜਾਂਦੀਆਂ ਹਨ ।ਲੇਕਿਨ ਮਾਤ ਭਾਸ਼ਾਵਾਂ ਦਾ ਦਿਨ ਪਰ ਦਿਨ ਪੱਧਰ ਜਿਹੜਾ ਉਹ ਡਿੱਗਦਾ ਜਾ ਰਿਹਾ ਹੈ ਲੋਕ ਆਪਣੀ ਸੰਸਕ੍ਰਿਤੀ ਆਪਣੀ ਮਾਤ ਭਾਸ਼ਾ ਨੂੰ ਭੁੱਲਦੇ ਜਾ ਰਹੇ ਹਨ ਇਸ ਲਈ ਸਰਕਾਰਾਂ ਨੂੰ ਚਾਹੀਦਾ ਹੈ ਕਿ ਆਉਣ ਵਾਲੇ ਸਮੇਂ ਵਿੱਚ ਲੋਕਾਂ ਨੂੰ ਆਪਣੀ ਮਾਤ ਭਾਸ਼ਾ ਤੋਂ ਜਾਣੂ ਕਰਵਾਇਆ ਜਾਵੇ ਅਜਿਹੇ ਪ੍ਰੋਗਰਾਮ ਉਲੀਕੇ ਕਿ ਲੋਕ ਆਪਣੀ ਸੰਸਕ੍ਰਿਤੀ ਆਪਣੀ ਮਾਤ ਭਾਸ਼ਾ ਆਪਣੇ ਰੀਤੀ ਰਿਵਾਜਾਂ ਦੇ ਪ੍ਰਤੀ ਲਗਾਅ ਮਹਿਸੂਸ ਕਰਨ ਉਨ੍ਹਾਂ ਦੀ ਕਦਰ ਕਰਨ ਉਨ੍ਹਾਂ ਦੇ ਸੁਰੱਖਿਆ ਦੇ ਲਈ ਆਪਣਾ ਯੋਗਦਾਨ ਦੇਣ ।ਸਾਡੀ ਪੰਜਾਬ ਸਰਕਾਰ ਸਾਡੇ ਸਾਹਿਤ ਸਭਾਵਾਂ ਸਾਡੇ ਸੰਗਠਨ ਇਹ ਦਿਵਸ ਮਨਾਉਂਦੇ ਹਨ ਅਲੱਗ ਅਲੱਗ ਯੂਨੀਵਰਸਿਟੀਆਂ ਲਗਪਗ ਕਾਲਜਾਂ ਵਿੱਚ ਵੱਖ ਵੱਖ ਰਿਸਰਚ ਪੇਪਰ ਪੜ੍ਹਦੇ ਹਨ ਜੋ ਕਿ ਮਾਤਭਾਸ਼ਾ ਦੇ ਨਾਲ ਸਬੰਧਤ ਹੁੰਦੇ ਹਨ ਪਰ ਇਸ ਨੂੰ ਅਮਲੀ ਪੱਧਰ ਤੇ ਲਿਆਉਣ ਦੀ ਲੋੜ ਹੈ।

ਮਾਲ ਵਿਭਾਗ ਦਾ ਜਿਹੜਾ ਵੀ ਕੰਮ ਜੋ ਸਦੀਆਂ ਤੋਂ ਹੀ ਚਲਿਆ ਆ ਰਿਹਾ ਹੈ ਉਨ੍ਹਾਂ ਦੇ ਵਿਚ ਵਰਤੀ ਜਾਣ ਵਾਲੀ ਭਾਸ਼ਾ ਫਾਰਸੀ ,ਉਰਦੂ ਆਦਿ ਭਾਸ਼ਾਵਾਂ ਦੀ ਵਰਤੋਂ ਉਸ ਦੇ ਵਿੱਚ ਕੀਤੀ ਜਾਂਦੀ ਹੈ ਕਿਤੇ ਨਾ ਕਿਤੇ ਪੰਜਾਬੀ ਵੱਲ ਧਿਆਨ ਦੇਣ ਦੀ ਲੋੜ ਹੈ ।ਸਾਡਾ ਪੰਜਾਬ ਪੰਜਾਬੀ ਭਾਸ਼ਾ ਦੇ ਆਧਾਰ ਤੇ ਸੰਨ 1966 ਵੱਡੇ ਪੰਜਾਬ ਨੂੰ ਤੋੜ ਕੇ ਸਥਾਪਤ ਕੀਤਾ ਗਿਆ ।ਇਹ ਸਾਰੀਆਂ ਰਾਜਨੀਤਕ ਚਾਲਾਂ ਸਨ ਅਨੇਕਾਂ ਇਲਾਕੇ ਪੰਜਾਬੀ ਬੋਲਦੇ ਪੰਜਾਬ ਤੋਂ ਬਾਹਰ ਰਹਿ ਗਏ ,ਕਿਹੜੀ ਪੰਜਾਬੀ ਮਾਂ ਬੋਲੀ ਦੇ ਆਧਾਰ ਤੇ ਪੰਜਾਬ ਨੂੰ ਮਹਾਨ ਪੰਜਾਬ ਨੂੰ ਮਿੰਨੀ ਪੰਜਾਬ ਬਣਾ ਕੇ ਰੱਖ ਦਿੱਤਾ ।ਪੰਜਾਬ ਸਰਕਾਰ ਪੰਜਾਬੀ ਦਿਵਸ ਬਣਾਉਣਾ ਤਾਂ ਦੂਰ ਦੀ ਗੱਲ ਪੰਜਾਬੀ ਲਈ ਕੁਝ ਵੀ ਨਹੀਂ ਕਰ ਰਹੀ ,ਇਨ੍ਹਾਂ ਤੋਂ ਆਸ ਵੀ ਕੀ ਰੱਖੀ ਜਾ ਰਹੀ ਹੈ ਸਾਡੇ ਮੁੱਖਮੰਤਰੀ ਸਹੁੰ ਭੀ ਬਦੇਸੀ ਭਾਸ਼ਾ ਵਿੱਚ ਚੁੱਕਦੇ ਹਨ ।ਪੰਜਾਬ ਕਲਾ ਪ੍ਰੀਸ਼ਦ ਸਥਾਪਤ ਕੀਤੀ ਗਈ ਹੈ ਉਸ ਦੀ ਚੋਣ ਸਿਰਫ ਅਖਬਾਰਾਂ ਵਿੱਚ ਪੜ੍ਹਨ ਨੂੰ ਮਿਲਦੀ ਹੈ। ਉਨ੍ਹਾਂ ਨੇ ਪੰਜਾਬੀ ਮਾਂ ਬੋਲੀ ਲਈ ਕੀ ਕੀਤਾ,ਜਾਂ ਕੀ ਕਰ ਰਹੇ ਹਨ ਕਦੇ ਕੋਈ ਜਾਣਕਾਰੀ ਹੀ ਨਹੀਂ ਮਿਲੀ ਵੱਡੀ ਬਿਲਡਿੰਗ ਸਥਾਪਤ ਕੀਤੇ ਪ੍ਰਧਾਨਾਂ ਤੇ ਜਨਰਲ ਸਕੱਤਰਾਂ ਨੂੰ ਮੋਟੀ ਤਨਖਾਹ ਦਿੱਤੀ ਜਾਂਦੀ ਹੈ। ਮਨੋਰੰਜਨ ਲਈ ਕਵੀ ਦਰਬਾਰ ਜ਼ਰੂਰ ਹੋ ਜਾਂਦੇ ਹਨ ਪਰ ਮਾਂ ਬੋਲੀ ਪੰਜਾਬੀ ਲਈ ਕਦੇ ਵੀ ਕੁਝ ਨਹੀਂ ਕੀਤਾ ।ਲੱਖਾਂ ਰੁਪਏ ਖਰਾਬ ਕਰਨ ਦਾ ਕੀ ਫ਼ਾਇਦਾ ਜਦ ਕੇ ਆਪਣੇ ਆਧਾਰ ਨੂੰ ਮਾਂ ਬੋਲੀ ਪੰਜਾਬੀ ਨੂੰ ਮਜਬੂਤ ਨਹੀਂ ਕੀਤਾ ਜਾ ਰਿਹਾ। ਪੰਜਾਬ ਦਾ ਮੁੱਖ ਧੰਦਾ ਖੇਤੀਬਾੜੀ ਹੈ ਮਾਲ ਵਿਭਾਗ ਦਾ ਸਾਰਾ ਕੰਮਕਾਜ ਕਾਗਜ਼ੀ ਰੂਪ ਵਿਚ ਗੁਰਮੁਖੀ ਲਿਪੀ ਜਰੂਰ ਹੁੰਦਾ,ਪਰ ਉਸ ਵਿੱਚ ਵਰਤੀ ਭਾਸ਼ਾ ਮੁਗਲ ਕਾਲ ਦੀ ਉਰਦੂ ਅਰਬੀ ਫਾਰਸੀ ਹੈ ਜੋ ਸਿਰਫ਼ ਮਾਲ ਵਿਭਾਗ ਦੇ ਅਧਿਕਾਰੀ ਹੀ ਪੜ੍ਹ ਤੇ ਸਮਝ ਸਕਦੇ ਹਨ ਆਮ ਬੰਦੇ ਨੂੰ ਉਨ੍ਹਾਂ ਦੇ ਕਾਗਜ ਪੱਤਰ ਬਿਲਕੁਲ ਸਮਝ ਨਹੀਂ ਆਉਂਦੇ ।ਇੱਥੇ ਪੰਜਾਬੀ ਮਾਂ ਬੋਲੀ ਕਿਉਂ ਲਾਗੂ ਨਹੀਂ ਹੋਣੀ ਚਾਹੀਦੀ।

ਸਰਕਾਰ ਵੱਲੋਂ ਭਾਸ਼ਾ ਵਿਭਾਗ ਦੇ ਨਾਲ ਸਬੰਧਤ ਫੰਡਾਂ ਨੂੰ ਜਾਰੀ ਕਰਨ ਦੀ ਲੋੜ ਹੈ। ਪੰਜਾਬੀ ਮਾਤ ਭਾਸ਼ਾ ਨਾਲ ਸਬੰਧਤ ਤਿੰਨ ਰਸਾਲੇ ਜਨ ਸਾਹਿਤ ,ਪੰਜਾਬੀ ਦੁਨੀਆਂ ,ਪੰਜਾਬੀ ਸੌਰਭ ਇਹ ਸਾਲਾਂ ਤੋਂ ਬੰਦ ਪਏ ਹਨ ।ਇਨ੍ਹਾਂ ਨੂੰ ਮਾਤ ਭਾਸ਼ਾ ਦੀ ਸੁਰੱਖਿਆ ਦੇ ਲਈ ਦੁਬਾਰਾ ਆਬਾਦ ਕਰਨ ਦੀ ਜਰੂਰਤ ਹੈ ।ਕੇਂਦਰ ਸਰਕਾਰ ਵੱਲੋਂ ਭਾਸ਼ਾ ਦੇ ਪਸਾਰ ਦੇ ਲਈ ਮਾਤ ਭਾਸ਼ਾ ਦੇ ਪਸਾਰ ਦਿੱਲੀ ਦੂਰਦਰਸ਼ਨ ਪੰਜਾਬੀ ਤੇ ਆਕਾਸ਼ਵਾਣੀ ਜਲੰਧਰ ਲੰਮੇ ਸਮੇਂ ਤੋਂ ਇੱਥੇ ਪੱਕੇ ਅਧਿਕਾਰੀ ਤੇ ਕਰਮਚਾਰੀ ਸਥਾਪਤ ਨਹੀਂ ਕੀਤੇ ਗਏ ਸਿਰਫ਼ ਕੰਮ ਚਲਾਊ ਕਰਮਚਾਰੀ ਹਨ,ਦੋਨਾਂ ਕੇਂਦਰਾਂ ਤੇ ਐਂਕਰ ਜੋ ਕਿ ਪ੍ਰੋਗਰਾਮ ਦਾ ਮੁੱਖ ਆਧਾਰ ਹੁੰਦੇ ਹਨ ਸਾਰੇ ਦਿਹਾੜੀਦਾਰ ਹਨ ਕੀ ਉਨ੍ਹਾਂ ਨੂੰ ਪੱਕੇ ਕਰਕੇ ਪੂਰੀ ਤਨਖਾਹ ਤੇ ਸਹੂਲਤਾਂ ਨਹੀਂ ਦੇਣੀਆਂ ਚਾਹੀਦੀਆਂ,ਪੰਜਾਬ ਸਰਕਾਰ ਚੁੱਪ ਹੈ ਲੱਗਦਾ ਸਾਡੇ ਮੰਤਰੀ ਤੇ ਅਧਿਕਾਰੀ ਨਾ ਪ੍ਰੋਗਰਾਮ ਸੁਣਦੇ ਜਾਂ ਵੇਖਦੇ ਨਹੀਂ ।ਦੂਰਦਰਸ਼ਨ ਪੰਜਾਬੀ ਜੋ ਖੇਤਰੀ ਚੈਨਲ ਹੈ ਇਸ ਵਿੱਚ ਪ੍ਰਸਾਰ ਭਾਰਤੀ ਵੱਲੋਂ ਸੰਸਕ੍ਰਿਤ ਸਮਾਚਾਰ ਤੇ ਹਿੰਦੀ ਦੇ ਸਮਾਚਾਰ ਪੇਸ਼ ਕੀਤੇ ਜਾਂਦੇ ਹਨ ਇੱਥੇ ਜੋ ਅਧਿਕਾਰੀ ਸਥਾਪਤ ਕੀਤੇ ਜਾਂਦੇ ਹਨ ਉਨ੍ਹਾਂ ਨੂੰ ਪੰਜਾਬੀ ਮਾਂ ਬੋਲੀ ਦਾ ਕੋਈ ਗਿਆਨ ਨਹੀਂ ਪ੍ਰੋਗ੍ਰਾਮ ਕਿਥੋਂ ਪੰਜਾਬੀ ਵਿੱਚ ਸੂਦ ਬਣ ਸਕਦੇ ਹਨ ਸਾਡੀ ਪੰਜਾਬ ਸਰਕਾਰ ਪੰਜਾਬ ਕਲਾ ਪ੍ਰੀਸ਼ਦ ਤੇ ਸਾਹਿਤ ਸਭਾਵਾਂ ਚੁੱਪ ਬੈਠੀਆਂ ਹਨ ।ਆਕਾਸ਼ਵਾਣੀ ਜਲੰਧਰ ਸਾਡਾ ਮੁੱਖ ਰੇਡੀਓ ਕੇਂਦਰ ਹੈ ਇਸ ਵਿਚ ਚੌਵੀ ਘੰਟੇ ਗੀਤਾਂ ਤੋਂ ਇਲਾਵਾ ਪੰਜਾਬੀ ਮਾਂ ਬੋਲੀ ਦੇ ਪੰਜਾਬੀ ਮਾਂ ਬੋਲੀ ਦੇ ਪ੍ਰਚਾਰ ਤੇ ਪ੍ਰਸਾਰ ਲਈ ਕੁਝ ਨਹੀਂ ਕੀਤਾ ਜਾਂਦਾ,ਦੋ ਛੋਟੇ ਆਕਾਸ਼ਵਾਣੀ ਦੇ ਚੈਨਲ ਐਫ ਐਮ ਬਠਿੰਡਾ ਤੇ ਪਟਿਆਲਾ,ਇਹ ਨਾਂ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਦਾ ਧੰਨਵਾਦ ਕਰਨਾ ਬਣਦਾ ਹੈ ਜੋ ਪੰਜਾਬੀ ਮਾਂ ਬੋਲੀ ਨੂੰ ਮੁੱਖ ਰੱਖ ਕੇ ਹਰ ਤਰ੍ਹਾਂ ਦੇ ਪ੍ਰੋਗਰਾਮ ਪੇਸ਼ ਕੀਤੇ ਜਾ ਰਹੇ ਹਨ ਜਿਸ ਤੋਂ ਆਕਾਸ਼ਵਾਣੀ ਜਲੰਧਰ ਨੂੰ ਸਬਕ ਸਿੱਖਣਾ ਚਾਹੀਦਾ ਹੈ।

ਅੱਜ ਪੂਰੀ ਦੁਨੀਆ ਕੌਮਾਂਤਰੀ ਮਾਂ ਬੋਲੀ ਦਿਵਸ ਮਨਾ ਰਹੀ ਹੈ,ਥਾਂ ਥਾਂ ਤੇ ਸਮਾਜਕ ਜਥੇਬੰਦੀਆਂ ਤੇ ਸਾਹਿਤਕ ਸਭਾਵਾਂ ਖ਼ਾਸ ਮੀਟਿੰਗਾਂ ਕਰ ਰਹੀਆਂ ਹਨ ਤੇ ਸ਼ਹਿਰ ਵਿੱਚ ਜਲੂਸ ਦੇ ਰੂਪ ਵਿੱਚ ਘੁੰਮ ਰਹੀਆਂ ਹਨ ।ਸਾਰਿਆਂ ਦੇ ਭਾਸਣ ਜਾਂ ਜਲੂਸ ਸਾਡੀ ਮਾਂ ਬੋਲੀ ਪੰਜਾਬੀ ਹੈ ਪਤਾ ਨਹੀਂ ਕਿਸ ਨੂੰ ਦੱਸ ਰਹੇ ਹਨ ।ਸਾਡੀ ਮਾਂ ਬੋਲੀ ਪੰਜਾਬੀ ਨੇ ਪੂਰੀ ਦੁਨੀਆਂ ਵਿੱਚ ਝੰਡੇ ਗੱਡੇ ਹੋਏ ਹਨ ਮੈਂ ਮਰਚੈਂਟ ਨੇਵੀ ਦੀ ਨੌਕਰੀ ਦੌਰਾਨ ਵੇਖਿਆ ਹੈ,ਬਦੇਸੀ ਸਾਡੇ ਭੈਣ ਤੇ ਵੀਰ ਪੰਜਾਬੀ ਵਿਰਸੇ ਤੇ ਮਾਂ ਬੋਲੀ ਨੂੰ ਜਿਆਦਾ ਪਿਆਰ ਕਰਦੇ ਹਨ ।ਕੈਨੇਡਾ ਆਸਟ੍ਰੇਲੀਆ ਅਮਰੀਕਾ ਵਿਚ ਅਸੀਂ ਨਵੇਂ ਪੰਜਾਬ ਸਥਾਪਤ ਕਰ ਦਿੱਤੇ ਹਨ ਆਪਣੀ ਭਾਸਾ ਵਿਦੇਸ਼ਾਂ ਵਿਚ ਉਪਰਲੇ ਪੱਧਰ ਤੇ ਹੈ ।ਪੰਜਾਬੀ ਮਾਂ ਬੋਲੀ ਦਾ ਬੁਰਾ ਹਾਲ ਸਾਡੇ ਪੰਜਾਬ ਵਿੱਚ ਹੈ ਜਿਸ ਨੂੰ ਸਰਕਾਰਾਂ ਤਾਂ ਛੱਡੋ ਸਾਡੇ ਬੁੱਧੀਜੀਵੀ ਸਮਾਜਿਕ ਜਥੇਬੰਦੀਆਂ ਤੇ ਸਾਹਿਤਕ ਸਭਾਵਾਂ ਦੇ ਕੇ ਅਣਡਿੱਠ ਕਰ ਰਹੀਆਂ ਹਨ। ਮੀਟਿੰਗਾਂ ਤੇ ਧਰਨਿਆਂ ਨਾਲ ਕਦੇ ਕੋਈ ਮਸਲਾ ਹੱਲ ਹੁੰਦਾ ਵੇਖਿਆ ਹੈ। ਅੱਜ ਪੰਜਾਬ ਦੀਆਂ ਅਖਬਾਰਾਂ ਵਿਚ ਡਾਕਟਰ ਪ੍ਰੋਫੈਸਰ ਨੁਮਾ ਲੇਖਕਾਂ ਦੀਆਂ ਛਪੀਆਂ ਰਚਨਾਵਾਂ ਪੜ੍ਹ ਕੇ ਰੋਣਾ ਆਉਂਦਾ ਹੈ ।ਵਿਆਹ ਦੇ ਕਾਰਡ ਪੰਜਾਬੀ ਵਿੱਚ ਨਹੀਂ ਹੁੰਦੇ ਹਨ, ਘਰ ਦੇ ਅੱਗੇ ਨਾਮ ਦੀਆਂ ਪਲੇਟਾਂ ਪੰਜਾਬੀ ਵਿੱਚ ਨਹੀਂ ਹੁੰਦੀਆਂ,ਸੜਕਾਂ ਤੇ ਲੱਗੇ ਬੋਰਡ ਮਾਂ ਬੋਲੀ ਪੰਜਾਬੀ ਨੂੰ ਉਪਰਲੀ ਤਰਜੀਹ ਨਹੀਂ ਦਿੰਦੇ ।ਬਸ ਇਹ ਤਾਂ ਇਕ ਦਿਨ ਦਾ ਤਿਓਹਾਰ ਸਮਝ ਲਓ ਜਾਂ ਨਾਟਕ ਹੈ ।ਪੰਜਾਬੀ ਮਾਂ ਬੋਲੀ ਕਿੱਤਾਮੁਖੀ ਕਿਉਂ ਸਥਾਪਤ ਨਹੀਂ ਕੀਤੀ ਜਾਂਦੀ ਸਾਡੇ ਬੱਚਿਆਂ ਨੂੰ ਵਿਦੇਸ਼ਾਂ ਵਿੱਚ ਡਿਗਰੀਆਂ ਲੈਣ ਲਈ ਕਿਉਂ ਜਾਣਾ ਪਵੇ ।ਪੰਜਾਬ ਵਿੱਚ ਸਾਡੇ ਉੱਚ ਅਧਿਕਾਰੀ ਗੁਆਂਢੀ ਸੂਬਿਆਂ ਦੇ ਆ ਕੇ ਸੇਵਾ ਨਿਭਾਅ ਰਹੇ ਹਨ,ਕਿਉਂਕਿ ਹਿੰਦੀ ਵਿਚ ਸਿੱਖਿਆ ਪ੍ਰਾਪਤ ਕਰ ਲੈਂਦੇ ਹਨ ਉਨ੍ਹਾਂ ਦੀ ਮਾਂ ਬੋਲੀ ਹੈ ਜੇ ਪੰਜਾਬੀ ਵਿਚ ਡਾਕਟਰੀ ਇੰਜੀਨੀਅਰਿੰਗ ਆਈਏਐਸ ਪੀਸੀਐਸ ਹੋਵੇ ਤਾਂ ਸਾਡੇ ਬੱਚੇ ਆਸਾਨੀ ਨਾਲ ਉੱਚ ਪੱਧਰ ਦੀਆਂ ਡਿਗਰੀਆਂ ਪ੍ਰਾਪਤ ਕਰ ਸਕਦੇ ਹਨ।

ਇਹ ਕੋਈ ਬਹੁਤ ਵੱਡਾ ਮਸਲਾ ਨਹੀਂ ਸਾਰਿਆਂ ਨੂੰ ਮਿਲ ਕੇ ਪੰਜਾਬ ਵਿੱਚ ਹਰ ਰੂਪ ਵਿੱਚ ਮਾਂ ਬੋਲੀ ਪੰਜਾਬੀ ਨੂੰ ਸਥਾਪਤ ਕਰਵਾਉਣਾ ਚਾਹੀਦਾ ਹੈ ਫੇਰ ਕੌਮਾਂਤਰੀ ਮਾਂ ਬੋਲੀ ਦਿਵਸ ਨੂੰ ਮੇਲੇ ਲਗਾਉਣ ਦੀ ਜ਼ਰੂਰਤ ਨਹੀਂ ਪਵੇਗੀ ।ਅੱਜ ਸਮਾਜਿਕ ਸੰਗਠਨ ਤੇ ਸਾਹਿਤ ਸਭਾਵਾਂ ਮਾਂ ਬੋਲੀ ਦਿਵਸ ਬਹੁਤ ਭਾਰੀ ਖ਼ਰਚੇ ਨਾਲ ਮਨਾਉਣਗੇ,ਮਨੋਰੰਜਨ ਦੇ ਪ੍ਰੋਗਰਾਮ ਤੇ ਪਰਚੇ ਪੜ੍ਹੇ ਜਾਣਗੇ ਜਿਹੜੇ ਕਿ ਸਿਰਫ਼ ਉਨ੍ਹਾਂ ਦੇ ਕਮਰੇ ਤਕ ਹੀ ਸੀਮਤ ਰਹਿ ਜਾਂਦੇ ਹਨ। ਮਾਂ ਬੋਲੀ ਦਿਵਸ ਨੂੰ ਤਿਉਹਾਰ ਦੇ ਰੂਪ ਵਿੱਚ ਨਹੀਂ ਮਨਾਉਣਾ ਚਾਹੀਦਾ ਤੇ ਮਾਂ ਬੋਲੀ ਦਾ ਆਧਾਰ ਕਿਵੇਂ ਮਜਬੂਤ ਕਰਨਾ ਹੈ ਉਸ ਲਈ ਠੋਸ ਪ੍ਰੋਗਰਾਮ ਉਲੀਕੇ ਜਾਣੇ ਚਾਹੀਦੇ ਹਨ।

ਪੰਜਾਬੀ ਮਾਤ ਭਾਸ਼ਾ ਦਿਵਸ ਅਸੀਂ ਆਏ ਸਾਲ ਮਨਾਉਂਦੇ ਹਾਂ ਪਰ ਇਹ ਦਿਵਸ ਸਿਰਫ਼ ਇਕ ਦਿਨ ਦੇ ਲਈ ਮਨਾਇਆ ਜਾਂਦਾ ਹੈ ਪੂਰਾ ਸਾਲ ਇਸ ਦੇ ਉੱਤੇ ਧਿਆਨ ਦਿੱਤਾ ਜਾਂਦਾ ਨਹੀਂ ਜਾਂਦਾ ।ਅੱਜ ਲੋੜ ਹੈ ਪੰਜਾਬੀ ਮਾਤ ਬੋਲੀ ਨੂੰ ਸੁਰੱਖਿਅਤ ਕਰਨ ਦੀ,ਭਾਵੇਂ ਭਾਰਤੀ ਸੰਵਿਧਾਨ ਦੇ ਵਿਚ ਖੇਤਰੀ ਅਦਾਲਤਾਂ ਸੰਬੰਧੀ ਭਾਸ਼ਾ ਮਾਤ ਭਾਸ਼ਾ ਹੋਣੀ ਚਾਹੀਦੀ ਹੈ ।ਖੇਤਰੀ ਅਦਾਲਤਾਂ ਦਾ ਜਿਆਦਾਤਰ ਕੰਮ ਅੰਗਰੇਜ਼ੀ ਭਾਸ਼ਾ ਵਿਚ ਹੀ ਕੀਤਾ ਜਾਂਦਾ ਹੈ,ਅਦਾਲਤ ਵਿੱਚ ਜੋ ਵੀ ਕੰਮ ਹੁੰਦਾ ਹੈ ਜੱਜ ਤੇ ਵਕੀਲਾਂ ਤੋਂ ਇਲਾਵਾ ਕਿਸੇ ਨੂੰ ਸਮਝ ਨਹੀਂ ਆਉਂਦਾ ਸਾਰੀਆਂ ਅਰਜ਼ੀਆਂ ਵੀ ਅੰਗਰੇਜੀ ਭਾਸ਼ਾ ਵਿੱਚ ਲਿਖੀਆਂ ਜਾਂਦੀਆਂ ਹਨ ।ਜਿਹੜਾ ਕਿ ਆਮ ਖੇਤਰਾਂ ਨਾਲ ਸਬੰਧਤ ਲੋਕਾਂ ਦੀ ਸੋਚ ਤੋਂ ਪਰ੍ਹੇ ਹੈ ।ਇਸ ਲਈ ਚਾਹੀਦਾ ਹੈ ਕਿ ਖੇਤਰੀ ਅਦਾਲਤਾਂ ਦਾ ਵੀ ਕੰਮਕਾਜ ਪੰਜਾਬੀ ਮਾਤ ਭਾਸ਼ਾ ਵਿੱਚ ਹੋਵੇ ਤਾਂ ਜੋ ਨਿਚਲੇ ਖੇਤਰਾਂ ਦੇ ਨਾਲ ਸਬੰਧਤ ਲੋਕ ਹਨ। ਉਹ ਵੀ ਆਪਣੇ ਕਰਤੱਬਾਂ ਆਪਣੇ ਹੱਕਾਂ ਤੋਂ ਜਾਣੂ ਹੋ ਸਕਣ ।ਆਓ ਪੰਜਾਬ ਸਰਕਾਰ ਨੂੰ ਹਲੂਣਾ ਦੇਈਏ ਤਾਂ ਜੋ ਸਾਡੀ ਮਾਂ ਬੋਲੀ ਪੰਜਾਬੀ ਹਰ ਵਿਭਾਗ ਵਿੱਚ ਪੂਰਨ ਰੂਪ ਵਿੱਚ ਲਾਗੂ ਕਰੇ ਤਾਂ ਜੋ ਸਾਨੂੰ ਹਰ ਕੰਮ ਵਿੱਚ ਸੌਖ ਤਾਂ ਹੋਵੇ ਤੇ ਸਾਡੀ ਮਾਂ ਬੋਲੀ ਪੰਜਾਬੀ ਦਾ ਮਾਣ ਵਧੇ ।ਅਸੀਂ ਸਾਡੇ ਸਾਹਿਤਕਾਰ ਦਾ ਲਿਖਿਆ ਗੀਤ ਗਾਈਏ" ਜਿਵੇਂ ਫੁੱਲਾਂ ਵਿਚੋਂ ਫੁੱਲ ਗੁਲਾਬ ਨੀ ਸਈਓ,ਸਾਡਾ ਦੇਸਾਂ ਵਿੱਚੋਂ ਦੇਸ ਪੰਜਾਬ ਨੀ ਸਈਓ !

**ਰਮੇਸ਼ਵਰ ਸਿੰਘ**
**ਸੰਪਰਕ ਨੰਬਰ-9914880392**



# ਵਿਆਹ ਨਾਲ ਸਬੰਧਿਤ ਰੀਤੀ ਰਿਵਾਜ









ਰਵਨਜੋਤ ਕੌਰ ਸਿੱਧੂ ਰਾਵੀ

ਵਿਅਕਤੀ ਜੀਵਨ ਨਾਲ ਸਬੰਧਿਤ ਅਜਿਹਾ ਕੋਈ ਮੌਕਾ ਨਹੀਂ ਜਦੋਂ ਕੋਈ ਰਸਮ ਨਾ ਕੀਤੀ ਜਾਂਦੀ ਹੋਵੇ। ਵਿਅਕਤੀ ਜੀਵਨ ਦੀਆਂ ਤਿੰਨ ਅਵਸਥਾਵਾਂ ਪ੍ਰਮੁੱਖ ਮੰਨੀਆਂ ਜਾਂਦੀਆਂ ਹਨ। ਜਨਮ ਵਿਆਹ ਅਤੇ ਮੌਤ,ਪਰ ਅੱਜ ਅਸੀ ਵਿਆਹ ਨਾਲ ਸਬੰਧਿਤ ਰਸਮਾਂ ਦੀ ਗੱਲ ਕਰਾਂਗੇ।ਵਿਆਹ ਵਿੱਚ ਅਨੇਕਾਂ ਰਸਮਾਂ ਦਾ ਪਾਲਣ ਕੀਤਾ ਜਾਂਦਾ ਹੈ।

**ਵਿਆਹ ਹੈ ਕੀ** :-ਵਿਆਹ ਇੱਕ ਅਜਿਹੀ ਸਮਾਜਿਕ ਸੰਸਕ੍ਰਿਤਕ ਸੰਸਥਾ ਹੈ ਜਿਹੜੀ ਔਰਤ-ਮਰਦ ਨੂੰ ਸਮਾਜਿਕ ਨਿਯਮਾਂ ਅਧੀਨ ਕਾਮ ਸੰਤੁਸਟੀ ਦੀ ਪ੍ਰਵਾਨਗੀ ਵੀ ਦਿੰਦੀ ਹੈ ਅਤੇ ਮਨੁੱਖ ਵਿਅਕਤੀਤਵ ਦੇ ਜੈਵਿਕ,ਮਨੋਵਿਗਿਆਨਿਕ, ਅਧਿਆਤਮਿਕ ਅਤੇ ਨੈਤਿਕ ਵਿਕਾਸ ਦੀਆਂ ਲੋੜਾਂ ਪੂਰੀਆਂ ਕਰਦੀ ਹੋਈ ਪਰਿਵਾਰ ਵਿੱਚ ਵਿਅਕਤੀ ਦੇ ਸਾਂਸਕ੍ਰਿਤਿਕ, ਸਮਾਜਿਕ ਅਤੇ ਆਰਥਿਕ ਅਧਿਕਾਰਾਂ ਦਾ ਨਿਰਧਾਰਨ ਕਰਦਿਆਂ ਉਸਦੀ ਜੰਮਿਵਾਰੀ ਵੀ ਨਿਸਚਿਤ ਕਰਦੀ ਹੈ।ਇਸ ਸੰਸਥਾ ਰਾਹੀਂ ਹੀ ਮਨੁੱਖ ਮਾਂ, ਪਿਉ, ਧੀ ਭੈਣ, ਭਰਾ ਤੇ ਪੁੱਤ ਆਦਿ ਦੇ ਰਿਸਤੇ ਵਿੱਚ ਬੱਝਦਾ ਹੋਇਆ ਦੁਨੀਆ ਵਿੱਚ ਸਤਿਕਾਰਿਤ ਸਥਾਨ ਪ੍ਰਾਪਤ ਕਰਦਾ ਹੈ। ਵਿਆਹ ਦੋ ਪਰਿਵਾਰ ਨੂੰ ਅਜਿਹੇ ਰੂਪ ਵਿੱਚ ਬੰਨ ਦਿੰਦੀ ਹੈ, ਜਿਸ ਦੁਆਰਾ ਉਹ ਇੱਕ ਦੂਜੇ ਨਾਲ ਸਹਾਇਕ ਦਾ ਕੰਮ ਕਰਦੇ ਹਨ।ਐਡਵਰਡ ਵੈਸਟਰ ਮਾਰਕ ਅਨੁਸਾਰ 'ਵਿਆਹ ਇੱਕ ਜਾਂ ਇੱਕ ਤੋਂ ਵੱਧ ਮਰਦਾਂ ਅਤੇ ਔਰਤਾਂ ਵਿੱਚ ਸਥਾਪਿਤ ਸੰਬੰਧਿਤ ਹੈ, ਜਿਸਨੂੰ ਕਾਨੂੰਨ ਦੀ ਪ੍ਰਵਾਨਗੀ ਪ੍ਰਪਾਤ ਹੁੰਦੀ ਹੈ,ਜਿਸ ਵਿੱਚ ਵਿਆਹ ਨਾਲ ਸੰਬੰਧਿਤ ਦੋਹਾਂ ਪੱਖਾਂ ਅਤੇ ਉਹਨਾਂ ਦੀ ਪੈਦਾ ਹੋਣ ਵਾਲੀ ਸੰਤਾਨ ਦੇ ਅਧਿਕਾਰ ਤੇ ਕਰਤੱਵ ਜੁੜੇ ਹੁੰਦੇ ਹਨ। ਵਿਆਹ ਮਨੁੱਖੀ ਨੈਤਿਕਤਾ ਅਤੇ ਦੇਸ ਦੀ ਤਾਕਤ ਦਾ ਸੋਮਾ ਹੈ।

ਵਿਆਹ ਦੀ ਪਹਿਲੀ ਰਸਮ ਹੈ "ਵਰ ਤੇ ਕੰਨਿਆ ਲੱਭਣਾ -ਵਿਆਹ ਵਿੱਚ ਸਭ ਤੋ ਅਹਿਮ ਕਾਰਜ ਵਰ / ਕੰਨਿਆ ਦੀ ਚੋਣ ਹੁੰਦਾ ਹੈ। ਇਹ ਸਭ ਤੋ ਔਖਾ ਕੰਮ ਹੈ ਕਿਉਕਿ ਕੁੜੀ ਮੁੰਡੇ ਦੇ ਹਾਣ ਦਾ ਰਿਸਤਾ ਲੱਭਣਾ,ਪਰਿਵਾਰਕ ਤੰਦਾਂ ਦਾ ਮਿਲਣਾ । ਰਿਸਤਾ ਕਰਣ ਵੇਲੇ ਆਮ ਤੋਰ ਤੇ ਕੁੜੀ ਦੇ ਸੁਹੱਪਣ ਅਤੇ ਮੁੰਡੇ ਦੀ ਜਾਇਦਾਦ ਨੂੰ ਪ੍ਰਮੁੱਖਤਾ ਦਿੱਤੀ ਜਾਂਦੀ ਹੈ ਪੁਰਾਣੇ ਸਮੇਂ ਵਿੱਚ ਰਿਸਤਾ ਨਾਈ ਪ੍ਰਹਿਤ ਪਾਂਧੇ ਹੀ ਕਰਵਾਉਂਦੇ ਸਨ ਤੇ ਲੋਕੀ ਉਹਨਾ ਦੇ ਕਹਿਣ ਤੇ ਰਿਸਤਾ ਕਰ ਦਿੰਦੇ ਸਨ ਵਿਚੋਲਾ ਰਿਸਤਾ ਕਰਾਉਣ ਵਿੱਚ ਅਹਿਮ ਭੂਮਿਕਾ ਨਭਾਉਂਦਾ ਹੈ।

**ਵੇਖ ਵਿਖਾਵਾ**-ਜੇਕਰ ਮਾਂ ਬਾਪ ਨੂੰ ਰਿਸਤਾ ਪਸੰਦ ਆ ਜਾਵੇ ਤਾਂ ਆਮ ਤੋਰ ਤੇ ਮੰਡੇ ਤੇ ਕੁੜੀ ਨੂੰ ਇਕ ਦੂਜੇ ਨੂੰ ਵਿਖਾਉਣ ਦੀ ਰਸਮ ਕੀਤੀ ਜਾਂਦੀ ਹੈ ਭਾਵੇਂ ਇਹ ਸਭ ਕੁਝ ਰਸਮੀ ਹੀ ਹੁੰਦਾ ਹੈ ਪਰ ਮੁੰਡਾ ਕੁੜੀ ਜੇ ਇਕ ਦੂਜੇ ਨੂੰ ਝਾਤੀ ਮਾਰ ਲੈਣ ਤਾਂ ਮਾਂ ਬਾਪ ਸਰਖੁਰੂ ਹੋ ਜਾਂਦੇ ਹਨ।ਆਮ ਤੋਰ ਤੇ ਮੁੰਡਾ ਕੁੜੀ ਇਕ ਦੂਜੇ ਨੂੰ ਪਸੰਦ ਕਰ ਹੀ ਲੈਂਦੇ ਹਨ। ਮੁੰਡਾ ਕੁੜੀ ਆਪਸ ਵਿੱਚ ਰਸਮੀ ਜਿਹੀ ਗੱਲ ਬਾਤ ਕਰਦੇ ਹਨ ਤੇ ਘਰ ਜਾ ਕੇ ਆਪਣੀ ਹਾਂ ਜਾਂ ਨਾ ਦੱਸ ਦਿੰਦੇ ਹਨ।

**ਠਾਕਾ /ਰੋਕਾ**- ਪੁਰਾਣੇ ਸਮੇਂ ਵਿੱਚ ਕੁੜੀ ਵਾਲੇ ਨਾਈ ਦੇ ਹੱਥ ਮੁੰਡੇ ਨੂੰ ਇੱਕ ਰੁਪਇਆ ਭੇਜ ਦਿੰਦੇ ਸਨ। ਜਿਸ ਦਾ ਭਾਵ ਇਹ ਹੁੰਦਾ ਸੀ ਕਿ ਕੁੜਮਾਈ ਜਾਂ ਮੰਗਣੀ ਭਾਵੇਂ ਕਦੀ ਵੀ ਹੋਵੇ, ਨਾਤਾ ਪੱਕਾ ਹੈ। ਪਰ ਹੁਣ ਇਸ ਦੇ ਵੀ ਰੂਪ ਬਦਲ ਰਹੇ ਹਨ।

**ਮੰਗਣੀ / ਸਗਾਈ**-ਪਹਿਲੇ ਸਮੇਂ ਵਿੱਚ ਕੁੜੀ ਵਾਲੇ ਨਾਈ ਦੇ ਹੱਥ ਖੰਮ੍ਹਣੀ, ਰੁਪਇਆ, ਪੰਜ ਮਿਸਰੀ ਦੇ ਕੂਜੇ,ਪੰਜ ਛੁਹਾਰੇ, ਕੇਸਰ ਆਦਿ ਦੇ ਕੇ ਮੁੰਡੇ ਦੇ ਘਰ ਨੂੰ ਘੱਲ ਦਿੰਦੇ ਹਨ। ਮੁੰਡੇ ਵਾਲਿਆਂ ਨੇ ਰਿਸਤੇਦਾਰਾਂ ਅਤੇ ਸਰੀਕੇ ਵਿੱਚ ਸੱਦਾ ਭੇਜਿਆ ਹੁੰਦਾ ਸੀ। ਮੁੰਡੇ ਦੇ ਮਾਮੇ ਤੇ ਪਿਤਾ ਪੰਚਾਇਤ ਦੀ ਹਜੂਰੀ ਵਿੱਚ ਮੁੰਡੇ ਨੂੰ ਚੌਂਕੀ ਤੇ ਬਿਠਾ ਲੈਂਦੇ ਅਤੇ ਨਾਈ ਆਪਣੇ ਨਾਲ ਲਿਆਂਦੀਆਂ ਚੀਜਾ ਉਸ ਦੀ ਝੋਲੀ ਵਿੱਚ ਪਾਕੇ ਕੇਸਰ ਦਾ ਟਿੱਕਾ ਉਸ ਦੇ ਮੱਥੇ ਉਤੇ ਲਾ ਦਿੰਦਾ। ਕੁੜੀ ਦਾ ਬਾਪ ਜਾਂ ਵਿਚੋਲਾ ਪੱਲੇ ਵਾਲੀਆ ਚੀਜਾ ਵਿਚੋਂ ਇੱਕ ਛੁਹਾਰਾ ਮੁੰਡੇ ਦੇ ਅਜਿਹੇ ਹਾਣੀਆ ਨੂੰ ਦਿੱਤੇ ਜਾਦੇਂ ਜਿਨ੍ਹਾਂ ਦੀ ਛੇਤੀ ਹੀ ਮੰਗਣੀ ਹੋਣ ਦੀ ਆਸ ਹੁੰਦੀ ।ਮੁੰਡੇ ਵਾਲੇ ਨਾਈ ਦੇ ਹੱਥ ਮੰਗੇਤਰ ਕੁੜੀ ਵਾਸਤੇ ਸੂਟ, ਜੁੱਤੀ, ਗਹਿਣਾ, ਲਾਲ ਪਰਾਂਦੀ, ਮਹਿੰਦੀ, ਮੌਲੀ, ਖੰਡ, ਚੌਲ, ਛੁਹਾਰੇ ਤੇ ਨਕਦੀ ਆਦਿ ਘੱਲਦੇ। ਕੁੜੀ ਆਪਣੇ ਘਰ ਨ੍ਹਾਂ- ਧੋ, ਜੁੱਤੀ, ਕੱਪੜੇ ਤੇ ਲਾਲ ਪਰਾਂਦੀ ਪਹਿਨ ਕੇ ਚੜ੍ਹਦੇ ਵੱਲ ਮੂੰਹ ਕਰ ਕੇ ਪੀੜੇ ਤੇ ਬੈਠ ਜਾਂਦੀ ਪਿੰਡ ਦੀ ਨਾਇਣ ਸਹੁਰਿਆਂ ਦੀ ਭੇਜੀ ਨਕਦੀ ਉਸ ਦੀ ਝੋਲੀ ਵਿੱਚ ਪਾ ਕੇ ਖੰਡ ਤੇ ਛੁਹਾਰਾ ਉਸ ਦੇ ਮੂੰਹ ਵਿੱਚ ਪਾ ਦਿੰਦੀ ਅਤੇ ਇਸ ਤਰਾਂ ਉਸ ਦੀ ਵੀ ਸਗਾਈ ਹੋਂ ਜਾਦੀ।

ਪਰ ਹੁਣ ਦੇ ਸਮੇਂ ਵਿੱਚ ਇੱਕ ਪ੍ਰੋਗਰਾਮ ਕੀਤਾ ਜਾਂਦਾ ਹੈ। ਵਰ ਤੇ ਕੰਨਿਆ ਦੇ ਪਰਿਵਾਰ ਦੇ ਮੈਂਬਰ ਤੇ ਰਿਸ਼ਤੇਦਾਰ ਆਉਦੇ ਹਨ। ਜਿਸ ਵਿੱਚ ਵਰ ਦੇ ਪਰਿਵਾਰ ਵਲੋਂ ਕੰਨਿਆ ਲਈ ਸੁਗਾਹ ਦਾ ਸਮਾਨ ਲੈਦਾ ਜਾਂਦਾ ਹੈ ਤੇ ਕੰਨਿਆ ਨੂੰ ਤਿਆਰ ਕੀਤਾ ਜਾਂਦਾ, ਬਾਅਦ ਵਿੱਚ ਵਰ ਕੰਨਿਆ ਦੇ ਹੱਥ ਵਿੱਚ ਮੁੰਦਰੀ ਪਾਉਦਾ ਹੈ ਤੇ ਕੰਨਿਆ ਵਰ ਦੇ ਹੱਥ ਵਿੱਚ ਮੁੰਦਰੀ ਪਾਉਦੀ ਹੈ।



**ਸਾਹਾ ਕਢਾਉਣਾ**- ਸਾਹਾ ਕਢਾਉਣ ਦੀ ਜਿੰਮੇਵਾਰੀ ਆਮ ਤੋਰ ਤੇ ਮੰਡੇ ਵਾਲਿਆਂ ਦੀ ਹੁੰਦੀ ।ਮੰਗਣੀ ਤੋਂ ਪਿੱਛੋ ਕਿਸੇ ਸੁੱਭ ਮਹੀਨੇ ਦੀ ਤਾਰੀਖ ਵਿਆਹ ਲਈ ਨਿਯਤ ਕਰ ਲਈ ਜਾਂਦੀ ਹੈ। ਇਸ ਨੂੰ "ਸਾਹਾ ਕਢਾਉਣਾ" ਕਿਹਾ ਜਾਂਦਾ ਹੈ।

**ਸਾਹੇ ਚਿੱਠੀ ਭੇਜਣਾ**-ਵਿਆਹ ਦੀ ਤਾਰੀਖ ਤੋ ਬਾਅਦ ਅਹਿਮ ਕੰਮ ਸਾਹੇ ਚਿੱਠੀ ਭੇਜਣਾ ਹੁੰਦਾ ਹੈ ਇਹ ਕੰਮ ਵਿਚੋਲਾ ਜਾਂ ਨਾਈ ਕਰਦਾ ਹੈ ।ਸਾਹੇ ਚਿੱਠੀ ਕੁੜੀ ਵਾਲਿਆਂ ਵਲੋ ਮੰਡੇ ਵਾਲਿਆਂ ਨੂੰ ਭੇਜੀ ਹੈ ਜਿਸ ਵਿੱਚ ਆਪਣੀ ਸਮਰੱਥਾ ਦਰਸਾਉਦੇ ਹੋਏ ਬਰਾਤ ਦੀ ਗਣਿਤੀ,ਵਿਆਹ ਦਾ ਦਿਨ ਅਦਿ ਲਿਖਿਆ ਹੁੰਦਾ ਹੈ । ਚਿੱਠੀ ਨੂੰ ਦੱਭ, ਚੌਲ, ਹਲਦੀ, ਖੰਮ੍ਹਣੀ ਆਦਿ ਵਿੱਚ ਲਪੇਟ ਕੇ ਨਾਈ/ ਵਿਚੋਲੇ ਆਦਿ ਦੇ ਹੱਥ ਮੁੰਡੇ ਵਾਲਿਆਂ ਨੂੰ ਭੇਜਿਆ ਜਾਂਦਾ ਹੈ ।ਸਾਹੇ ਚਿੱਠੀ ਵਾਲੇ ਨੂੰ ਤੇਲ ਚੋ ਕੇ ਸਗਣਾ ਨਾਲ ਅੰਦਰ ਵਾੜਿਆ ਜਾਂਦਾ ਹੈ ,ਮੁੰਡੇ ਵਾਲਿਆਂ ਵਲੋਂ ਸਾਹੇ ਚਿੱਠੀ ਸਾਕ ਸੰਬੰਧੀਆਂ ਨੂੰ ਇੱਕਠੇ ਕਰਕੇ ਪੜੀ ਜਾਂਦੀ ਹੈ। ਚਿੱਠੀ ਪੜ ਕੇ ਸੁਣਾਉਣ ਵਾਲੇ ਨੂੰ ਵੀ ਲਾਗ ਦਿੱਤਾ ਜਾਂਦਾ ਹੈ।

**ਸਾਹੇ ਬੱਜਣਾ**-ਸਾਹੇ ਬੱਜਣ ਤੋ ਬਾਅਦ ਵਰ ਅਤੇ ਕੰਨਿਆ ਨੂੰ ਬਹੁਤਾ ਘਰੋ ਬਾਹਰ ਨਹੀਂ ਨਿਕਲਣ ਦਿੱਤਾ ਜਾਂਦਾ ਉਹਨਾ ਨੂੰ ਉਜਾੜ ਥਾਵਾ ਤੇ ਜਾਣ ਦੀ ਮਨਾਹੀ ਹੁੰਦੀ ਹੈ ਅਤੇ ਹੋਲਾ ਭਾਰਾ ਕੰਮ ਕਰਨ ਤੋ ਵਰਜਿਆ ਜਾਂਦਾ ਹੈ।

**ਵਿਆਹ ਦੀਆਂ ਤਿਆਰੀਆਂ**: ਸਾਹੇ ਦੀ ਚਿੱਠੀ ਤੋਂ ਪਿੱਛੋ ਦੋਹਾਂ ਘਰਾਂ ਵਿੱਚ ਵਿਆਹ ਦੀਆਂ ਤਿਆਰੀਆਂ ਸੁਰੂ ਹੋ ਜਾਦੀਂਆਂ ਹਨ ।ਪੁਰਾਣੇ ਸਮੇਂ ਵਿੱਚ ਕੁੜੀ ਵਾਲੇ ਭਾਇਚਾਰੇ ਵਿੱਚ ਮੌਲੀ ਜਾਂ ਰੂੰ ਕੱਤਣ ਤੇ ਪੀਹਣ ਲਈ ਦਾਣੇ ਵੰਡ ਦਿੰਦੇ, ਅੱਜ-ਕੱਲ੍ਹ ਅਜਿਹੇ ਕੰਮ ਮਸੀਨਾਂ ਤੇ ਕਰਾ ਲਏ ਜਾਂਦੇ ਹਨ। ਫੇਰ ਵੀ ਕੁੜੀ ਦਾ ਵਿਆਹ ਸਾਰੇ ਭਾਇਚਾਰੇ ਦਾ ਕੰਮ ਸਮਝਿਆ ਜਾਂਦਾ ਹੈ। ਮੁੰਡੇ ਵਾਲੇ ਵੀ ਘਰ ਵਰੀ ਆਦਿ ਤਿਆਰ ਕਰਨ ਲੱਗ ਜਾਂਦੇ ਹਨ।

**ਵਰੀ ਬਣਾਉਣਾ** -ਵਿਆਹ ਤੋ ਕੁਝ ਦਿਨ ਪਹਿਲਾਂ ਵਰੀ ਬਣਾਈ ਜਾਂਦੀ ਹੈ ਜਿਸ ਵਿੱਚ ਮੁੰਡੇ ਵਾਲੇ ਕੁੜੀ ਦੇ ਕੱਪੜੇ ਤੇ ਗਹਿਣੇ ਬਣਾਉਦੇ ਹਨ ਵਰੀ ਬਣਾਉਣ ਲਈ ਆਮ ਤੋਰ ਤੇ ਨੇੜਲੇ ਰਿਸਤੇਦਾਰਾ ਨੂੰ ਲਿਜਾਇਆਂ ਜਾਂਦਾ ਹਨ ਅੱਜ ਕੱਲ ਵਰੀ ਬਣਾਉਣ ਲਈ ਕੁੜੀ ਨੂੰ ਨਾਲ ਲਿਜਾਣ ਦਾ ਆਮ ਰਿਵਾਜ ਹੋ ਗਿਆ ਹੈ ਕੁੜੀ ਆਪਣੀ ਪਸੰਦ ਦੇ ਸੂਟ ਤੇ ਗਹਿਣੇ ਬਣਵਾ ਲੈਂਦੀ ਹੈ।

**ਮੁੰਡੇ ਦੇ ਪਰਿਵਾਰ ਦੇ ਕੱਪੜੇ ਬਣਾਉਣਾ**-
ਕੁੜੀ ਵਾਲੇ ਵੀ ਮੁੰਡੇ ਦੇ ਪਰਿਵਾਰ ਤੇ ਹੋਰ ਨੇੜਲੇ ਰਿਸਤੇਦਾਰਾ ਲਈ ਕੱਪੜੇ ਬਣਾ ਦਿੰਦੇ ਹਨ ।ਜਿਸ ਨੂੰ ਨੌਂਗੇ ਬਣਾਉਣਾ ਕਹਿੰਦੇ ਹਨ।

**ਕੜ੍ਹਾਹੀ**: - ਸੱਤ ਜਾਂ ਨੌਂ ਦਿਨ ਪਹਿਲਾਂ "ਕੜ੍ਹਾਹੀ ਚੜ੍ਹਾਈ" ਜਾਂਦੀ ਸੀ। ਵਿਆਂਹਦੜ ਦੀ ਮਾਂ ਇਸ ਕੜ੍ਹਾਹੀ ਵਿੱਚ ਤਿਆਰ ਕੀਤੇ ਗੁਲਗੁਲੇ ਆਪਣੇ ਪੇਕਿਆਂ ਨੂੰ ਲੈ ਜਾਦੀ ਤੇ ਉਹਨਾ ਨੂੰ ਵਿਆਹ ਦਾ ਦਿਨ ਦੱਸ ਆਉਂਦੀ। ਤੇ ਉਹ 'ਨਾਨਕੀ ਛੱਕ ' ਤਿਆਰ ਕਰਨ ਲੱਗ ਜਾਂਦੇ।

**ਵੱਟਣਾ ਦੀ ਰਸਮ**-ਵਿਆਹ ਤੋਂ ਪਹਿਲਾਂ ਵੱਡੀ ਰੀਤ ਕੇਵਲ ਵਟਣੇ ਦੀ ਹੁੰਦੀ ਹੈ। ਵਰ /ਕੰਨਿਆ ਸਿਰ ਦੇ ਉੱਤੇ ਚਾਰ ਕੁੜੀਆਂ ਚਾਰੇ ਕੰਨੀਂਆ ਫੜ ਕੇ ਪੀਲੀ ਚਾਦਰ ਦਾ ਚੰਦੋਆ ਤਾਣ ਕੇ ਖੜ੍ਹੀਆਂ ਹੋ ਜਾਂਦੀਆਂ। ਇੱਕ ਠੂਠੀ ਵਿੱਚ ਤੇਲ, ਪਾਣੀ ਤੇ ਹਲਦੀ ਮਿਲਾ ਕੇ ਵਟਣਾ ਤਿਆਰ ਕੀਤਾ ਹੁੰਦਾ। ਇਹ ਰਸਮ ਦੋਰਾਨ ਲੋਕ ਗੀਤ ਗਾਏ ਜਾਂਦੇ ਹਨ।

**ਨਾਨਕਾ-ਮੇਲ**- ਵਿਆਹ ਤੋਂ ਇੱਕ ਦਿਨ ਪਹਿਲਾਂ ਸੱਦੇ ਹੋਏ ਅੰਗ-ਸਾਕ ਪਹੁੰਚਣੇ ਸੁਰੂ ਹੋ ਜਾਦੇਂ ਹਨ। ਸਭ ਤੋਂ ਵਧੇਰਾ ਮੇਲ ਨਾਨਕਿਆਂ ਦਾ ਹੁੰਦਾ ਹੈ, ਜਿਹੜੇ ਆਪਣੀ ਦੋਹਤਰੀ ਜਾਂ ਦੋਹਤਮਾਨ ਲਈ ਗਹਿਣੇ, ਬਿਸਤਰੇ, ਪਲੰਘ, ਬਰਤਨ ਤੇ ਕੱਪੜੇ-ਲੀੜੇ ਲੈ ਕੇ ਫੜਿਆ ਹੁੰਦਾ ਹੈ। ਬਾਕੀ ਨਾਨਕਾ ਮੇਲ ਗੀਤ ਗਾਰਦਾਂ, ਸੰਠਨੀਆਂ ਦਿੰਦਾ ਹੋਇਆ ਪਿੰਡ ਦੀ ਜੂਹ ਵਿੱਚ ਵੜਦਾ ਹੈ।

**ਚੂੜਾ ਚੜਾਉਣ ਦੀ ਰਸਮ**- ਇਹ ਰਸਮ ਵਿਆਹ ਤੋਂ ਇੱਕ ਦਿਨ ਪਹਿਲਾ ਕੀਤੀ ਜਾਂਦੀ ਹੈ। ਇਸ ਵਿੱਚ ਲੜਕੀ ਦਾ ਮਾਮਾ ਲੜਕੀ ਨੂੰ ਚੂੜਾ ਚੜਾਉਂਦਾ ਹੈ। ਇਹ ਚੂੜਾ ਚੜਾਉਣ ਤੋਂ ਪਹਿਲਾ ਲੱਸੀ ਵਿੱਚ ਡੁਬੋਇਆ ਜਾਂਦਾ ਹੈ ਤੇ ਵਿੱਚ ਹਰਾ ਘਾਹ ਤੇ ਗੁਲਾਬ ਦੇ ਫੁੱਲ ਵੀ ਰਖਿਆ ਜਾਂਦਾ ਹੈ।

**ਨਹਾਈ ਧੋਈ ਦੀ ਰਸਮ**- ਵਿਆਹ ਵਾਲੇ ਦਿਨ ਨਹਾਈ ਧੋਈ ਦੀ ਰਸਮ ਕੀਤੀ ਜਾਂਦੀ ਹੈ। ਇਸ ਰਸਮ ਦੋਰਾਨ ਸੱਤ ਸੁਹਾਗਣਾ ਵਲੋਂ ਵੱਟਣਾ ਲਗਾਇਆ ਜਾਂਦਾ ਹੈ, ਕੰਨਿਆ ਨੂੰ ਨਹਾਉਣ ਤੋਂ, ਫਿਰ ਮਾਮਾ ਕੰਨਿਆ ਨੂੰ ਗੋਦੀ ਚੁੱਕ ਕੇ ਪਟੜੇ ਤੋਂ ਉਤਾਰਦਾ ਹੈ ਤੇ ਸਗਨ ਵਜੋਂ ਕੁੱਝ ਰੁਪਏ ਤੇ ਦੋ ਲੱਡੂ ਝੋਲੀ ਵਿੱਚ ਪਾਏ ਜਾਂਦੇ ਹਨ ਅਤੇ ਮੂੰਹ ਮਿੱਠਾ ਕਰਾਇਆ ਜਾਂਦਾ ਹੈ।

**ਜੰਜ ਲਈ ਤਿਆਰੀ**-ਦੂਜੇ ਦਿਨ ਚੰਨ ਚੜ੍ਹਨ ਤੋਂ ਪਹਿਲਾਂ ਮੁੰਡੇ ਨੂੰ ਆਖਰੀ ਵਟਣਾ ਮਲ ਕੇ ਕੇ ਨੁਹਾ ਦਿੰਦੇ ਹਨ। ਨੁਹਾ ਕੇ ਉਸ ਨੂੰ ਮਾਮੇ ਦੀ ਲਿਆਂਦੀ ਹੋਈ ਪੁਸਾਕ ਪਹਿਨਾਈ ਜਾਂਦੀ ਹੈ। ਸਰਬਾਲ੍ਹੇ ਨੂੰ ਵੀ ਇਸੇ ਤਰ੍ਹਾਂ ਨੁਹਾ ਜਾਂਦਾ ਹੈ।

**ਸਹਿਰੇ ਬੰਨਾਈ**-ਸਹਿਰੇ ਬੰਨਾਈ ਦੀ ਰਸਮ ਅਹਿਮ ਹੁੰਦੀ ਹੈ। ਲੜਕੇ ਦੀ ਭੈਣ ਵੱਲੋਂ ਆਪਣੇ ਭਰਾ ਦੇ ਸਿਰ ਸਿਹਰੇ ਬੰਨ੍ਹੇ ਜਾਂਦੇ ਹਨ ਅਤੇ ਭਾਬੀਆਂ ਵੱਲੋਂ ਸੁਰਮਾ ਪਾਇਆ ਜਾਂਦਾ ਹੈ। ਬਦਲੇ ਵਿੱਚ ਲਾੜੇ ਵਲੋਂ ਸਗਨ ਦਿੱਤਾ ਜਾਂਦਾ ਹੈ ।ਬਰਾਤ ਜਾਣ ਤੋ ਪਹਿਲਾ ਜਦੋਂ ਲਾੜੇ ਦੇ ਉਸਦੀਆਂ ਭੈਣਾਂ ਸੇਹਰੇ ਬੰਨਦੀਆਂ ਹਨ ਤਾਂ ਨਾਲ ਦੀ ਨਾਲ ਗਾਣੇ ਵੀ ਗਾਏ ਜਾਦੇ ਹਨ ਆਟੇ ਸੁਰਮਾ ਪਵਾਈ ਵੇਲੇ ਵੀ ਗਾਣੇ ਗਾਏ ਜਾਂਦੇ ਹਨ .

**ਮਿਲਣੀ**: ਪਿੰਡ ਦੇ ਦਰਵਾਜੇ ਉੱਤੇ ਜਾਂ ਡੇਰੇ ਵਿੱਚ ਪਹੁੰਚਣ ਤੇ 'ਮਿਲਣੀ' ਹੁੰਦੀ ਹੈ। ਮਿਲਣੀ ਵਿੱਚ ਵਰ ਤੇ ਕੰਨਿਆ ਦੇ ਸਾਕੇ ਸਾਕ ਸੰਬੰਧੀ ਮਿਲਣੀ ਕਰਦੇ ਹਾਂ ਇੱਕ ਦੂਜੇ ਦੇ ਹਾਰ ਪਾਉਦੇ ਹਨ।

**ਆਨੰਦ ਕਾਰਜ/ਲਾਵਾ**-ਆਨੰਦ ਕਾਰਜ ਦੀ ਰਸਮ ਬਹੁਤ ਹੀ ਮਹੱਤਵਪੂਰਨ ਹੁੰਦੀ ਹੈ। ਇਸ ਰਸਮ ਵਿੱਚ 'ਲਾਵਾਂ' ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜਰੀ ਵਿੱਚ ਵਰ, ਕੰਨਿਆ ਅਤੇ ਦੋਵਾਂ ਧਿਰਾਂ ਦੀ ਮੌਜੂਦਗੀ ਵਿੱਚ ਹੁੰਦੀਆਂ ਹਨ। ਆਨੰਦ ਕਾਰਜ ਲਈ ਕੰਨਿਆ ਦਾ ਪਿਤਾ ਕੰਨਿਆ ਦੇ ਹੱਥ ਵਰ ਦਾ ਪੱਲਾ ਫੜਾਉਦਾ ਹੈ। ਸੁਹਾਗ ਜੋੜੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਆਲੇ -ਦੁਆਲੇ ਲਾਵਾਂ ਦੇ ਪਾਠ ਤੇ ਕੀਰਤਨ ਸਮੇਂ ਚਾਰ ਲਾਵਾਂ ਲੈਦੀਂ ਹੈ ।ਆਨੰਦ ਕਾਰਜ ਤੋਂ ਲਾੜੇ ਦੀ ਸੱਸ ਜਵਾਈ ਨੂੰ ਸਗਨ ਦਿੰਦੀ ਹੈ ਤੇ ਉਸਦਾ ਮੂੰਹ ਮਿੱਠਾ ਕਰਾਉਂਦੀ ਹੈ ।

**ਵਰੀ ਦੇਖਣਾ**- ਫਿਰ "ਵਰੀ" ਦੇਖਣੀ ਹੁੰਦੀ ਹੈ। ਜਿਹੜੀਆਂ ਵੀ 'ਵਰੀ' ਮੁੰਡੇ ਵਾਲੇ ਕੁੜੀ ਲਈ ਲੈ ਕੇ ਆਏ ਉਹ ਸਭ ਸਮਾਨ ਕੁੜੀਆਂ ਵਾਲਿਆ ਨੂੰ ਦੇਖਿਆ ਜਾਂਦਾ ਹੈ।

**ਖੱਟ**- ਇਸੇ ਤਰਾਂ ਜੰਨ ਦੇ ਤੁਰਨ ਤੋਂ ਪਹਿਲਾਂ ਕੁੜੀ ਵਾਲੇ ਮੁੰਡੇ ਵਾਲਿਆਂ ਨੂੰ ਉਹਨਾ ਤੇ ਉਹਨਾਏ ਭਾਈਚਾਰੇ ਨੂੰ ਦਿੱਤਾ ਜਾਣ ਵਾਲਾ 'ਖੱਟ' ਵਿਖਾਉਂਦੇ ਹਨ।

**ਡੋਲੀ**-ਇਸ ਤੋਂ ਪਿੱਛੋਂ ਜੰਨ ਵਿਦਾ ਕਰ ਦਿੱਤੀ ਜਾਂਦੀ ਹੈ। ਮਾਮਾ ਕੁੜੀ ਨੂੰ ਚੁੱਕ ਕੇ ਰੋਂਦੀ, ਕੁਰਲਾਉਂਦੀ ਨੂੰ ਡੋਲੇ ਵਿੱਚ ਬਿਠਾ ਆਉਂਦਾ ਹੈ।

**ਪਾਣੀ ਵਾਰਨਾ**- ਮੁੰਡੇ ਦੇ ਘਰ ਪਹੁੰਚਣ ਉੱਤੇ ਮੁੰਡੇ ਦੀ ਮਾਂ ਸਗਨਾ ਦੀ ਥਾਲੀ ਲੈ ਕੇ ਨੂੰਹ-ਪੁੱਤ ਨੂੰ ਲੈਣ ਜਾਂਦੀ ਹੈ। ਦਰਵਾਜੇ ਉਤੇ ਉਹ ਪਾਣੀ ਨਾਲ "ਵਾਰਨੇ ਵਾਰਦੀ" ਹੈ। ਉਹ ਸੱਤ ਵਾਰੀ ਪਾਣੀ ਮੂੰਹ ਨੂੰ ਲਾਉਂਦੀ ਹੈ। ਭਾਵ ਉਹ ਪੁੱਤ ਦੇ ਦੁੱਖ ਆਪਣੇ ਸਿਰ ਲੈਣ ਦੀ ਕੁਰਬਾਨੀ ਕਰਦੀ ਹੈ ।ਇਹ ਵੀ ਕਿਹਾ ਜਾਂਦਾ ਹੈ ਕਿ ਪਾਣੀ ਵਾਰਨ ਦੀ ਰਸਮ ਨਾਲ ਨਵੀਂ ਵਹੁਟੀ ਦਾ ਸਾਰਾ ਪਿਆਰ ਸੱਸ ਨਾਲ ਪੈ ਜਾਂਦਾ ਹੈ।

**ਛਟੀ ਖੇਡਣਾ**- ਦੂਜੇ ਦਿਨ ਸਵੇਰੇ ਲਾੜਾ ਤੇ ਵਹੁਟੀ ਪਿੱਤਰਾ, ਸਹੀਦਾ ਦੇ ਮੱਥਾ ਟੇਕਣ ਵਾਸਤੇ ਜਾਂਦੇ ਹਨ ਕਈ ਥਾਵਾਂ ਉੱਤੇ ਇਸ ਸਮੇਂ ਛਟੀ ਖੇਡਣ ਦਾ ਵੀ ਰਿਵਾਜ ਹੈ। ਲਾੜਾ ਤੇ ਵਹੁਟੀ ਇੱਕ ਦੂਜੇ ਦੇ ਸੱਤ- ਸੱਤ ਛਟੀਆਂ ਮਾਰਦੇ ਹਨ।

**ਪੇਟੀ ਖੁਲ੍ਹਾਈ**- ਕੰਨਿਆ ਦੀ ਛੋਟੀ ਨਣਾਨ ਪੇਟੀ ਖੋਲ੍ਹਦੀ ਹੈ ਤੇ "ਪੇਟੀ ਖੁਲ੍ਹਾਈ" ਦਾ ਮਨਭਾਉਂਦਾ ਸੂਟ ਕੱਢ ਲੈਂਦੀ ਹੈ।

ਹਰ ਹੁਣ ਇਹਨਾਂ ਰਸਮਾਂ ਦਾ ਬਹੁਤਾਂ ਮੱਹਵਤ ਨਹੀ ਰਿਹਾਂ ਇਹ ਰਸਮਾਂ ਦਿਨ ਪ੍ਰਤੀ ਦਿਨ ਅਲੋਪ ਹੋ ਰਹੀਆਂ ਹਨ।



# ਚਾਂਦੀ ਦੀਆਂ ਝਾਂਜਰਾਂ....





ਡਾ. ਪ੍ਰਿਤਪਾਲ ਸਿੰਘ ਮਹਿਰੋਕ
91-98885-10185

ਪੰਜਾਬੀ ਲੋਕ ਜੀਵਨ ਨਾਲ ਜੁੜੇ ਗਹਿਣਿਆਂ ਦੀਆਂ ਵੰਨਗੀਆਂ ਦਾ ਕੋਈ ਹੱਦ-ਬੰਨਾਂ ਨਹੀਂ ਹੈ।ਸਿਰ ਤੋਂ ਲੈਕੇ ਚੀਚੀ-ਉਂਗਲੀ ਤੱਕ ਵੰਨ-ਸੁਵੰਨੇ ਗਹਿਣੇ ਔਰਤ ਦਾ ਸ਼ਿੰਗਾਰ ਬਣਦੇ ਹਨ। ਝਾਂਜਰਾਂ ਔਰਤਾਂ ਵੱਲੋਂ ਗਿੱਟਿਆਂ 'ਤੇ ਪਹਿਨਿਆਂ ਜਾਣ ਵਾਲਾ ਬਹੁਤ ਹਰਮਨ ਪਿਆਰਾ ਗਹਿਣਾ ਹੈ। ਸਮੇਂ ਦੇ ਬਦਲਣ ਨਾਲ ਗਹਿਣਿਆਂ ਦੇ ਰੂਪ ਬਦਲਦੇ ਰਹਿੰਦੇ ਹਨ। ਕੋਈ ਸਮਾਂ ਹੁੰਦਾ ਸੀ ਜਦੋਂ ਚਾਂਦੀ ਦੀਆਂ ਝਾਂਜਰਾਂ ਦੀ ਛਣ-ਛਣ ਦੇ ਨਾਲ ਕਿਸੇ ਦੇ ਘਰ ਦੀ ਰੌਣਕ ਨੂੰ ਭਾਗ ਲੱਗਦੇ ਸਮਝੇ ਜਾਂਦੇ ਸਨ ਤੇ ਝਾਂਜਰ ਘਰ ਵਿੱਚ ਸੈਂਕੜੇ ਬਰਕਤਾਂ ਦੇ ਨਾਲ-ਨਾਲ ਖ਼ੁਸ਼ੀਆਂ ਖੇੜਿਆਂ ਦਾ ਪ੍ਰਤੀਕ ਸਮਝੀ ਜਾਂਦੀ ਸੀ। ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ ਅਨੁਸਾਰ- "ਇਸਤਰੀਆਂ ਦੇ ਪੈਰਾਂ ਦਾ ਇਕ ਗਹਿਣਾ, ਜੋ ਝਣਖਕਾਰ ਪੈਦਾ ਕਰਦਾ ਹੈ।ਗਿੱਧਾ ਨੱਚਣ ਲੱਗਿਆਂ ਮੁਟਿਆਰਾਂ ਪੈਰਾਂ ਵਿੱਚ ਝਾਂਜਰ ਪਾ ਲੈਂਦੀਆਂ ਹਨ ਅਤੇ ਜਦੋਂ ਉਹ ਠੁਮਕਦੀਆਂ ਹਨ ਤੇ ਪੈਰਾਂ ਨਾਲ ਧਮਕ ਦੇਂਦੀਆਂ ਹਨ ਤਾਂ ਛਣ ਛਣ ਦੀ ਧੁਨੀ ਅਨੂਠਾ ਰਸ ਪੈਦਾ ਕਰਦੀ ਹੈ।"(ਪੰਜਾਬੀ ਲੋਕਧਾਰਾ ਵਿਸ਼ਵਕੋਸ਼, ਪੰਨਾ 1428)। ਔਰਤਾਂ ਦੇ ਪੈਰਾਂ ਵਿੱਚ ਪਹਿਨਿਆ ਜਾਣ ਵਾਲਾ ਚਾਂਦੀ ਦਾ ਗਹਿਣਾ ਝਾਂਜਰ ਅਖਵਾਉਂਦਾ ਹੈ। ਪਹਿਨਣ ਵਾਲੀ ਦੇ ਚੱਲਣ ਨਾਲ ਝਾਂਜਰ ਛਣਕਾਰ ਪੈਦਾ ਕਰਦੀ ਹੈ। ਤੁਰਨ ਲੱਗਿਆਂ, ਗਿੱਧੇ ਵਿੱਚ ਨੱਚਣ ਲੱਗਿਆਂ ਕੁੜੀਆਂ ਦੇ ਪੈਰੀਂ ਪਹਿਨੀਆਂ ਝਾਂਜਰਾਂ ਛਣ-ਛਣ ਦੀ ਆਵਾਜ਼ ਪੈਦਾ ਕਰਦੀਆਂ ਹਨ। ਕੋਈ ਸਮਾਂ ਹੁੰਦਾ ਸੀ ਜਦੋਂ ਪੈਰੀਂ ਪਾਈਆਂ ਚਾਂਦੀ ਦੀਆਂ ਝਾਂਜਰਾਂ ਦੀ ਛਣ ਛਣ ਦੇ ਨਾਲ ਕਿਸੇ ਦੇ ਘਰ ਦੀ ਰੌਣਕ ਨੂੰ ਭਾਗ ਲੱਗ ਗਏ ਸਮਝੇ ਜਾਂਦੇ ਸਨ ਤੇ ਝਾਂਜਰ ਘਰ ਵਿੱਚ ਸੈਆਂ ਬਰਕਤਾਂ ਦੇ ਨਾਲ-ਨਾਲ ਖ਼ੁਸ਼ੀਆਂ ਤੇ ਖੇੜੇ ਦਾ ਪ੍ਰਤੀਕ ਸਮਝੀ ਜਾਂਦੀ ਸੀ। ਝਾਂਜਰਾਂ ਦੀ ਆਵਾਜ਼ ਸੁਣਨ ਵਾਲੇ ਨੂੰ ਚੰਗੀ ਲੱਗਦੀ ਹੁੰਦੀ ਸੀ। ਕਿਧਰੇ ਕਿਸੇ ਨੂੰ ਝਾਂਜਰ ਪਹਿਨਣ ਲਈ ਸਿਫਾਰਸ਼ ਕੀਤੀ ਜਾਂਦੀ ਸੀ ਤੇ ਕਿਧਰੇ ਮਨਾਹੀ ਵੀ ਕੀਤੀ ਜਾਂਦੀ ਸੀ। ਅਜਿਹਾ ਕੁਝ ਪੰਜਾਬੀ ਦੇ ਲੋਕ ਗੀਤਾਂ ਵਿੱਚ ਦਰਜ ਹੋਇਆ ਮਿਲਦਾ ਹੈ :

**ਬੂਹੇ ਤੇਰੇ 'ਤੇ ਬੈਠਾ ਜੋਗੀ ਧੂਣੀ ਜਰਾ ਤਪਾਵੀਂ**
**ਹੱਥ ਜੋਗੀ ਦੇ ਕਾਸਾ ਫੜਿਆ ਖੈਰ ਜਰਾ ਕੁ ਪਾਵੀਂ**
**ਐਧਰ ਜਾਂਦੀ ਔਧਰ ਜਾਂਦੀ ਝੱਟ ਕੁ ਲੰਘਦੀ ਜਾਵੀਂ**
**ਨੀ ਵਿਚ ਦਰਵਾਜ਼ੇ ਦੇ ਝਾਂਜਰ ਨਾ ਖੜਕਾਵੀਂ...**

ਝਾਂਜਰਾਂ ਨੂੰ ਪੰਜੇਬਾਂ ਵੀ ਕਹਿ ਲਿਆ ਜਾਂਦਾ ਹੈ। ਅਜੋਕੀਆਂ ਪੜ੍ਹੀਆਂ-ਲਿਖੀਆਂ ਕੁੜੀਆਂ ਇਨ੍ਹਾਂ ਨੂੰ ਪਾਇਲ ਵੀ ਕਹਿ ਲੈਂਦੀਆਂ ਹਨ। ਪਾਰਖੂ ਲੋਕ ਸਭ ਨਾਲੋਂ ਬਿਹਤਰ ਤੇ ਫੱਬਵੀਂ ਝਾਂਜਰ ਨੂੰ ਗੁਲਸ਼ਨ ਪੱਟੀ ਕਹਿੰਦੇ ਹਨ। ਇਸ ਵਿੱਚ ਲਗਪਗ ਡੇਢ ਇੰਚ ਚੌੜੀ ਪੱਟੀ ਦੇ ਹੇਠਲੇ ਹਿੱਸੇ ਨਾਲ ਬਹੁਤ ਸੰਘਣੇ ਘੁੰਗਰੂ ਲੱਗੇ ਹੁੰਦੇ ਹਨ। ਇਨ੍ਹਾਂ ਨੂੰ ਬੋਰ ਵੀ ਕਹਿ ਲਿਆ ਜਾਂਦਾ ਹੈ। ਇਨ੍ਹਾਂ ਤੋਂ ਪੈਦਾ ਹੋਣ ਵਾਲੀ ਛਣ-ਛਣ ਦੀ ਆਵਾਜ਼ ਅਤੇ ਦਿੱਖ ਬਾਕੀ ਝਾਂਜਰਾਂ ਦੇ ਮੁਕਾਬਲੇ ਵਧੀਆ ਹੁੰਦੀ ਹੈ। ਝਾਂਜਰ ਦੇ ਉਪਰਲੇ ਹਿੱਸੇ (ਪੱਟੀ) ਵਿੱਚ ਨਕਾਸ਼ੀ ਕੀਤੀ ਗਈ ਹੁੰਦੀ ਹੈ। ਨਕਾਸ਼ੀ ਦੇ ਨਮੂਨਿਆਂ ਦੀ ਕੋਈ ਸੀਮਾ ਨਹੀਂ ਹੁੰਦੀ। ਝਾਂਜਰ ਦੇ ਸਿਰਿਆਂ 'ਤੇ ਲੰਮੀਆਂ ਚੂੜੀਆਂ (ਕਬਜ਼ੇ ਵਾਲੇ ਪੇਚ) ਕੱਸੀਆਂ ਜਾਂਦੀਆਂ ਹਨ। ਝਾਂਜਰ ਪਹਿਨ ਕੇ ਮੜ੍ਹਕ-ਮੜ੍ਹਕ ਕੇ ਚੱਲਦੀਆਂ ਮੁਟਿਆਰਾਂ ਦੀ ਚਾਲ ਵੇਖਣ ਵਾਲੀ ਤੇ ਝਾਂਜਰਾਂ ਦੀ ਛਣਕਾਰ ਸੁਣਨ ਵਾਲੀ ਹੁੰਦੀ ਸੀ। ਗੁਲਸ਼ਨ ਪੱਟੀ ਨਾਲ ਰਲਦੀਆਂ ਮਿਲਦੀਆਂ ਝਾਂਜਰਾਂ ਨੂੰ ਪਟੜੀਆਂ ਵੀ ਕਹਿ ਲਿਆ ਜਾਂਦਾ ਸੀ। ਉਹ ਬਹੁਤ ਭਾਰੀਆਂ ਹੁੰਦੀਆਂ ਸਨ।

ਗੁਲਸ਼ਨ ਪੱਟੀ ਦੇ ਨਾਲ-ਨਾਲ ਹਜ਼ਾਰ ਦਾਣਾ ਨਾਂ ਦੀ ਝਾਂਜਰ ਨੂੰ ਵੀ ਔਰਤਾਂ ਬੜੇ ਚਾਅ, ਪਿਆਰ ਤੇ ਉਤਸ਼ਾਹ ਨਾਲ ਪਹਿਨਦੀਆਂ ਰਹੀਆਂ ਹਨ। ਹਜ਼ਾਰ ਦਾਣਾ ਝਾਂਜਰ ਦੀ ਪੱਟੀ ਗੁਲਸ਼ਨ ਪੱਟੀ ਦੀ ਪੱਟੀ ਨਾਲੋਂ ਕੁਝ ਘੱਟ ਚੌੜੀ ਹੁੰਦੀ ਸੀ। ਕਹਿੰਦੇ ਹਨ ਉਸ ਨੂੰ ਇੱਕ ਹਜ਼ਾਰ ਘੁੰਗਰੂ ਲਗਾਏ ਗਏ ਹੁੰਦੇ ਸਨ। ਇਸੇ ਕਰਕੇ ਉਸ ਨੂੰ 'ਹਜ਼ਾਰ ਦਾਣਾ' ਝਾਂਜਰ ਕਿਹਾ ਜਾਂਦਾ ਸੀ। ਇਸ ਨਾਲ ਲਗਾਏ ਗਏ ਘੁੰਗਰੂਆਂ 'ਤੇ ਬੜੀ ਕਾਰੀਗਰੀ ਨਾਲ ਨਿੱਕੀਆਂ-ਨਿੱਕੀਆਂ ਗੋਲੀਆਂ ਪਾਈਆਂ ਗਈਆਂ ਹੁੰਦੀਆਂ ਸਨ, ਜਿਨ੍ਹਾਂ ਨਾਲ ਘੁੰਗਰੂਆਂ ਦੀ ਛਣਕਾਰ ਵੱਧ ਜਾਂਦੀ ਸੀ। ਇਸ ਝਾਂਜਰ ਨੂੰ ਚੂੜੀਦਾਰ ਪੇਚ ਨਾਲ ਬੀੜਿਆ ਜਾਂਦਾ ਸੀ।

ਝਾਂਜਰ ਦੀ ਤੀਜੀ ਵੰਨਗੀ ਘੱਟ ਚੌੜੀ ਸਾਧਾਰਨ ਝਾਂਜਰ ਦੀ ਹੁੰਦੀ ਹੈ, ਜਿਸ ਨੂੰ ਸ਼ਕੁੰਤਲਾ ਜਾਂ ਸ਼ਕੁੰਤਲਾ ਚੇਨ ਕਹਿ ਲਿਆ ਜਾਂਦਾ ਹੈ। ਇਸ ਨੂੰ ਘੁੰਗਰੂ ਬਹੁਤ ਘੱਟ ਲੱਗੇ ਹੁੰਦੇ ਹਨ। ਇਸ ਨੂੰ ਪਹਿਨਣ ਉਪਰੰਤ ਬੰਦ ਕਰਨ ਲਈ ਚੂੜੀਦਾਰ ਪੇਚਾਂ ਦੀ ਥਾਂ 'ਤੇ ਹੁੱਕ ਲਗਾਈ ਹੁੰਦੀ ਹੈ। ਲਗਪਗ ਪਿਛਲੀ ਅੱਧੀ ਸਦੀ ਦੇ ਸਮੇਂ ਤੋਂ ਲੈ ਕੇ ਹੁਣ ਤਕ ਵਧੇਰੇ ਕਰਕੇ ਇਸ ਤੀਜੀ ਵੰਨਗੀ ਵਿੱਚ ਰੱਖੀ ਜਾਂਦੀ ਰਹੀ ਝਾਂਜਰ (ਸ਼ਕੁੰਤਲਾ) ਨੂੰ ਪਹਿਨਣ ਦਾ ਰਿਵਾਜ ਵਧੇਰੇ ਰਿਹਾ ਹੈ। ਬਹੁਤ ਘੱਟ ਘੁੰਗਰੂਆਂ ਵਾਲੀ ਸ਼ਕੁੰਤਲਾ ਚੇਨ ਨੂੰ ਬਾਲੜੀਆਂ ਵੀ ਬੜੇ ਚਾਅ ਨਾਲ ਪਹਿਨਦੀਆਂ ਹਨ। ਹੁਣ ਕੁੜੀਆਂ ਛਣਕਾਰ ਰਹਿਤ ਤੇ ਘੱਟ ਤੋਂ ਘੱਟ ਭਾਰ ਵਾਲੀ ਸ਼ਕੁੰਤਲਾ ਚੇਨ ਪਹਿਨਣੀ ਪਸੰਦ ਕਰਦੀਆਂ ਹਨ।

ਸੁੰਦਰ ਗਹਿਣਿਆਂ ਨਾਲ ਆਪਣਾ ਸ਼ਿੰਗਾਰ ਕਰਨਾ ਔਰਤ ਦੀ ਯੁੱਗਾਂ ਪੁਰਾਣੀ ਰੀਝ ਹੈ। ਪੈਰਾਂ ਵਿੱਚ ਉਹ ਝਾਂਜਰਾਂ, ਬਾਂਕਾਂ ਤੇ ਪੰਜੇਬਾਂ ਪਹਿਨਦੀ ਆਈ ਹੈ। ਉਨ੍ਹਾਂ ਦੀਆਂ ਵੰਨਗੀਆਂ ਅਨੁਸਾਰ ਉਨ੍ਹਾਂ ਨੂੰ ਨੇਰਾਂ, ਸ਼ਕੁੰਤਲਾ, ਪਟੜੀਆਂ, ਸਿਕੰਦਰੀਆਂ ਆਦਿ ਵੀ ਕਿਹਾ ਜਾਂਦਾ ਰਿਹਾ ਹੈ। ਨੇਰਾਂ ਬਾਰੀਕ ਜੰਜੀਰ ਵਾਲੀਆਂ ਦੋ ਘੁੰਗਰੂਆਂ ਨਾਲ ਜੜੀਆਂ ਝਾਂਜਰਾਂ ਹੁੰਦੀਆਂ ਹਨ। ਦੋ ਇੰਚ ਦੇ ਕਰੀਬ ਚੌੜੀਆਂ ਜ਼ਿਆਦਾ ਘੁੰਗਰੂਆਂ ਵਾਲੀਆਂ ਝਾਂਜਰਾਂ ਨੂੰ ਪੰਜੇਬਾਂ ਜਾਂ ਪਟੜੀਆਂ ਕਿਹਾ ਜਾਂਦਾ ਹੈ। ਔਰਤਾਂ ਵਿੱਚ ਇਹ ਆਮ ਪਹਿਨਿਆਂ ਜਾਣ ਵਾਲਾ ਗਹਿਣਾ ਹੈ। ਪੁਰਸ਼ ਹਾਸੇ-ਮਜ਼ਾਕ ਵਿੱਚ ਆਪਣੀ ਪਤਨੀ ਨੂੰ ਝਾਂਜਰਾਂ ਵਾਲੀ ਕਹਿ ਦਿੰਦੇ ਸਨ। ਝਾਂਜਰਾਂ ਪਹਿਨਣ ਦਾ ਚਾਅ ਰੱਖਦੀ ਪਤਨੀ ਆਪਣੇ ਮਾਹੀ ਨੂੰ ਕਹਿੰਦੀ ਹੈ:

**ਸਾਡੀ ਇੱਕੋ ਇੱਕ ਰੀਝ ਪੁਗਾ ਦੇ ਹਾਣੀਆਂ**
**ਮੈਨੂੰ ਚਾਂਦੀ ਦੀਆਂ ਝਾਂਜਰਾਂ ਘੜਾ ਦੇ ਹਾਣੀਆਂ**
**ਜੇ ਤੂੰ ਸੁਨਿਆਰੇ ਕੋਲੋਂ ਨੱਤੀਆਂ ਘੜਾਉਣੀਆਂ**
**ਮੇਰੀ ਮੁੰਦਰੀ 'ਚ ਨਗ ਜੜਵਾ ਦੇ ਹਾਣੀਆਂ**
**ਮੈਨੂੰ ਚਾਂਦੀ ਦੀਆਂ ਝਾਂਜਰਾਂ ਘੜਾ ਦੇ ਹਾਣੀਆਂ...**

ਜਦੋਂ ਉਸ ਦਾ ਮਾਹੀ ਉਸਦੀ ਇੱਛਾ ਪੂਰੀ ਕਰ ਦਿੰਦਾ ਹੈ ਤਾਂ ਉਸ ਕੋਲੋਂ ਆਪਣੀ ਖ਼ੁਸ਼ੀ ਸੰਭਾਲੀ ਨਹੀਂ ਜਾਂਦੀ:

**ਮਾਹੀ ਮੇਰੇ ਨੇ ਝਾਂਜਰਾਂ ਭੇਜੀਆਂ, ਮੈਂ ਪਾ ਕੇ ਛਣਕਾਵਾਂ**
**ਜੇ ਕੋਠੇ 'ਤੇ ਗਿੱਧਾ ਹੋਵੇ, ਬਿਨ ਪੌੜੀ ਚੜ੍ਹ ਜਾਵਾਂ...**

ਪੰਜਾਬਣਾਂ ਦਾ ਝਾਂਜਰ ਨਾਲ ਬਹੁਤ ਗੂੜ੍ਹਾ ਸਬੰਧ ਹੈ। ਕਈ ਮੌਕਿਆਂ 'ਤੇ ਝਾਂਜਰਾਂ ਤੋਂ ਸੱਖਣੇ ਪੈਰਾਂ ਨੂੰ ਚੰਗਾ ਨਹੀਂ ਸੀ ਸਮਝਿਆ ਜਾਂਦਾ। ਪੰਜਾਬੀ ਲੋਕ ਗੀਤਾਂ ਵਿੱਚ ਝਾਂਜਰ ਦਾ ਜ਼ਿਕਰ ਕਈ ਤਰ੍ਹਾਂ ਨਾਲ ਕੀਤਾ ਗਿਆ ਹੈ:

**ਜੱਟੀ ਅੱਡੀਆਂ ਕੂਚਦੀ ਮਰ ਗੀ**
**ਬਾਂਕਾਂ ਨਾ ਜੁੜੀਆਂ।**

ਕਿਸੇ ਸਮੇਂ ਔਰਤਾਂ ਵੱਧ ਭਾਰ ਵਾਲੀਆਂ ਤੇ ਵੱਧ ਛਣਕਾਰ ਪੈਦਾ ਕਰਨ ਵਾਲੀਆਂ ਝਾਂਜਰਾਂ ਪਹਿਨਣਾ ਪਸੰਦ ਕਰਦੀਆਂ ਸਨ। ਝਾਂਜਰ ਦੀ ਛਣ-ਛਣ ਨੂੰ ਔਰਤ ਦੇ ਇੱਧਰ-ਉੱਧਰ ਜਾਣ ਦੀ ਖ਼ਬਰ ਦੇਣ ਵਾਲੇ ਸੂਹੀਏ ਦੇ ਅਰਥ ਵਜੋਂ ਵੀ ਲਿਆ ਜਾਂਦਾ ਰਿਹਾ ਹੈ। ਅਜਿਹੇ ਅਰਥ ਕੱਢਣੇ ਸਮਾਜਿਕ ਤੌਰ 'ਤੇ ਔਰਤ ਨਾਲ ਵਧੀਕੀ ਸੀ। ਝਾਂਜਰ ਪਹਿਨ ਕੇ ਔਰਤ ਕੋਲੋਂ ਆਪਣੀ ਖ਼ੁਸ਼ੀ ਨਹੀਂ ਸੰਭਾਲੀ ਜਾਂਦੀ ਸੀ :

***ਝਾਂਜਰਾਂ ਘੜਾ ਦੇ ਮਿੱਤਰਾ**
**ਤੇਰੇ ਦਰਾਂ ਮੂਹਰੇ ਆ ਕੇ ਖੜਕਾਵਾਂ...**
*** ਪਾਣੀ ਡੋਲ੍ਹ ਗਈ ਝਾਂਜਰਾਂ ਵਾਲੀ**
**ਕੈਂਠੇ ਵਾਲਾ ਤਿਲਕ ਪਿਆ**
***ਦੁੱਧ ਰਿੜਕੇ ਝਾਂਜਰਾਂ ਵਾਲੀ**
**ਕੈਂਠੇ ਵਾਲਾ ਧਾਰ ਕੱਢਦਾ**
***ਅੱਗ ਲਾ ਗਈ ਝਾਂਜਰਾਂ ਵਾਲੀ**
**ਲੈਣ ਆਈ ਪਾਣੀ ਦਾ ਛੰਨਾ**
***ਪੈਰੀਂ ਝਾਂਜਰਾਂ ਗਲੀ ਦੇ ਵਿਚ ਗਾਰਾ**
**ਘਰ ਤੇਰਾ ਦੂਰ ਮਿੱਤਰਾ...**

ਪੰਜਾਬੀ ਲੋਕ ਗੀਤਾਂ ਵਿੱਚ ਝਾਂਜਰਾਂ ਦੇ ਪ੍ਰਸੰਗ ਵਿੱਚ ਕਈ ਤਰ੍ਹਾਂ ਦੀ ਨੋਕ-ਝੋਕ ਹੋਈ ਮਿਲਦੀ ਹੈ, ਜਿਨ੍ਹਾਂ ਦਾ ਜ਼ਿਕਰ ਕਰਨਾ ਇੱਥੇ ਕਠਿਨ ਹੈ। ਝਾਂਜਰਾਂ ਦੇ ਪ੍ਰਸੰਗ ਵਿਚ ਵਿਭਿੰਨ ਮੌਕਿਆਂ 'ਤੇ ਕੋਈ ਨਾ ਕੋਈ ਸੰਵਾਦ ਰਚਾਇਆ ਜਾਂਦਾ ਰਿਹਾ ਹੈ :

*** ਸ਼ਾਮ ਘਟਾ ਚੜ੍ਹ ਆਈ ਮੁੰਡਿਆ**
**ਬੋਰ ਝਾਂਜਰਾਂ ਦੇ ਪਾਉਂਦੇ ਨੇ ਦੁਹਾਈ ਮੁੰਡਿਆ...**
***ਗੋਰਿਆਂ ਪੈਰਾਂ ਦੇ ਵਿਚ ਚਾਂਦੀ ਦੀਆਂ ਝਾਂਜਰਾਂ**
**ਨੱਚਣ ਲੱਗੀ ਨੇ ਲਈ ਪਾ**
**ਆਪੇ ਮੁਟਿਆਰੇ ਨੀ ਤੂੰ ਪਾਈ ਜਾਵੇਂ ਬੋਲੀਆਂ**
**ਐਨਾਂ ਤੈਨੂੰ ਨੱਚਣੇ ਦਾ ਚਾਅ...**

ਸਮਾਜਚਾਰੇ ਵਿੱਚ ਝਾਂਜਰ ਨੂੰ ਅਔਰਤ ਦੇ ਪੈਰੀਂ ਪਈ ਬੇੜੀ ਕਹਿ ਕੇ ਤ੍ਰਿਸਕਾਰਿਆ ਵੀ ਜਾਂਦਾ ਰਿਹਾ ਹੈ। ਦੁਹਾਈ ਪਾਉਂਦੇ ਝਾਂਜਰਾਂ ਦੇ ਬੋਲ ਕੰਨਾਂ ਨੂੰ ਚੁਭਦੇ ਹਨ।ਸਮੇਂ ਦੇ ਬਦਲਣ ਨਾਲ ਉਹ ਨਾਰੀ ਮਨ ਨੂੰ ਵੀ ਚੁਭਣ ਲੱਗ ਪਏ।ਨਾਰੀ ਸੂਝ,ਸੋਚ,ਜਾਗਰੂਕਤਾ ਤੇ ਚੇਤਨਾ ਨੇ ਕਰਵਟ ਲਈ ਤਾਂ ਨਾਰੀ ਨੇ ਝਾਂਜਰ ਪਹਿਨਣ ਉੱਪਰ ਪ੍ਰਸ਼ਨ ਉਠਾਉਣੇ ਸ਼ੁਰੂ ਕਰ ਦਿੱਤੇ ਹਨ। ਵਿਗਿਆਨਕ ਪਹੁੰਚ ਤੇ ਬੌਧਿਕਤਾ ਯੁਕਤ ਸਮੇਂ ਦੇ ਪਾਸਾਰ ਨਾਲ ਕੰਪਿਊਟਰ ਯੁੱਗ ਦੀ ਔਰਤ ਦੇ ਵਿਚਾਰਾਂ ਵਿੱਚ ਵੱਡੀ ਤਬਦੀਲੀ ਆਈ ਹੈ ਤੇ ਸਮੇਂ ਦੀ ਦ੍ਰਿਸ਼ਾਵਲੀ ਵਿੱਚ ਵੀ ਵੱਡਾ ਪਰਿਵਰਤਨ ਵਾਪਰਿਆ ਹੈ। ਔਰਤ ਨੇ ਹੌਲੀ ਹੌਲੀ ਕਲਾਈਆਂ ਵਿੱਚ ਪਹਿਨੀਆਂ ਜਾਣ ਵਾਲੀਆਂ ਚੂੜੀਆਂ ਅਤੇ ਪੈਰਾਂ ਦੀਆਂ ਝਾਂਜਰਾਂ ਨੂੰ ਗੁਲਾਮ ਸਮਾਜਿਕ ਵਿਵਸਥਾ ਦੇ ਸੰਕੇਤਾਂ ਵਜੋਂ ਸਮਝਣਾ ਸ਼ੁਰੂ ਕਰ ਦਿੱਤਾ ਤੇ ਉਹ ਅਜਿਹੇ ਗਹਿਣੇ ਪਹਿਨਣ ਤੋਂ ਮੁਨਕਰ ਹੋਣ ਲੱਗੀ ਹੈ। ਗਹਿਣੇ ਦੀ ਇਸ ਵੰਨਗੀ ਦਾ ਮਹੱਤਵ ਬੇਸ਼ੱਕ ਬਣਿਆ ਰਹਿਣਾ ਹੈ, ਪਰ ਸਮਕਾਲ ਦੇ ਪ੍ਰਸੰਗ ਵਿੱਚ ਇਹ ਔਰਤ ਵੱਲੋਂ ਲਿਆ ਗਿਆ ਕ੍ਰਾਂਤੀਕਾਰੀ ਫੈਸਲਾ ਸਮਝਿਆ ਜਾਣਾ ਚਾਹੀਦਾ ਹੈ। ਔਰਤ ਜੇ ਗੁਲਾਮੀ ਦੇ ਪ੍ਰਤੀਕ ਸਮਝੇ ਜਾਣ ਵਾਲੇ ਇਸ ਗਹਿਣੇ ਨੂੰ ਪਹਿਨਣ ਤੋਂ ਮੁਨਕਰ ਹੋ ਰਹੀ ਹੈ ਤਾਂ ਇਸ ਨੂੰ ਸ਼ੁਭ ਸੰਕੇਤ ਸਮਝਿਆ ਜਾਣਾ ਚਾਹੀਦਾ ਹੈ। ਕੁਝ ਵੀ ਹੋਵੇ ਝਾਂਜਰ ਦੇ ਗਹਿਣੇ ਦਾ ਸਫ਼ਰ ਤੇ ਮਹੱਤਵ ਆਪਣੇ ਨਾਲ ਆਪਣੀ ਸ਼ਾਨ ਦੀ ਲੰਮੀ ਗਾਥਾ ਵੀ ਲਈ ਬੈਠਾ ਹੈ।

185- ਵਸੰਤ ਵਿਹਾਰ, ਡੀ.ਸੀ.ਰੈਜ਼ੀਡੈਂਸ ਰੋਡ,
ਹੁਸ਼ਿਆਰਪੁਰ, ਪੰਜਾਬ
ਮੋਬ. 91-98885-10185

# ਮੋਦੀ ਹੁਣ ਕਿਸਾਨਾਂ ਦੀਆਂ ਮਹਾਪੰਚਾਇਤਾਂ ਤੇ ਖਾਪ ਪੰਚਾਇਤਾਂ ਤੇਰੇ ਪਤਨ ਦੀਆਂ ਦਿਸ ਰਹੀਆਂ ਨੇ ਨਿਸ਼ਾਨੀਆਂ....

ਸੂਬੇਦਾਰ ਜਸਵਿੰਦਰ ਸਿੰਘ ਭੁਲੇਰੀਆ
ਮਮਦੋਟ ਫਿਰੋਜ਼ਪੁਰ

ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਆਪਣੀ ਜੁਬਾਨ ਦਾ ਬਿਲਕੁਲ ਪੱਕਾ ਨਹੀਂ ਹੈ .ਜਿਹੜਾ ਕਦੇ ਕੁਝ ਬੋਲਦਾ ਹੈ ਤੇ ਕਦੇ ਕੁਝ .ਪਹਿਲਾਂ ਕਹਿੰਦਾ ਸੀ ਕਿ ਕੋਈ ਭਾਰਤ ਦੀ ਸਰਹੱਦ ਅੰਦਰ ਦਾਖਲ ਹੋਇਆ ਹੀ ਨਹੀਂ ਤੇ ਹੁਣ ਕਿਹਾ ਜਾ ਰਿਹਾ ਹੈ ਕਿ ਉਹ ਵਾਪਸ ਚਲੇ ਗਏ। ਜਿਸ ਕਰਕੇ ਹੁਣ ਮੋਦੀ ਵੱਲੋਂ ਖੇਤੀ ਸੁਧਾਰਾਂ ਦੇ ਨਾਮ 'ਤੇ ਲਿਆਂਦੇ ਗਏ ਖੇਤੀ ਵਿਰੋਧੀ ਕਾਨੂੰਨਾਂ ਨੂੰ ਜਬਰੀ ਥੋਪੇ ਜਾਣ ਵਿਰੁੱਧ ਸ਼ੁਰੂ ਹੋਏ ਸੰਘਰਸ਼ ਨੂੰ ਹੋਰ ਤੇਜ਼ ਕਰਨ ਲਈ ਕਿਸਾਨ ਜਥੇਬੰਦੀਆਂ ਵੱਲੋਂ ਦੇਸ਼ ਭਰ 'ਚ ਕਿਸਾਨ ਮਹਾਪੰਚਾਇਤਾਂ ਕੀਤੀਆਂ ਜਾ ਰਹੀਆਂ ਹਨ।ਇਨ੍ਹਾਂ ਕਿਸਾਨ ਮਹਾਪੰਚਾਇਤਾਂ ਦੀ ਸ਼ੁਰੂਆਤ ਹਰਿਆਣਾ ਤੋਂ ਕੀਤੀ ਗਈ ਹੈ। ਸੂਬੇ ਵਿਚ ਹੋਈਆਂ ਕਿਸਾਨ ਮਹਾਪੰਚਾਇਤਾਂ ਤੋਂ ਬਾਅਦ ਖਾਪ ਪੰਚਾਇਤਾਂ ਦੀ ਅਗਵਾਈ ਹੇਠ ਦਿੱਲੀ ਜਾਣ ਵਾਲੇ ਹਰਿਆਣਵੀ ਕਿਸਾਨਾਂ ਦੀ ਗਿਣਤੀ ਪਹਿਲਾਂ ਨਾਲੋਂ ਵਧ ਗਈ ਹੈ। ਦੂਜੇ ਪਾਸੇ ਸੂਬੇ ਦੇ ਸਾਰੇ ਟੌਲ ਪਲਾਜ਼ੇ, ਕੌਮੀ ਸ਼ਾਹਰਾਹ ਅਤੇ ਕਾਰਪੋਰੇਟ ਘਰਾਣਿਆਂ ਦੇ ਦਫਤਰਾਂ ਦੇ ਬਾਹਰ ਦਿੱਤੇ ਜਾਣ ਵਾਲੇ ਧਰਨੇ-ਪ੍ਰਦਰਸ਼ਨਾਂ ਵਿਚ ਵੀ ਵੱਡੀ ਗਿਣਤੀ ਵਿੱਚ ਲੋਕ ਹਿੱਸਾ ਲੈ ਰਹੇ ਹਨ।ਹਰਿਆਣਾ ਵਿਚ ਚੱਲ ਰਹੇ ਕਿਸਾਨੀ ਸੰਘਰਸ਼ ਦੀ ਵਾਗਡੋਰ ਖਾਪ ਪੰਚਾਇਤਾਂ ਨੇ ਸੰਭਾਲ ਲਈ ਹੈ। ਖਾਪ ਪੰਚਾਇਤਾਂ ਵੱਲੋਂ ਕਿਸਾਨਾਂ ਦੀ ਹਮਾਇਤ ਵਿਚ ਸੂਬੇ 'ਚ ਵੱਡੇ-ਵੱਡੇ ਇਕੱਠ ਕੀਤੇ ਜਾ ਰਹੇ ਹਨ। ਇਸ ਦੇ ਨਾਲ ਹੀ ਸੰਯੁਕਤ ਕਿਸਾਨ ਮੋਰਚੇ ਦੇ ਸੱਦੇ 'ਤੇ ਭਵਿੱਖ ਦੇ ਸਮਾਗਮਾਂ ਲਈ ਲਾਮਬੰਦੀ ਕੀਤੀ ਜਾ ਰਹੀ ਹੈ। ਕਿਸਾਨੀ ਸੰਘਰਸ਼ ਦੀ ਹਮਾਇਤ ਵਿਚ ਸਰਵ ਜਾਤ ਕੰਡੇਲਾ ਖਾਪ ਦੇ ਪ੍ਰਧਾਨ ਟੇਕਰਾਮ ਕੰਡੇਲਾ ਦੀ ਅਗਵਾਈ ਵਿਚ ਹਰਿਆਣਵੀਆਂ ਦਾ ਵੱਡਾ ਕਾਫਲਾ ਟਿੱਕਰੀ ਬਾਰਡਰ 'ਤੇ ਪਹੁੰਚ ਗਿਆ ਹੈ। ਟੇਕਰਾਮ ਕੰਡੇਲਾ ਨੇ ਕਿਹਾ ਕਿ ਤਿੰਨੋਂ ਖੇਤੀ ਕਾਨੂੰਨਾਂ ਖਿਲਾਫ ਸ਼ੁਰੂ ਹੋਇਆ ਸੰਘਰਸ਼ ਜਨ ਅੰਦੋਲਨ ਬਣ ਚੁੱਕਿਆ ਹੈ ਜਿਸ ਵਿਚ ਹਰ ਤਬਕੇ ਦੇ ਲੋਕ ਸ਼ਮੂਲੀਅਤ ਕਰ ਰਹੇ ਹਨ। ਕਿਸਾਨਾਂ ਦੇ ਐਨੇ ਵੱਡੇ ਇਕੱਠ ਦੇ ਬਾਵਜੂਦ ਕੇਂਦਰ ਸਰਕਾਰ ਆਪਣਾ ਅੜੀਅਲ ਵਤੀਰਾ ਛੱਡਣ ਲਈ ਤਿਆਰ ਨਹੀਂ ਹੈ .ਪਰ ਦੇਸ਼ ਦਾ ਅੰਨਦਾਤਾ ਪਿੱਛੇ ਹਟਣ ਵਾਲਾ ਨਹੀਂ ਹੈ। ਜਦੋਂ ਤੱਕ ਤਿੰਨੋਂ ਖੇਤੀ ਕਾਨੂੰਨ ਰੱਦ ਨਹੀਂ ਹੋਣਗੇ ਅਤੇ ਐਮ.ਐਸ.ਪੀ. 'ਤੇ ਫਸਲਾਂ ਦੀ ਖਰੀਦ ਵਾਲਾ ਕਾਨੂੰਨ ਨਹੀਂ ਲਿਆਂਦਾ ਜਾਵੇਗਾ, ਉਦੋਂ ਤੱਕ ਇਹ ਸੰਘਰਸ਼ ਜਾਰੀ ਰਹੇਗਾ।ਸਾਂਗਵਾਨ ਖਾਪ ਦੇ ਪ੍ਰਧਾਨ ਅਤੇ ਵਿਧਾਨ ਸਭਾ ਹਲਕਾ ਚਰਖੀ ਦਾਦਰੀ ਤੋਂ ਆਜ਼ਾਦ ਵਿਧਾਇਕ ਸੋਮਵੀਰ ਸਾਂਗਵਾਨ ਵੀ ਹਰਿਆਣਾ ਵਿਚ ਵੱਖ-ਵੱਖ ਥਾਵਾਂ 'ਤੇ ਚੱਲ ਰਹੇ ਕਿਸਾਨ ਸੰਘਰਸ਼ ਵਿਚ ਪਹੁੰਚ ਕੇ ਸੰਬੋਧਨ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਪੰਜਾਬ ਦੀ ਅਗਵਾਈ ਹੇਠ ਸ਼ੁਰੂ ਹੋਏ ਸੰਘਰਸ਼ ਵਿਚ ਹਰਿਆਣਵੀ ਵੱਡੀ ਗਿਣਤੀ ਵਿਚ ਸ਼ਾਮਲ ਹੋ ਰਹੇ ਹਨ ਜੋ ਪਿੱਛੇ ਹਟਣ ਵਾਲੇ ਨਹੀਂ ਹਨ। ਭਾਰਤੀ ਕਿਸਾਨ ਯੂਨੀਅਨ ਦੇ ਯੂਥ ਵਿੰਗ ਦੇ ਆਗੂ ਰਵੀ ਆਜ਼ਾਨ ਨੇ ਕਿਹਾ ਕਿ ਅੱਜ ਦੇਸ਼ ਦਾ ਕਿਸਾਨ ਕੇਂਦਰ ਦੇ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਕਰ ਰਿਹਾ ਹੈ ਪਰ ਕੇਂਦਰ ਸਰਕਾਰ ਸੱਤਾ ਦੇ ਲਾਲਚ ਵਿਚ ਕਿਸਾਨਾਂ ਨੂੰ ਨਜ਼ਰਅੰਦਾਜ਼ ਕਰਦੇ ਹੋਏ ਖੇਤੀ ਕਾਨੂੰਨਾਂ ਨੂੰ ਕਿਸਾਨਾਂ ਲਈ ਲਾਹੇਵੰਦ ਦੱਸ ਰਹੀ ਹੈ।ਖੇਤੀ ਕਾਨੂੰਨ ਰੱਦ ਕਰਨੇ ਹੀ ਪੈਣਗੇ ਟਿਕਰੀ ਬਾਡਰ 'ਤੇ ਸੁਪਰੀਮ ਕੋਰਟ ਦੇ ਉਘੇ ਵਕੀਲ ਪ੍ਰਸ਼ਾਂਤ ਭੂਸ਼ਣ ਨੇ ਸੰਬੋਧਨ ਕਰਦਿਆਂ ਕਿਹਾ ਕਿ ਮੋਦੀ ਹਕੂਮਤ ਵੱਲੋਂ ਖੇਤੀ ਕਾਨੂੰਨਾਂ ਨੂੰ ਡੇਢ ਸਾਲ ਲਈ ਮੁਅੱਤਲ ਕਰ ਦੇਣ ਦੀ ਤਜਵੀਜ਼ ਭੇਜਣਾ ਕਿਸਾਨ ਸੰਘਰਸ਼ ਦੀ ਵੱਡੀ ਪ੍ਰਾਪਤੀ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਕਾਨੂੰਨਾਂ ਵਿਰੁੱਧ ਪਹਿਲਾਂ ਤਾਂ ਮੋਦੀ ਸਰਕਾਰ ਗੱਲ ਸੁਣਨ ਨੂੰ ਵੀ ਤਿਆਰ ਨਹੀਂ ਸੀ ਪਰ ਕਿਸਾਨ ਸੰਘਰਸ਼ ਦੇ ਦਬਾਅ ਹੇਠ ਪਹਿਲਾਂ ਕਾਨੂੰਨਾਂ ਵਿਚ ਸੋਧਾਂ ਕਰਨ ਦੀ ਗੱਲ ਕਹੀ ਗਈ ਹੁਣ ਡੇਢ ਸਾਲ ਤੱਕ ਕਾਨੂੰਨ ਮੁਲਤਵੀ ਕਰਨ ਦੀ ਤਜਵੀਜ਼ ਕਿਸਾਨ ਸੰਘਰਸ਼ ਦੀ ਇਕ ਹੋਰ ਪ੍ਰਾਪਤੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਇਹ ਕਾਨੂੰਨ ਹਰ ਹਾਲਤ ਰੱਦ ਕਰਨੇ ਹੀ ਪੈਣਗੇ। ਬੀ.ਕੇ.ਯੂ. (ਟਿਕੈਤ) ਦੇ ਮੁੱਖ ਬੁਲਾਰੇ ਰਾਕੇਸ਼ ਟਿਕੈਤ ਨੇ ਕਿਹਾ ਕਿ ਖੇਤੀ ਕਾਨੂੰਨਾਂ ਖਿਲਾਫ ਡਟੇ ਕਿਸਾਨਾਂ ਦਾ ਕੇਂਦਰ ਸਰਕਾਰ ਨੂੰ ਬਦਲਣ ਦਾ ਕੋਈ ਇਰਾਦਾ ਨਹੀਂ ਹੈ ਬਲਕਿ ਉਹ ਤਾਂ ਆਪਣੀਆਂ ਮੁਸ਼ਕਲਾਂ ਦਾ ਹੱਲ ਚਾਹੁੰਦੇ ਹਨ। ਗਣਤੰਤਰ ਦਿਵਸ ਮੌਕੇ ਕਿਸਾਨ ਟਰੈਕਟਰ ਮਾਰਚ ਦੌਰਾਨ ਹੋਈ ਹਿੰਸਾ ਮਗਰੋਂ ਪਹਿਲੀ ਵਾਰ ਸਿੰਘੂ ਬਾਰਡਰ 'ਤੇ ਪੁੱਜੇ ਟਿਕੈਤ ਨੇ ਕਿਹਾ ਕਿ ਆਉਂਦੇ ਦਿਨਾਂ ਵਿਚ ਕਿਸਾਨ ਆਗੂ ਦੇਸ਼ ਦੇ ਵੱਖ ਵੱਖ ਹਿੱਸਿਆਂ ਦਾ ਦੌਰਾ ਕਰਕੇ ਆਪਣੀ ਇਸ ਮੁਹਿੰਮ ਦਾ ਪ੍ਰਚਾਰ ਪਾਸਾਰ ਕਰਨਗੇ। ਇਥੇ ਪ੍ਰਦਰਸ਼ਨਕਾਰੀ ਕਿਸਾਨਾਂ ਨੂੰ ਸੰਬੋਧਨ ਕਰਦਿਆਂ



ਟਿਕੈਤ ਨੇ ਕਿਹਾ ਕਿ ਖੇਤੀ ਕਾਨੂੰਨਾਂ ਖਿਲਾਫ ਸੰਘਰਸ਼ ਉਦੋਂ ਤੱਕ ਜਾਰੀ ਰਹੇਗਾ, ਜਦੋਂ ਤੱਕ ਸਰਕਾਰ ਕਿਸਾਨਾਂ ਦੀਆਂ ਮੰਗਾਂ ਦਾ ਨਿਬੇੜਾ ਨਹੀਂ ਕਰਦੀ। ਸੁਬਰਾਮਣੀਅਨ ਸਵਾਮੀ ਨੇ ਕਿਸਾਨ ਅੰਦੋਲਨ 'ਤੇ ਕੇਂਦਰ ਸਰਕਾਰ ਵੱਲੋਂ ਅਪਣਾਏ ਗਏ ਵਤੀਰੇ ਦੀ ਤਿੱਖੀ ਆਲੋਚਨਾ ਕੀਤੀ ਹੈ। ਉਨ੍ਹਾਂ ਟਵਿੱਟਰ 'ਤੇ ਕਿਹਾ ਕਿ ਕਿਸਾਨ ਅੰਦੋਲਨ ਛੇਤੀ ਹੀ ਕੌਮਾਂਤਰੀ ਮੁੱਦਾ ਬਣ ਸਕਦਾ ਹੈ ਕਿਉਂਕਿ ਮਨੁੱਖੀ ਅਧਿਕਾਰ ਜਥੇਬੰਦੀਆਂ ਸੰਯੁਕਤ ਰਾਸ਼ਟਰ ਦੀ ਕੌਮਾਂਤਰੀ ਕਿਰਤ ਜਥੇਬੰਦੀ ਕੋਲ ਪਹੁੰਚ ਕਰਨ ਦੀ ਯੋਜਨਾ ਬਣਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਭਾਰਤ ਵੀ ਇਸ ਜਥੇਬੰਦੀ ਦਾ ਮੈਂਬਰ ਹੈ ਅਤੇ ਕੌਮਾਂਤਰੀ ਕਿਰਤ ਜਥੇਬੰਦੀ ਇਸ ਮੁੱਦੇ 'ਤੇ ਭਾਰਤ ਨੂੰ ਪੱਖ ਰੱਖਣ ਲਈ ਸੱਦ ਸਕਦੀ ਹੈ। ਸਵਾਮੀ ਮੁਤਾਬਕ ਕਿਰਤ ਮਾਪਦੰਡਾਂ ਬਾਰੇ ਕਮੇਟੀ ਦੇ ਚੇਅਰਮੈਨ ਰਹਿੰਦਿਆਂ ਉਨ੍ਹਾਂ ਸਰਕਾਰ ਲਈ 1996 'ਚ ਰਿਪੋਰਟ ਤਿਆਰ ਕੀਤੀ ਸੀ।ਮੋਦੀ ਦਾ ਅੜੀਅਲ ਵਤੀਰਾ ਭਾਰਤ ਨੂੰ ਕਈ ਸਦੀਆਂ ਪਿੱਛੇ ਵਲ ਲੈ ਕੇ ਜਾ ਸਕਦਾ ਹੈ .ਤਰੱਕੀ ਦੇ ਪਹੀਏ ਤੇ ਪੂਰੀ ਤਰਾਂ ਰੋਕ ਲਗ ਚੁਕੀ ਹੈ .ਮੋਦੀ ਸਰਕਾਰ ਵਿੱਚ ਬੈਠੇ ਮੰਤਰੀਆਂ ਨੂੰ ਕਬੂਤਰ ਵਾਂਗੂ ਅੱਖਾਂ ਮੀਟ ਕੇ ਨਹੀਂ ਬੈਠਣਾ ਚਾਹੀਦਾ .ਕੁਝ ਅੱਖਾਂ ਖੋਲ ਕੇ ਵੀ ਵੇਖੋ ਕਿ ਜਿਹਨਾਂ ਨੇ ਤੁਹਾਨੂੰ ਚੁਣ ਕੇ ਕੇਂਦਰ ਵਿੱਚ ਭੇਜਿਆ ਹੈ ਅੱਜ ਉਹਨਾਂ ਦੀ ਕੀ ਹਾਲਤ ਹੋ ਰਹੀ ਹੈ .ਇਹ ਸੋਚ ਲਓ ਹੁਣ ਲੋਕ ਜਾਗ ਚੁਕੇ ਹਨ ਉਹਨਾਂ ਤੁਹਾਨੂੰ ਕਦੇ ਵੀ ਮੂੰਹ ਨਹੀਂ ਲਾਉਣਾ .ਜਿਵੇ ਅੱਜ ਤੁਸੀਂ ਕਿਸਾਨਾਂ ਨੂੰ ਨਜ਼ਰ ਅੰਦਾਜ਼ ਕਰ ਰਹੇ ਹੋ ਇਸੇ ਤਰਾਂ ਲੋਕਾਂ ਨੇ ਤੁਹਾਨੂੰ ਨਜ਼ਰ ਅੰਦਾਜ਼ ਕਰਨਾ ਹੈ ਯਾਦ ਰਖਿਓ ਸਮਾਂ ਆਉਣ ਦਿਓ।

# ਲੜਕੀਆਂ ਨੂੰ ਆਤਮ-ਨਿਰਭਰ ਬਣਾਉਣਾ ਲਈ ਸੈਵ ਰੁਜ਼ਗਾਰ ਦੇ ਮੌਕੇ



ਵਿਜੈ ਗਰਗ (ਮਲੋਟ)

ਬਹੁਤ ਦੇਖਣ 'ਚ ਆਉਂਦਾ ਹੈ ਕਿ ਜਦੋਂ ਲੜਕੀਆਂ ਦੀ ਸਿੱਖਿਆ ਦੀ ਗੱਲ ਤੁਰਦੀ ਹੈ ਤਾਂ ਬਹੁਤ ਸਾਰੀਆਂ ਕੁੜੀਆਂ ਨੂੰ ਮਾਪੇ ਬਾਰ੍ਹਵੀ ਜਮਾਤ ਪਾਸ ਕਰਨ ਮਗਰੋਂ ਅੱਗਿਓਂ ਪੜ੍ਹਾਈ ਕਰਨ ਤੋਂ ਵਾਂਝੇ ਰੱਖ ਲੈਂਦੇ ਹਨ। ਜੇ ਕਿਤੇ ਮਾਪਿਆਂ 'ਤੇ ਅਧਿਆਪਕਾਂ ਦੀ ਗੱਲ ਦਾ ਅਸਰ ਹੋ ਜਾਵੇ ਤਾਂ ਉਹ ਪੜ੍ਹਨ ਲਾ ਵੀ ਦਿੰਦੇ ਹਨ। ਅਜੋਕਾ ਸਮਾਜ ਇੰਨਾ ਪੜ੍ਹ-ਲਿਖ ਤਾਂ ਜ਼ਰੂਰ ਗਿਆ ਹੈ ਪਰ ਕੁੜੀਆਂ ਬਾਰੇ ਉਨ੍ਹਾਂ ਦੀ ਸੋਚ ਅੱਜ ਵੀ ਜਿਉਂ ਦੀ ਤਿਉਂ ਹੀ ਹੈ। ਲੜਕੀਆਂ ਦੀ ਪੜ੍ਹਾਈ ਨੂੰ ਇਹ ਸੋਚ ਕੇ ਤਰਜੀਹ ਨਹੀਂ ਦਿੱਤੀ ਜਾਦੀਂ ਕਿ ਉਸ ਨੇ ਤਾਂ ਅਗਲੇ ਘਰ ਹੀ ਜਾਣਾ ਹੈ, ਬਸ ਬਹੁਤ ਪੜ੍ਹ ਲਿਆ। ਕੀ ਇਹ ਸਹੀ ਹੈ ? ਸਹੀ ਹੋਵੇ ਜਾਂ ਗ਼ਲਤ ਪਰ ਇਹ ਹੈ ਸਾਡੇ ਪਿੰਡਾਂ ਦਾ ਸੱਚ। ਸਮੇਂ ਦੀ ਨਜ਼ਾਕਤ ਨੂੰ ਸਮਝਦਿਆਂ ਸਾਨੂੰ ਲੜਕੀਆਂ ਨੂੰ ਆਤਮ-ਨਿਰਭਰ ਬਣਾਉਣਾ ਚਾਹੀਦਾ ਹੈ। ਉਨ੍ਹਾਂ ਦੀ ਸਿੱਖਿਆ 'ਤੇ ਉਚੇਚਾ ਧਿਆਨ ਦੇਣਾ ਚਾਹੀਦਾ ਹੈ ਤਾਂ ਜੋ ਉਹ ਆਪਣੇ ਪੈਰਾਂ 'ਤੇ ਖ਼ੁਦ ਖੜ੍ਹੀਆਂ ਹੋ ਸਕਣ। ਆਓ ਗੱਲ ਕਰਦੇ ਹਾਂ ਉਨ੍ਹਾਂ ਕੋਰਸਾਂ ਬਾਰੇ, ਜਿਨ੍ਹਾਂ ਨੂੰ ਕਰਨ ਉਪਰੰਤ ਕੁੜੀਆਂ ਲਈ ਕਈ ਖੇਤਰਾਂ 'ਚ ਨੌਕਰੀ ਦੇ ਮੌਕੇ ਮੁਹੱਈਆ ਹਨ।

### ਡਰੈੱਸ ਮੇਕਿੰਗ

ਜਿਹੜੀਆਂ ਲੜਕੀਆਂ ਦਸਵੀਂ ਜਮਾਤ 50 ਫ਼ੀਸਦੀ ਅੰਕਾਂ ਨਾਲ ਪਾਸ ਕਰਦੀਆਂ ਹਨ ਤਾਂ ਉਹ ਡਰੈੱਸ ਮੇਕਿੰਗ ਕੋਰਸ ਕਰਨ ਦੇ ਯੋਗ ਹੁੰਦੀਆਂ ਹਨ। ਇਹ ਇਕ ਸਾਲਾ ਵੋਕੇਸ਼ਨਲ ਟ੍ਰੇਨਿੰਗ ਕੋਰਸ ਹੈ। ਇਸ ਨੂੰ ਕਰਨ ਉਪਰੰਤ ਤੁਸੀਂ ਆਪਣੀ ਬੁਟੀਕ ਸ਼ੁਰੂ ਕਰ ਸਕਦੇ ਹੋ। ਡਿਜ਼ਾਈਨਰ ਵਜੋਂ ਵੀ ਕਿਸੇ ਬੁਟੀਕ 'ਤੇ ਕੰਮ ਕਰ ਸਕਦੇ ਹੋ। ਜੇ ਇਸ ਖੇਤਰ 'ਚ ਤੁਹਾਡੀ ਦਿਲਚਸਪੀ ਹੈ ਤਾਂ ਤੁਸੀਂ ਆਪਣਾ ਭਵਿੱਖ ਬਣਾ ਕੇ ਵਧੀਆ ਆਮਦਨ ਕਮਾ ਸਕਦੇ ਹੋ।



### ਸੈਕਟੇਰੀਅਲ ਪ੍ਰੈਕਟਿਸ

ਇਹ ਇਕ ਸਾਲਾ ਵੋਕੇਸ਼ਨਲ ਟ੍ਰੇਨਿੰਗ ਕੋਰਸ ਹੈ। ਇਸ ਕੋਰਸ ਨੂੰ ਕਰਨ ਮਗਰੋਂ ਵਿਦਿਆਰਥਣਾਂ ਲਈ ਨੌਕਰੀ ਦੇ ਕਈ ਬਦਲ ਹਨ

### ਹੇਅਰ ਤੇ ਸਕਿਨ ਕੇਅਰ

ਇਹ ਵੀ ਇਕ ਸਾਲ ਦਾ ਵੋਕੇਸ਼ਨਲ ਟ੍ਰੇਨਿੰਗ ਕੋਰਸ ਹੈ। 10ਵੀਂ ਪਾਸ ਉਹ ਲੜਕੀਆਂ, ਜਿਨ੍ਹਾਂ ਨੇ 50 ਫ਼ੀਸਦੀ ਅੰਕ ਹਾਸਿਲ ਕੀਤੇ ਹੋਣ, ਇਹ ਕੋਰਸ ਕਰਨ ਦੇ ਯੋਗ ਹੁੰਦੀਆਂ ਹਨ। ਇਹ ਕੋਰਸ ਸਰਕਾਰੀ ਆਈਟੀਆਈ ਸੰਸਥਾਵਾਂ ਤੋਂ ਕੀਤਾ ਜਾਂਦਾ ਹੈ। ਇਸ ਕੋਰਸ ਨੂੰ ਕਰਨ ਮਗਰੋਂ ਹੇਅਰ ਸਟਾਈਲਿਸਟ, ਨੇਲ ਕੇਅਰ ਆਰਟਿਸਟ, ਸੈਲੂਨ ਸੇਲਜ਼ ਕੰਸਲਟੈਂਟ, ਮੇਕਅਪ ਆਰਟਿਸਟ, ਬਿਊਟੀ ਮੈਗਜ਼ੀਨ ਆਰਟਿਸਟ ਵਜੋਂ ਆਪਣਾ ਭਵਿੱਖ ਬਣਾਇਆ ਜਾ ਸਕਦਾ ਹੈ।

### ਸਟੈਨੋਗ੍ਰਾਫੀ

ਲੜਕੀਆਂ ਲਈ ਇਹ ਕੋਰਸ ਵਧੀਆ ਰੁਜ਼ਗਾਰ ਪ੍ਰਾਪਤ ਕਰਨ ਲਈ ਸਹਾਈ ਹੁੰਦਾ ਹੈ। ਇਸ ਕੋਰਸ ਨੂੰ ਕਰਨ ਤੋਂ ਬਾਅਦ ਵਿਦਿਆਰਥੀ ਵੱਖ-ਵੱਖ ਨੌਕਰੀਆਂ ਦੇ ਕਾਬਿਲ ਹੋ ਜਾਂਦਾ ਹੈ

### ਕਮਰਸ਼ੀਅਲ ਆਰਟ

ਇਹ ਵੋਕੇਸ਼ਨਲ ਟ੍ਰੇਨਿੰਗ ਕੋਰਸ ਉਹ ਲੜਕੀਆਂ ਕਰ ਸਕਦੀਆਂ ਹਨ, ਜਿਨ੍ਹਾਂ ਨੇ ਦਸਵੀਂ ਜਮਾਤ 50 ਫ਼ੀਸਦੀ ਅੰਕਾਂ ਨਾਲ ਪਾਸ ਕੀਤੀ ਹੋਵੇ। ਇਸ ਕੋਰਸ ਨੂੰ ਕਰਨ ਉਪਰੰਤ ਲੜਕੀਆਂ ਲਈ ਡਿਜ਼ਾਈਨਰ ਫਾਰ ਐਡਵਰਟਾਈਜ਼ਮੈਂਟ, ਮੈਗਜ਼ੀਨਰ, ਐਪ ਡਿਜ਼ਾਈਨਰ, ਵੈੱਬਸਾਈਟ ਡਿਜ਼ਾਈਨਰ ਵਜੋਂ ਨੌਕਰੀ ਦੇ ਮੌਕੇ ਮੁਹੱਈਆ ਹਨ।

### ਕਟਾਈ ਤੇ ਸਿਲਾਈ

ਇਹ ਕੋਰਸ ਪੰਜਾਬ 'ਚ ਆਈਟੀਆਈ ਕਾਲਜਾਂ 'ਚ ਕੀਤਾ ਜਾਂਦਾ ਹੈ। ਇਸ ਨੂੰ ਕਰਨ ਉਪਰੰਤ ਲੜਕੀਆਂ ਆਪਣਾ ਖ਼ੁਦ ਦਾ ਕੋਈ ਰੁਜ਼ਗਾਰ ਖੋਲ੍ਹ ਸਕਦੀਆਂ ਹਨ ਜਾਂ ਕਿਸੇ ਬੁਟੀਕ 'ਤੇ ਨੌਕਰੀ ਕਰ ਸਕਦੀਆਂ ਹਨ।

### ਐਬਰੋਇਡਰੀ ਤੇ ਨੀਡਲ ਵਰਕਰ

ਇਸ ਕੋਰਸ ਨੂੰ ਕਰਨ ਉਪਰੰਤ ਲੜਕੀਆਂ ਆਪਣਾ ਭਵਿੱਖ ਸੰਵਾਰ ਸਕਦੀਆਂ ਹਨ ਤੇ ਉਨ੍ਹਾਂ ਲਈ ਇਸ ਖੇਤਰ 'ਚ ਕੰਪਿਊਟਰ ਐਬਰੋਇਡਰੀ, ਡਿਜ਼ਾਈਨਰ, ਕਟਿੰਗ ਮਾਸਟਰ, ਅਧਿਆਪਕ, ਗ੍ਰਾਫਿਕ ਡਿਜ਼ਾਈਨਰ ਵਜੋਂ ਨੌਕਰੀ ਦੇ ਮੌਕੇ ਹੰਦੇ ਹਨ।

### ਫਿਜ਼ੀਓਥੈਰੇਪੀ ਤਕਨੀਸ਼ੀਅਨ

ਇਹ ਵੀ ਇਕ ਸਾਲਾ ਵੋਕੇਸ਼ਨਲ ਟ੍ਰੇਨਿੰਗ ਕੋਰਸ ਹੈ। ਇਹ ਲੜਕੀਆਂ ਲਈ ਅਜਿਹਾ ਖੇਤਰ ਹੈ, ਜਿਸ 'ਚ ਉਨ੍ਹਾਂ ਲਈ ਨੌਕਰੀ ਦੇ ਕਈ ਰਸਤੇ ਖੁੱਲ੍ਹਦੇ ਹਨ, ਜਿਵੇਂ ਫਿਜ਼ੀਓਥੈਰੇਪੀ ਕਲੀਨਕ 'ਚ ਨੌਕਰੀ, ਹਸਪਤਾਲਾਂ 'ਚ ਨੌਕਰੀ, ਹੋਮੀਓਪੈਥੀ ਤੇ ਨੈਚੁਰੋਪੈਥੀ ਸੈਂਟਰ 'ਚ ਨੌਕਰੀ ਆਦਿ।

### ਬੇਸਿਕ ਕਾਸਮੈਟਾਲੋਜੀ

ਦਸਵੀਂ ਜਮਾਤ 50 ਫ਼ੀਸਦੀ ਅੰਕਾਂ ਨਾਲ ਪਾਸ ਵਿਦਿਆਰਥਣਾਂ ਇਸ ਇਕ ਸਾਲਾ ਵੋਕੇਸ਼ਨਲ ਟ੍ਰੇਨਿੰਗ ਕੋਰਸ ਨੂੰ ਕਰਨ ਦੇ ਯੋਗ ਹੁੰਦੀਆਂ ਹਨ। ਇਹ ਬਿਊਟੀ ਨਾਲ ਸਬੰਧਤ ਕੋਰਸ ਹੈ। ਇਸ ਕੋਰਸ ਨੂੰ ਕਰਨ ਤੋਂ ਬਾਅਦ ਉਨ੍ਹਾਂ ਲਈ ਹੇਅਰ ਸਟਾਈਲਿਸਟ, ਨੇਲ ਕੇਅਰ ਆਰਟਿਸਟ, ਸੇਲ ਕੰਸਲਟੈਂਟ, ਮੇਕਅਪ ਆਰਟਿਸਟ, ਬਿਊਟੀ ਮੈਗਜ਼ੀਨ ਆਰਟਿਸਟ ਵਜੋਂ ਨੌਕਰੀ ਕਰ ਸਕਦੇ ਹੋ।

### ਤਨਖ਼ਾਹ

ਇਹ ਉਪਰੋਕਤ ਸਾਰੇ ਕੋਰਸ ਇਕ ਸਾਲਾ ਵੋਕੇਸ਼ਨਲ ਟ੍ਰੇਨਿੰਗ ਕੋਰਸ ਹਨ, ਜਿਨ੍ਹਾਂ ਨੂੰ ਦਸਵੀਂ ਪਾਸ ਵਿਦਿਆਰਥਣਾਂ ਕਰਨ ਦੇ ਯੋਗ ਹੁੰਦੀਆਂ ਹਨ ਤੇ 50 ਫ਼ੀਸਦੀ ਅੰਕਾਂ ਨਾਲ ਪਾਸ ਹੋਣਾ ਲਾਜ਼ਮੀ ਹੈ। ।ਇਨ੍ਹਾਂ ਕੋਰਸਾਂ ਨੂੰ ਕਰਨ ਤੋਂ ਬਾਅਦ ਲੜਕੀਆਂ 15000 ਤੋਂ 20000 ਰੁਪਏ ਮਹੀਨੇ ਤਕ ਆਸਾਨੀ ਨਾਲ ਕਮਾ ਸਕਦੀਆਂ ਹਨ। ਇਨ੍ਹਾਂ ਕੋਰਸਾਂ ਨੂੰ ਕਰਨ ਵੇਲੇ ਇਹ ਧਿਆਨ ਰੱਖਣਯੋਗ ਗੱਲ ਹੈ ਕਿ ਜਿਸ ਵੀ ਸਕਿੱਲ ਕੋਰਸ ਨੂੰ ਤੁਸੀਂ ਕਰਨਾ ਚਾਹੁੰਦੇ ਹੋ, ਉਸ ਨੂੰ ਪੂਰੀ ਮਿਹਨਤ ਤੇ ਲਗਨ ਨਾਲ ਕਰੋ ਅਤੇ ਉਸ ਕੰਮ 'ਚ ਨਿਪੁੰਨਤਾ ਹਾਸਿਲ ਕਰਨਾ ਬਹੁਤ ਜ਼ਰੂਰੀ ਹੈ। ਇਨ੍ਹਾਂ ਕੋਰਸਾਂ ਨੂੰ ਕਰਨ ਲਈ ਜ਼ਿਆਦਾ ਖ਼ਰਚਾ ਵੀਂ ਨਹੀਂ ਆਉਂਦਾ ਕਿਤੇ ਵੀ ਬਿਨਾਂ ਕਿਸੇ ਮੁਸ਼ਕਲ ਤੋਂ ਕੀਤੇ ਜਾ ਸਕਦੇ ਹਨ। ਲੜਕੀਆਂ ਨੂੰ ਆਤਮ-ਨਿਰਭਰ ਬਣਾਉਣਾ ਚਾਹੀਦਾ ਹੈ

# ਅਧਿਆਪਕ ਸਮਾਜ ਦੀ ਸਿਰਜਣਾ ਕਰਨ ਵਿਚ ਨਿਭਾਉਂਦਾ ਹੈ ਅਹਿਮ ਭੂਮਿਕਾ

ਮਾਤਾ-ਪਿਤਾ ਤੋਂ ਬਾਅਦ ਬੱਚਾ ਜੇ ਕਿਸੇ ਦੇ ਕਰੀਬ ਹੁੰਦਾ ਹੈ ਤਾਂ ਉਹ ਹੈ ਅਧਿਆਪਕ। ਅਧਿਆਪਕ ਵੱਲੋਂ ਕਹੀ ਹਰ ਗੱਲ ਬੱਚੇ ਅੰਦਰ ਘਰ ਕਰ ਜਾਂਦੀ ਹੈ। ਬੱਚਾ ਆਪਣਾ ਜ਼ਿਆਦਾ ਸਮਾਂ ਸਕੂਲ 'ਚ ਅਧਿਆਪਕਾਂ ਨਾਲ ਗੁਜ਼ਾਰਦਾ ਹੈ। ਸਕੂਲ 'ਚ ਉਹ ਬਹੁਤ ਸਾਰੀਆਂ ਨਵੀਂਆਂ ਗੱਲਾਂ ਦੇ ਨਾਲ-ਨਾਲ ਅਨੁਸ਼ਾਸਨ 'ਚ ਰਹਿਣਾ ਸਿੱਖਦਾ ਹੈ। ਅਧਿਆਪਕ ਤੇ ਵਿਦਿਆਰਥੀ ਦਾ ਰਿਸ਼ਤਾ ਸਕੂਲ ਤੋਂ ਹੁੰਦਾ ਹੋਇਆ ਕਾਲਜ, ਯੂਨੀਵਰਸਿਟੀ ਤਕ ਪਹੁੰਚਦਾ ਹੈ ।ਇਸ ਦੁਨੀਆਂ ਦੀ ਸੁੰਦਰਤਾ ਨੂੰ ਵਧਾਉਣ ਲਈ ਜੇਕਰ ਕੋਈ ਮਹਾਨ ਯੋਗਦਾਨ ਪਾਉਂਦਾ ਹੈ ਤਾਂ ਉਹ ਅਧਿਆਪਕ ਹੀ ਹੈ, ਇਕ ਅਧਿਆਪਕ ਹੀ ਉਸ ਪੀੜ੍ਹੀ ਨੂੰ ਤਿਆਰ ਕਰਦਾ ਹੈ ਜਿਹੜੇ ਅੱਗੇ ਵਧ ਕੇ ਮਹਾਨ ਵਿਚਾਰਧਾਰਾ ਦੇ ਨਾਲ ਇਸ ਦੁਨੀਆਂ ਨੂੰ ਰੁਸ਼ਨਾਉਂਦੇ ਹਨ। ਇਸ ਲਈ ਇਤਿਹਾਸ ਵਿੱਚ ਸਭ ਤੋਂ ਵੱਧ ਯੋਗਦਾਨ ਅਧਿਆਪਕ ਵਰਗ ਦਾ ਹੀ ਹੁੰਦਾ ਹੈ। ਅਜਿਹੇ ਕਈ ਉਦਾਹਰਣ ਹਨ ਜਿਹੜੇ ਸਿੱਖਿਅਕ ਦੇ ਪ੍ਰਤੱਖ ਰੂਪ ਨੂੰ ਵਧਾਉਂਦੇ ਹਨ। ਏਕਲਵਯਾ ਦੀ ਆਪਣੇ ਗੁਰੂ ਦਰੋਣਾਚਾਰੀਆ ਦੀ ਮੂਰਤ ਬਣਾ ਕੇ ਖ਼ੁਦ ਸਿੱਖਣ ਦੀ ਕਹਾਣੀ ਗੁਰੂ ਦੇ ਪ੍ਰਤੀ ਇੱਜ਼ਤ ਦੀ ਵੱਡੀ ਉਦਾਹਰਣ ਹੈ ।ਗੁਰੂ, ਜਿਹੜਾ ਗਿਆਨ ਦਿੰਦਾ ਹੈ, ਉਸ ਨੂੰ ਸਮਾਜ ਵਿਚ ਸਭ ਤੋਂ ਉੱਚਾ ਸਨਮਾਨ ਸਿਰ ਪੁਰਾਣੀਆਂ ਕਹਾਣੀਆਂ ) ਚੋਂ ਹੀ ਨਹੀਂ ਬਲਕਿ ਮੌਜੂਦਾ ਸਮੇਂ ਵਿੱਚ ਵੀ ਵੇਖਿਆ ਜਾ ਸਕਦਾ ਹੈ। ਇਸ ਲਈ ਤਾਂ ਸਾਡੀ ਸਿੱਖਿਆ ਵਿਵਸਥਾ ਵਿਚ ਅੱਜ ਉਨ੍ਹਾਂ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਦਾ ਜ਼ਿਕਰ ਅਕਸਰ ਹੀ ਕੀਤਾ ਜਾਂਦਾ ਹੈ ਜਿਨ੍ਹਾਂ ਤੋਂ ਸਾਨੂੰ ਬਹੁਤ ਕੁਝ ਸਿੱਖਣ ਨੂੰ ਮਿਲਣਾ ਹੈ। ਹੁਣ ਵੀ ਅਜਿਹੇ ਅਧਿਆਪਕ ਹਨ ਜਿਹੜੇ ਆਪਣੀ ਸਾਰੀ ਉਮਰ ਸਿੱਖਿਆ ਖੇਤਰ ਨੂੰ ਹੋਰ ਵਧੀਆ ਕਰਨ ਲਈ ਸਮਰਪਿਤ ਕਰ ਚੁੱਕੇ ਹਨ। ਅਧਿਆਪਕ ਸਮਾਜੀਕਰਨ ਪ੍ਰਕਿਰਿਆ ਦੀ ਨੀਂਹ ਹੈ। ਜਿਸ ਤਰ੍ਹਾਂ ਦੀ ਨੀਂਹ ਹੋਵੇਗੀ, ਉਸ ਤਰ੍ਹਾਂ ਦੀ ਹੀ ਪੀੜ੍ਹੀ ਹੋਵੇਗੀ ਅਤੇ ਜਿਸ ਤਰ੍ਹਾਂ ਦੀ ਪੀੜ੍ਹੀ ਹੋਵੇਗੀ, ਉਸ ਤਰ੍ਹਾਂ ਦੀ ਹੀ ਸੱਭਿਅਤਾ ਹੋਵੇਗੀ। ਜੇਕਰ ਅਸੀਂ ਚੰਗੀ ਸੱਭਿਅਤਾ ਸਥਾਪਤ ਕਰਨੀ ਹੈ ਤਾਂ ਸਾਨੂੰ ਅਧਿਆਪਕ ਪ੍ਰਣਾਲੀ ਚੰਗੀ ਬਨਾਉਣ ਦੀ ਲੋੜ ਹੈ ।ਇੱਕ ਚੰਗਾ ਅਧਿਆਪਕ ਹਮੇਸ਼ਾਂ ਆਪਣੇ ਵਿਦਿਆਰਥੀਆਂ ਵਿੱਚ ਹਰਮਨ ਪਿਆਰਾ ਬਣਿਆ ਰਹਿੰਦਾ ਹੈ। ਜੋ ਔਖੇ ਸੁਆਲਾਂ ਨੂੰ ਵੀ ਸੌਖੇ ਢੰਗ ਨਾਲ ਬੱਚਿਆਂ ਨੂੰ ਸਮਝਾਉਣ ਵਿੱਚ ਸਫਲ ਹੋ ਜਾਂਦਾ ਹੈ। ਇਸ ਦੇ ਨਾਲ ਹੀ ਹੁਸ਼ਿਆਰ ਬੱਚਿਆਂ ਨੂੰ ਸਮਝਾਉਣਾ/ ਪੜਾਉਣਾ ਭਾਵੇਂ ਕਿ ਸੌਖਾ ਕੰਮ ਹੁੰਦਾ ਹੈ, ਪਰ ਕਮਜ਼ੋਰ ਵਿਦਿਆਰਥੀਆਂ ਵੱਲ ਉਚੇਚਾ ਧਿਆਨ ਦੇ ਕੇ, ਪਿਆਰ, ਲਗਨ, ਮਿਹਨਤ ਨਾਲ ਉਹਨਾਂ ਨੂੰ ਵੀ ਕਾਬਿਲ ਵਿਦਿਆਰਥੀਆਂ ਦੀ ਕਤਾਰ ਵਿੱਚ



ਖੜ੍ਹਾ ਕਰਨ ਵਾਲਾ ਅਧਿਆਪਕ ਸਹੀ ਮਾਇਨਿਆਂ ਵਿੱਚ ਆਪਣੇ ਕਿੱਤੇ ਨਾਲ ਇਨਸਾਫ ਕਰ ਪਾਉਂਦਾ ਹੈ। ਵਿਦਿਆਰਥੀਆਂ ਦੇ ਮਨਾਂ ਅੰਦਰ ਉਤਸ਼ਾਹ, ਆਤਮ ਵਿਸ਼ਵਾਸ਼, ਦਿਲਚਸਪੀ ਪੈਦਾ ਕਰਨ ਦੀਆਂ ਅਹਿਮ ਜ਼ਿੰਮੇਵਾਰੀਆਂ ਨਿਭਾਉਣਾ ਅਧਿਆਪਕ ਦੇ ਹਿੱਸੇ ਵਿੱਚ ਆਉਂਦਾ ਹੈ ਅਤੇ ਇਹੀ ਕਾਰਣ ਹੈ ਕਿ ਅਧਿਆਪਕ ਨੂੰ ਸਮਾਜ ਸਿਰਜਕ ਕਿਹਾ ਜਾਂਦਾ ਹੈ ।ਅਧਿਆਪਕ ਅਤੇ ਵਿਦਿਆਰਥੀ ਦੇ ਰਿਸ਼ਤਾ ਮਨੁੱਖ ਜਿੰਦਗੀ ਵਿੱਚਲੇ ਅਹਿਮ ਰਿਸ਼ਤਿਆਂ ਵਿੱਚੋਂ ਹੁੰਦਾ ਹੈ। ਹਰ ਅਧਿਆਪਕ ਲਈ ਜ਼ਰੂਰੀ ਹੈ ਕਿ ਬੱਚਿਆਂ ਦੇ ਮਨਾਂ ਅੰਦਰ ਵਿੱਦਿਆ ਪ੍ਰਤੀ ਚਾਨਣ ਪੈਦਾ ਕਰਨ ਦੇ ਨਾਲ ਨਾਲ ਨੈਤਿਕ ਗੁਣ ਪੈਦਾ ਕੀਤੇ ਜਾਣ। ਕਮਜ਼ੋਰ ਵਿਦਿਆਰਥੀਆਂ ਦੀ ਮੱਦਦ ਲਈ ਹਮੇਸ਼ਾ ਤਿਆਰ ਰਿਹਾ ਜਾਵੇ। ਵਿਦਿਆਰਥੀਆਂ ਅੰਦਰ ਚੰਗੇ ਸਦਾਚਾਰਕ ਗੁਣ ਪੈਦਾ ਕਰਨ ਲਈ ਅਧਿਆਪਕ ਦਾ ਆਪਣਾ ਜੀਵਣ ਵਿਦਿਆਰਥੀ ਲਈ ਸੱਭ ਤੋਂ ਪਹਿਲਾ ਪ੍ਰੇਰਣਾ ਸਰੋਤ ਹੋਵੇ। ਅਧਿਆਪਕ ਬੱਚੇ ਅੰਦਰ ਲੁਕੀ ਪ੍ਰਤਿਭਾ ਨੂੰ ਪਹਿਚਾਣ ਕੇ ਉਸਦੇ ਅੰਦਰ ਉਸ ਅੰਦਰ ਉਤਸ਼ਾਹ ਪੈਦਾ ਕਰ ਸਕਦੇ ਹਾ ਜਿਸ ਪ੍ਰਤੀ ਸ਼ਾਇਦ ਵਿਦਿਆਰਥੀ ਸੰਵੇਦਨਸ਼ੀਲ ਨਹੀਂ ਹੁੰਦਾ ।ਸਰਕਾਰ ਦੁਆਰਾ ਚੰਗੀ ਕਾਰਗੁਜ਼ਾਰੀ ਲਈ ਅਧਿਆਪਕਾ ਨੂੰ ਸਨਮਾਨਿਤ ਕੀਤਾ ਜਾਂਦਾ ਹੈ। ਪਰ ਇੱਕ ਅਧਿਆਪਕ ਹਮੇਸ਼ਾ ਉਸ ਸਮੇਂ ਮਾਣ ਮਹਿਸੂਸ ਕਰਦਾ ਹੈ ਜਦੋਂ ਉਸ ਤੋਂ ਸਿੱਖਿਆ ਪ੍ਰਾਪਤ ਕਰ ਕੋਈ ਵਿਦਿਆਰਥੀ ਕਿਸੇ ਉੱਚ ਅਹੁਦੇ ਤੇ ਪਹੁੰਚ ਜਾਂਦਾ ਹੈ ਜਾਂ ਸਮਾਜ ਵਿੱਚ ਵਿਚਰਦਿਆ ਆਪਣੀ ਇੱਕ ਵੱਖਰੀ ਪਹਿਚਾਣ ਬਣਾਉਂਦਾ ਹੈ। ਅਸੀਂ ਸਭ ਜੋ ਆਪਣੇ ਪਿਛੋਕੜ ਵੱਲ ਝਾਤ ਮਾਰੀਏ ਤਾਂ ਸਾਨੂੰ ਇਹ ਅਹਿਸਾਸ ਹੋਵੇਗਾ ਕਿ ਅੱਜ ਅਸੀਂ ਜਿਸ ਮੁਕਾਮ ਤੇ ਵੀ ਹਾਂ ਉੱਥੇ ਪਹੁੰਚਾਉਣ ਵਿੱਚ ਸਾਡੇ ਸਤਿਕਾਰਯੋਗ ਅਧਿਆਪਕਾਂ ਦਾ ਹੀ ਹੱਥ ਹੈ। ਜਦ ਵੀ ਟੀਚਰ ਆਪਣੇ ਹੱਕ ਦੀ ਲੜਾਈ ਲੜਨ ਲਈ ਸਾਹਮਣੇ ਆਏ ਹਨ ਉਨ੍ਹਾਂ ਉੱਤੇ ਤਸ਼ੱਦਦ ਢਾਇਆ ਗਿਆ ਹੈ। ਪੁਲਿਸ ਵਲੋਂ ਉਨ੍ਹਾਂ ਦੇ ਸਨਮਾਨ ਲਈ ਉਨ੍ਹਾਂ 'ਤੇ ਲਾਠੀਆਂ ਦੀ ਬੁਛਾਰ ਕੀਤੀ ਜਾਂਦੀ ਹੈ। ਹੁਣ ਜਿਹੜੇ ਟੀਚਰਾਂ ਜਾਂ ਅਧਿਆਪਕਾਂ 'ਤੇ ਪੁਲਿਸ ਵਾਲਿਆਂ ਵਲੋਂ ਲਾਠੀਆਂ ਦੀ ਵਰਸਾਤ ਕੀਤੀ ਜਾਂਦੀ ਹੈ ਉਨ੍ਹਾਂ ਦੇ ਬੱਚੇ ਹੀ ਉਨ੍ਹਾਂ ਟੀਚਰਾਂ ਕੋਲ ਫਿਰ ਸਿੱਖਿਆ ਗ੍ਰਹਿਣ ਕਰਨ ਲਈ ਜਾਂਦੇ ਹਨ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਟੀਚਰਾਂ ਦਾ ਇਹੋ ਜਿਹਾ ਸਨਮਾਨ ਉਨ੍ਹਾਂ ਨੂੰ ਤੁਹਾਡੇ ਬੱਚਿਆਂ ਨੂੰ ਸਿੱਖਿਅਤ ਕਰਨ ਦੀ ਇਵਜ਼ ਵਿੱਚ ਦਿੱਤਾ ਜਾਂਦਾ ਹੈ ।ਅਸਲ ਵਿੱਚ ਟੀਚਰ ਜਾਂ ਅਧਿਆਪਕ ਦਾ ਰੁਤਬਾ ਪਹਿਲੇ ਵਾਲਾ ਨਹੀਂ ਰਹਿ ਗਿਆ। ਏਥੇ ਏਕਲੱਵਿਆ ਨਹੀਂ ਰਹੇ ਕਿ ਉਹ ਟੀਚਰ ਜਾਂ ਆਪਣੇ ਗੁਰੂ ਦੇ ਕਹਿਣ 'ਤੇ ਆਪਣਾ ਅੰਗੂਠਾ ਕੱਟ ਦੇਣ। ਅੱਜ ਦੇ ਸਮੇਂ ਸਿੱਖਿਆ ਤੇ ਅਧਿਆਪਕ ਅਤੇ ਵਿਦਿਆਰਥੀ ਦੇ ਰਿਸ਼ਤੇ ਵਿੱਚ ਕਾਫੀ ਬਦਲਾਅ ਆਇਆ ਹੈ।

ਅੱਜ ਆਮ ਹੀ ਸੁਣਨ ਵਿੱਚ ਆਉਂਦਾ ਹੈ ਕਿ ਅਧਿਆਪਕ ਨੇ ਕਿਸੇ ਵਿਦਿਆਰਥੀ ਨੂੰ ਝਿੜਕਿਆ ਜਾਂ ਮਾਰਿਆ ਤੇ ਬਦਲੇ ਵਿੱਚ ਵਿਦਿਆਰਥੀ ਨੇ ਅਧਿਆਪਕ ਨੂੰ ਕੁੱਟ ਸੁਟਿਆ। ਅੱਜ ਵਿਦਿਆਰਥੀਆਂ ਵਿੱਚ ਸਤਿਕਾਰ ਦੀ ਭਾਵਨਾ ਲੋਪ ਹੋ ਗਈ ਹੈ ਅਤੇ ਵਿਦਿਆਰਥੀਆਂ ਦੇ ਮਨ ਵਿੱਚ ਹਿੰਸਕ ਭਾਵਨਾ ਭਾਰੂ ਹੋ ਗਈ ਹੈ। ਅਧਿਆਪਕ ਵਿਦਿਆਰਥੀ ਦੇ ਰਿਸ਼ਤੇ ਵਿੱਚ ਆਪਸੀ ਸਮਝ, ਪਿਆਰ ਤੇ ਸਤਿਕਾਰ ਦੀ ਭਾਵਨਾ ਦਾ ਅੰਤ ਹੋ ਰਿਹਾ ਹੈ। ਇੱਥੇ ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਕੀ ਇੱਕ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਕਿਸੇ ਗਲਤ ਗੱਲ ਤੋਂ ਵਰਜ ਨਹੀਂ ਸਕਦਾ ? ਕੀ ਅਧਿਆਪਕ ਨੂੰ ਆਪਣੀਆਂ ਅੱਖਾਂ ਅੱਗੇ ਕੁਝ ਵੀ ਗਲਤ ਹੋਇਆ ਦੇਖ ਕੇ ਉਸ ਨੂੰ ਅਣਦੇਖਿਆ ਕਰਨਾ ਚਾਹੀਦਾ ਹੈ ?ਅਮੀਰ ਪਰਿਵਾਰਾਂ ਦੇ ਵਿਦਿਆਰਥੀ ਤਾਂ ਅਧਿਆਪਕ ਦੀ ਆਖੀ ਸੁਣਨ ਦੀ ਥਾਂ ਆਪਣੇ ਪੈਸੇ ਦਾ ਦਿਖਾਵਾ ਕਰਨ ਵਿੱਚ ਹੀ ਉਲਝੇ ਰਹਿੰਦੇ ਹਨ। ਹੁਣ ਇਹ ਵੀ ਦੇਖਣ ਵਿੱਚ ਆਇਆ ਹੈ ਕਿ ਬਹੁਤੇ ਮਾਪੇ ਵੀ ਇਸ ਗੱਲ ਦੇ ਖਲਿਾਫ ਹਨ ਕਿ ਉਨ੍ਹਾਂ ਦੇ ਬੱਚੇ ਨੂੰ ਅਧਿਆਪਕ ਝਿੜਕਦਾ ਕਿਉਂ ਹੈ ਜਾਂ ਕਿਸੇ ਗੱਲ ਤੋਂ ਰੋਕ-ਟੋਕ ਕਿਉਂ ਕਰਦਾ ਹੈ। ਇਹ ਵਰਤਾਰਾ ਉਹ ਨੌਜਵਾਨਾਂ ਦੇ ਭਵਿੱਖ ਲਈ ਠੀਕ ਨਹੀਂ। ਮਾਪਿਆਂ ਨੂੰ ਵੀ ਚਾਹੀਦਾ ਹੈ ਕਿ ਵਿਦਿਆਰਥੀਆਂ ਅੰਦਰ ਇਹ ਭਾਵਨਾ ਪੈਦਾ ਕਰਨ ਕਿ ਅਧਿਆਪਕਾ ਨੂੰ ਵੀ ਮਾ ਬਾਪ ਹੀ ਸਮਝਿਆ ਜਾਵੇ ਅਤੇ ਉਹਨਾਂ ਦੀ ਹਰ ਗੱਲ ਮੰਨੀ ਜਾਵੇ ਅਤੇ ਦਿਲ ਤੋ ਸਤਿਕਾਰ ਕੀਤਾ ਜਾਵੇ ।ਵਿਦਿਆਰਥੀਆਂ ਨੂੰ ਇਹ ਚਾਹੀਦਾ ਹੈ ਕਿ ਆਪਣੇ ਅਧਿਆਪਕਾਂ ਦੀ ਕਿਸੇ ਵੀ ਝਿੜਕ ਦਾ ਗੁੱਸਾ ਨਾ ਕੀਤਾ ਜਾਵੇ, ਅਗਰ ਅਧਿਆਪਕ ਤੁਹਾਨੂੰ ਝਿੜਕ ਰਿਹਾ ਹੈ ਤਾਂ ਉਹ ਤੁਹਾਡੇ ਚੰਗੇਰੇ ਭਵਿੱਖ ਲਈ ਹੀ ਤੁਹਾਨੂੰ ਕੁਝ ਕਹਿ ਰਿਹਾ ਹੈ ।

**ਦੀਪਕ ਗਾਂਧੀ**
**ਹੈੱਡ ਮਾਸਟਰ ਸਰਕਾਰੀ ਹਾਈ ਸਕੂਲ ਪਿੰਡੀ ਜਿਲ੍ਹਾ ਫਿਰੋਜ਼ਪੁਰ ।**

# ਸਮਾਜ ਲਈ ਜ਼ਰੂਰੀ ਕੋਣ ?



ਗੁਰਪ੍ਰੀਤ ਸਿੰਘ ਸੰਧੂ
9988766013

ਜ਼ਿੰਦਗੀ ਤਜਰਬਿਆਂ ਦਾ ਨਾਮ ਹੈ ,ਜ਼ਿੰਦਗੀ ਹਮੇਸ਼ਾਂ ਹੀ ਕੁਝ ਨਾ ਕੁਝ ਸਿਖਾਉਂਦੀ ਅਤੇ ਤਜਰਬਿਆਂ ਨੂੰ ਗੂੜ੍ਹਾ ਕਰਦੀ ਜਾਂਦੀ ਹੈ। ਜਿਸ ਨਾਲ ਅਸੀਂ ਨਿੱਤ ਦੀਆਂ ਘਟਨਾਵਾਂ ਚੋਂ ਕੁਝ ਨਾ ਕੁਝ ਜ਼ਰੂਰ ਸਿੱਖਦੇ ਰਹਿੰਦੇ ਹਾਂ। ਕਈ ਵਾਰ ਅਜਿਹੀਆਂ ਘਟਨਾਵਾਂ ਵਾਪਰ ਜਾਂਦੀਆਂ ਹਨ ,ਜਿਸ ਨਾਲ ਸਮਾਜ ਵਿੱਚ ਕਿਸ ਤਰ੍ਹਾਂ ਦਾ ਆਉਣ ਵਾਲਾ ਸਮਾਂ ਹੈ, ਉਸ ਤੋਂ ਭੈਅ-ਭੀਤ ਹੋਣ ਦਾ ਵੀ ਡਰ ਬਣ ਜਾਂਦਾ ਹੈ । ਸਵੇਰੇ ਸਵੇਰੇ ਕੰਮ ਤੇ ਜਾਣ ਲੱਗਿਆਂ ਰੋਜਾਨਾ ਹੀ ਬੱਸ ਵਿੱਚ 40 ਤੋਂ 45 ਕਿਲੋਮੀਟਰ ਦਾ ਸਫ਼ਰ ਕਰਨਾ ਪੈਂਦਾ ਹੈ।ਸਵੇਰ ਦੇ ਸਮੇਂ ਬੱਸ ਸਟੈਂਡ ਤੇ ਜ਼ਿਆਦਾਤਰ ਅਧਿਆਪਕ, ਵਿਦਿਆਰਥੀ ਅਤੇ ਮਜਦੂਰ ਹੀ ਹੁੰਦੇ ਸਨ ,ਇੱਕ ਵਾਰੀ ਦੀ ਗੱਲ ਹੈ ਕਿ ਸ਼ਹਿਰ ਵਾਲੇ ਪਾਸੇ ਤੋਂ ਖਚਾ- ਖਚ ਭਰੀ ਹੋਈ ਬੱਸ ਆਈ,ਬੱਸ ਸਟੈਂਡ ਤੇ ਰੋਕਣ ਦੀ ਬਜਾਏ ਡਰਾਈਵਰ ਨੇ ਬੱਸ ਨੂੰ ਅੱਡੇ ਤੋਂ ਤਕਰੀਬਨ ਪੰਜ ਸੌ ਮੀਟਰ ਪਿੱਛੇ ਹੀ ਰੋਕ ਦਿੱਤਾ ਅਤੇ ਸਵਾਰੀਆਂ ਉਤਾਰਨ ਲੱਗ ਪਿਆ ਇਹ ਦੇਖ ਕੇ ਸੋਚਿਆ ਕਿ ਡਿਊਟੀ ਤੋਂ ਲੇਟ ਹੋ ਜਾਵਾਂਗੇ ਇਸ ਲਈ ਅਸੀਂ ਬੱਸ ਵਾਲੇ ਪਾਸੇ ਨੂੰ ਭੱਜਣਾ ਸ਼ੁਰੂ ਕਰ ਦਿੱਤਾ ਪਰ,ਡਰਾਈਵਰ ਨੇ ਸਾਡੇ ਪੁੱਜਣ ਤੋਂ ਪਹਿਲਾਂ ਹੀ ਐਕਸੀਲੇਟਰ ਤੇ ਪੈਰ ਧਰ ਦਿੱਤਾ ਤੇ ਬੱਸ ਨੂੰ ਭਜਾ ਕੇ ਬਿਨਾਂ ਚੜ੍ਹਾਈਆਂ ਸਵਾਰੀਆਂ ਛੱਡ ਕੇ ਅੱਗੇ ਨਿਕਲ ਗਿਆ,ਪਰ ਉਸ ਵੇਲੇ ਬਹੁਤ ਹੈਰਾਨੀ ਹੋਈ ਜਦੋਂ ਬੱਸ ਸਟੈਂਡ ਤੋਂ ਤਕਰੀਬਨ ਉਸੇ ਹੀ ਰੋਡ ਤੇ ਚਾਰ ਸੌ ਮੀਟਰ ਦੀ ਦੂਰੀ ਤੇ ਪੁਲੀਸ ਚੌਂਕੀ ਸਥਿਤ ਸੀ, ਉਥੇ ਜਦੋਂ ਬੱਸ ਪਹੁੰਚੀ ਤਾਂ ਚਾਰ ਪੰਜ ਪੁਲੀਸ ਵਾਲਿਆਂ ਨੇ ਬੱਸ ਨੂੰ ਰੁਕਣ ਦਾ ਇਸ਼ਾਰਾ ਕੀਤਾ ਤਾਂ ਡਰਾਈਵਰ ਨੇ ਤੁਰੰਤ ਹੀ ਬੱਸ ਨੂੰ ਰੋਕ ਲਿਆ ਅਤੇ ਸਾਰੇ ਹੀ ਪੁਲੀਸ ਵਾਲੇ ਬੱਸ ਵਿੱਚ ਚੜ੍ਹ ਗਏ,ਇਹ ਦੇਖ ਕੇ ਮੈਂ ਸੋਚ ਰਿਹਾ ਸੀ ਕਿ ਬੱਸ ਡਰਾਈਵਰ ਕਿਸ ਸਮਾਜ ਨੂੰ ਜਨਮ ਦੇ ਰਿਹਾ ਹੈ, ਬੱਸ ਡਰਾਈਵਰ ਨੇ ਵਿਦਿਆਰਥੀ ਮਜ਼ਦੂਰ ਤੇ ਅਧਿਆਪਕ ਜਾਂ ਹੋਰ ਵੀ ਕਿਤੇ ਨਾਲ ਸੰਬੰਧਤ ਕਰਮਚਾਰੀਆਂ ਦੀ ਬਿਨਾਂ ਪ੍ਰਵਾਹ ਕੀਤੇ ਪੁਲਿਸ ਵਾਲਿਆਂ ਲਈ ਹੀ ਗੱਡੀ ਕਿਉਂ ਰੋਕੀ ਕੀ ਉਸ ਲਈ ਪੁਲੀਸ ਵਾਲੇ ਹੀ ਜ਼ਿਆਦਾ ਜ਼ਰੂਰੀ ਸਨ ? ਕੀ ਪੁਲੀਸ ਵਾਲੇ ਬੱਸ ਸਟੈਂਡ ਤੇ ਆ ਕੇ ਨਹੀਂ ਚੜ੍ਹ ਸਕਦੇ ਸਨ ? ਕੀ ਡਰਾਈਵਰ ਦੇ ਮਨ ਅੰਦਰ ਪੁਲੀਸ ਵਾਲਿਆਂ ਦਾ ਡਰ ਸੀ, ਉਸ ਤਰ੍ਹਾਂ ਦਾ ਨਜ਼ਾਰਾ ਦੇਖ ਕੇ ਮਨ ਅੰਦਰ ਕਈ ਤਰ੍ਹਾਂ ਦੀਆਂ ਸੋਚਾਂ ਉੱਠਣ ਲੱਗੀਆਂ , ਇੱਧਰ ਦੂਜੇ ਪਾਸੇ ਮਜਦੂਰ ਦੇ ਮੱਥੇ ਤੇ ਪਸੀਨਾ ਹੋਰ ਵੀ ਗੂੜਾਂ ਹੋ ਰਿਹਾ ਸੀ, ਕਿਉਕੀ ਉਸ ਨੂੰ ਅੱਜ ਦੀ ਮਜਦੂਰੀ ਖੁੱਸ ਜਾਣ ਦਾ ਡਰ ਸਤਾਂ ਰਿਹਾ ਸੀ, ਉਸਦੇ ਘਰ ਦੇ ਚੁੱਲ੍ਹੇ ਦੀ ਅੱਗ ਅੱਜ ਕਿਵੇ ਬਲੇ ਗਈ ? ਖੈਰ ਦੱਸ ਪੰਦਰਾਂ ਮਿੰਟਾਂ ਮਗਰੋਂ ਦੂਸਰੀ ਬੱਸ ਆਈ ਅਤੇ ਉਸ ਵਿਚ ਚੜ੍ਹ ਕੇ ਆਪਣੇ ਸਫ਼ਰ ਨੂੰ ਜਾਰੀ ਕੀਤਾ, ਉਸ ਬੱਸ ਵਿਚ ਹੋਰ ਵੀ ਜ਼ਿਆਦਾ ਹੈਰਾਨੀ ਇਸ ਗੱਲ ਦੀ ਹੋਈ ਕੰਡਕਟਰ ਜ਼ੋਰ ਜ਼ੋਰ ਦੀ ਕਹਿ ਰਿਹਾ ਸੀ ਕਿ ਸਕੂਲ, ਕਾਲਜ ਵਾਲੇ ਅਧਿਆਪਕ ਜਾਂ ਵਿਦਿਆਰਥੀ ਸਕੂਲ ਦੇ ਸਾਹਮਣੇ ਨਹੀਂ ਉਤਾਰੇ ਜਾਣਗੇ,ਉਨ੍ਹਾਂ ਨੂੰ ਬੱਸ ਸਟੈਂਡ ਤੇ ਹੀ ਉਤਾਰਿਆ ਜਾਵੇਗਾ ਸਾਡੇ ਕੋਲ ਸਮੇਂ ਦੀ ਬਹੁਤ ਘਾਟ ਹੈ,ਨਾਲੇ ਮਸ਼ਕਰੀਆ ਕਰਦਾ ਹੋਇਆਂ ਕਹਿੰਦਾ ਇਹਨਾਂ ਨੇ ਜਾ ਕੇ ਕਰਨਾ ਵੀ ਕੀ ਹੈ, ਗੱਪਾਂ ਹੀ ਮਾਰਨੀਆਂ ਹਨ,ਇਹ ਕਹਿੰਦਾ ਹੋਇਆ ਕੰਡਕਟਰ ਸਵਾਰੀਆਂ ਨੂੰ ਪਿੱਛੇ ਕਰਦਾ ਡਰਾਈਵਰ ਕੋਲ ਜਾ ਪੁੱਜਿਆ,ਲੋਕਲ ਸ਼ਹਿਰ ਲੰਘਣ ਤੋਂ ਦੋ ਪੁਲੀਸ ਵਾਲੇ ਵਿਅਕਤੀ ਉੱਠੇ ਅਤੇ ਡਰਾਈਵਰ ਨੂੰ ਕਹਿਣ ਲੱਗੇ ਕਿ ਅੱਗੇ ਥਾਣਾ ਹੈ,ਸਾਨੂੰ ਉੱਥੇ ਉਤਾਰ ਦੇਣਾ ਡਰਾਈਵਰ ਅਤੇ ਕੰਡਕਟਰ ਬਿਨਾਂ ਕੁਝ ਬੋਲੇ ਉਨ੍ਹਾਂ ਨੂੰ ਉੱਥੇ ਉਤਾਰ ਦਿੱਤਾ, ਇਹ ਦੇਖ ਕੇ ਸੋਚ ਰਿਹਾ ਸੀ ਕਿ ਇਨ੍ਹਾਂ ਕੋਲ ਹੁਣ ਬ੍ਰੇਕ ਲਾਉਣ ਦਾ ਸਮਾਂ ਕਿੱਥੋਂ ਆ ਗਿਆ ਕਿਹੋ ਜਿਹੇ ਸਮਾਜ ਨੂੰ ਇਹ ਜਨਮ ਦੇ ਰਹੇ ਹਨ,ਕਿਸ ਤਰ੍ਹਾਂ ਦਾ ਸੁਨੇਹਾ ਜਾ ਰਿਹਾ ਹੈ। ਜੇਕਰ ਅਧਿਆਪਕ ਅਤੇ ਵਿਦਿਆਰਥੀ,ਸਮੇਂ ਸਿਰ ਸਿੱਖਿਆ ਸੰਸਥਾਵਾਂ ਵਿੱਚ ਨਾ ਪੁੱਜੇ ਤਾਂ ਕਿਹੋ ਜਿਹਾ ਸਮਾਜ ਸਾਹਮਣੇ ਆਵੇਗਾ,ਹਾਂ ਇਹ ਗੱਲ ਵੀ ਸੱਚ ਹੈ,ਜੇਕਰ ਅਧਿਆਪਕ ਅਤੇ ਵਿਦਿਆਰਥੀ ਸਮੇਂ ਸਿਰ ਨਾ ਪੁੱਜੇ ਤਾਂ ਲੋੜ ਤਾਂ ਪੁਲੀਸ ਵਾਲਿਆਂ ਦੀ ਹੀ ਪੈਣੀ ਹੈ, ਕਿਉਂਕਿ ਨਾ ਹੀ ਅਧਿਆਪਕ ਸਮੇਂ ਸਿਰ ਪੜ੍ਹਾ ਸਕਣਗੇ ਤੇ ਨਾ ਹੀ ਵਿਦਿਆਰਥੀ ਪੜ੍ਹ ਸਕਣਗੇ ਅਤੇ ਸਾਡਾ ਭਵਿੱਖ ਕਿਹੋ ਜਿਹਾ ਹੋਵੇਗਾ। ਅਖੀਰ ਸਾਡਾ ਬੱਸ ਅੱਡਾ ਆਇਆ ਤੇ ਉਤਰ ਕੇ ਸਕੂਲ ਪਹੁੰਚਿਆ ਅਤੇ ਸਕੂਲ ਵਿੱਚ ਦੋ ਲਾਇਨਾ ਲਿਖੀਆਂ ਹੋਈਆਂ ਸਨ, ਅਧਿਆਪਕ ਕੌਮ ਦਾ ਨਿਰਮਾਤਾ ਹੈ ਅਤੇ ਬੱਚੇ ਸਾਡਾ ਭਵਿੱਖ ਹਨ, ਪਰ ਡਰਾਈਵਰ ਅਤੇ ਕੰਡਕਟਰ ਕਿਸ ਤਰ੍ਹਾਂ ਦੇ ਨਿਰਮਾਤਾ ਦੇ ਭਵਿੱਖ ਨੂੰ ਜਨਮ ਦੇ ਰਹੇ ਹਨ ਅਤੇ ਸੋਚ ਰਿਹਾ ਸੀ, ਸਮਾਜ ਲਈ ਕੋਣ ਜਰੂਰੀ ਹੈ ?

# ਹਾਰੇ ਵਿੱਚ ਕੜ੍ਹਿਆ ਕਾੜ੍ਹਨੀ ਵਾਲਾ ਦੁੱਧ ਵੀ ਹੁੰਦਾ ਸੀ ਸੰਤੁਲਿਤ ਖੁਰਾਕ

"ਕੜ੍ਹ ਕੜ੍ਹ ਕੇ ਕਾੜ੍ਹਨੀ ਵਿੱਚ,
ਹੁੰਦਾ ਸੀ ਦੁੱਧ ਲਾਲ।
ਘੁੱਟੋ ਬਾਟੀ ਪੀਂਦੇ ਸਾਂ,
ਗੁੜ ਦੀ ਡਲੀ ਦੇ ਨਾਲ"

ਹਾਂ ਬਿਲਕੁਲ ਸਚਾਈ ਹੈ ਦੋਸਤੋ ਜੇਕਰ ਹੁਣ ਤੋ ਤਿੰਨ ਚਾਰ ਕੁ ਦਹਾਕੇ ਪਹਿਲਾਂ ਦੀ ਗੱਲ ਕਰੀਏ ਓਦੋਂ ਪਿੰਡਾਂ ਵਿੱਚ ਹਰ ਘਰ ਹੀ ਪਸੂ ਰੱਖ ਕੇ ਪਾਲਣ ਦਾ ਸੌਕੀਨ ਸੀ। ਕਿਸੇ ਬਿਜਨਸ ਕਰਕੇ ਨਹੀਂ ਜਿਵੇਂ ਕਿ ਅਜੋਕੇ ਸਮੇਂ ਵਿੱਚ ਇਹ ਕਾਰਜ ਬਿਜਨਸ/ ਵਪਾਰ ਬਣ ਚੁੱਕਿਆ ਹੈ। ਨਹੀਂ ਇਸ ਤਰ੍ਹਾਂ ਬਿਲਕੁਲ ਨਹੀਂ ਸੀ,ਹਰ ਘਰ ਦੁਧਾਰੂ ਪਸੂ ਸਿਰਫ ਤੇ ਸਿਰਫ ਘਰੇ ਦੁੱਧ ਪੀਣ ਲਈ ਅਤੇ ਲੱਸੀ ਮੱਖਣ ਲਈ ਹੀ ਡੰਗਰ ਰੱਖਦੇ ਸਨ।ਹਲ ਵਾਹੀ ਲਈ ਬਲਦ ਜਾਂ ਊਠ ਰੱਖਣ ਦਾ ਰਿਵਾਜ ਵੀ ਸਿਖਰਾਂ ਤੇ ਹੁੰਦਾ ਸੀ।

ਸਾਰੇ ਘਰ ਦੇ ਆਪੋ-ਆਪਣੇ ਹਿੱਸੇ ਦਾ ਕੰਮ ਆਪਣੇ ਹੱਥੀਂ ਕਰਿਆ ਕਰਦੇ ਸਨ। ਬੀਬੀਆਂ ਭੈਣਾਂ ਨੇ ਪਸੂ ਡੰਗਰ ਸਾਂਭਣੇ ਤੇ ਵੀਰਾਂ ਨੇ ਖੇਤਾਂ ਦਾ ਸਾਰਾ ਕੰਮ ਧੰਦਾ ਸੰਭਾਲਣਾ। ਜਦੋਂ ਵੀ ਹਾਲੀਆਂ ਨੇ ਖੇਤਾਂ ਵਿਚੋਂ ਘਰ ਆਉਣਾ ਤਾਂ ਆਉਣ ਸਾਰ ਹੀ ਕਾੜ੍ਹਨੀ ਵਾਲੇ ਦੁੱਧ ਦਾ ਕੰਗਣੀ ਵਾਲਾ ਪਿੱਤਲ ਦਾ ਗਲਾਸ ਭਰ ਕੇ ਪੀਣ ਲਈ ਅੱਗੇ ਕਰ ਦੇਣਾ ਤੇ ਨਾਲ ਹੀ ਗੁੜ ਦਾ ਡਲਾ ਫੜਾ ਦੇਣਾ।ਚਾਹ ਓਨਾਂ ਸਮਿਆਂ ਵਿੱਚ ਕਿਸੇ ਟਾਂਵੇ ਟਾਂਵੇ ਘਰ ਹੀ ਬਣਦੀ ਸੀ। ਤੜਕੇ ਉੱਠ ਕੇ ਜਦੋਂ ਵੀਰਾਂ ਨੇ ਖੇਤਾਂ ਨੂੰ ਜਾਣ ਦੀ ਤਿਆਰੀ ਕਰਨੀ ਓਦੋਂ ਤੋਂ ਹੀ ਘਰੇਲੂ ਬੀਬੀਆਂ ਨੇ ਧਾਰਾਂ ਕੱਢਣੀਆਂ ਪੱਠੇ ਪਾਉਣੇ ਗੋਹਾ ਕੂੜਾ ਹੱਥੀਂ ਚੱਕਣਾ ਸਿਆਲ ਹੋਣਾ ਤਾਂ ਪਸੂਆਂ ਥੱਲੇ ਸੁੱਕ ਪਾਉਣੀ ਜੇ ਗਰਮੀ ਦਾ ਮਹੀਨਾ ਹੋਣਾ ਤਾਂ ਮੱਛਰ ਤੋਂ ਬਚਾਉਣ ਲਈ ਧੂਣੀ ਕਰਨੀ ਤਾਂ ਕਿ ਪਸੂਆਂ ਨੂੰ ਮੱਛਰ ਨਾ ਕੱਟੇ। ਮੱਝਾਂ ਅਤੇ ਗਾਈਆਂ ਦੋਵੇਂ ਹੀ ਰੱਖਦੇ ਸਨ ਕਈ ਕਈ ਘਰ,ਤੇ ਕਈ ਘਰ ਇਕੱਲੀਆਂ ਮੱਝਾਂ ਹੀ ਰੱਖਣ ਨੂੰ ਪਹਿਲ ਦਿਆ ਕਰਦੇ ਸਨ। ਧਾਰਾਂ ਕੱਢਕੇ ਬੀਬੀਆਂ ਭੈਣਾਂ ਨੇ ਹਾਰੇ ਵਿੱਚ ਦੁੱਧ ਕੜ੍ਹਨਾ ਧਰ ਦੇਣਾ ਜੋ ਸਾਮ ਤੱਕ ਕੜ੍ਹ ਕੜ੍ਹ ਕੇ ਲਾਲ ਹੋ ਜਾਂਦਾ ਸੀ।ਕਈ ਘਰ ਤਾਂ ਸਾਮ ਨੂੰ ਮੱਝਾਂ ਗਾਂਵਾਂ ਦੀਆਂ ਧਾਰਾਂ ਕੱਢਕੇ ਕੱਚਾ ਤੇ ਪੱਕਾ ਮਤਲਬ ਕਾੜ੍ਹਨੀ ਵਾਲਾ ਦੁੱਧ ਅਤੇ ਤਾਜਾ ਚੋਇਆ ਦੁੱਧ ਰਲਾ ਕੇ ਪੀਂਦੇ ਸਨ ਤੇ ਕਈ ਘਰ ਸਿਰਫ ਕੱਚਾ ਹੀ ਪੀਆ ਕਰਦੇ ਸਨ।ਰੋਟੀ ਤੋਂ ਬਾਅਦ ਸਾਰੇ ਹੀ ਪਰਿਵਾਰ ਦੇ ਜੀਆਂ ਨੂੰ ਹਿੱਸੇ ਆਉਂਦਾ ਦੁੱਧ ਮਿਲਦਾ ਸੀ।ਪੜਨ ਗਏ ਬੱਚਿਆਂ ਨੂੰ ਵੀ ਆਉਣ ਸਾਰ ਹੀ ਕਾੜ੍ਹਨੀ ਵਾਲੇ ਦੁੱਧ ਦਾ ਗਿਲਾਸ ਦਿੱਤਾ ਜਾਂਦਾ ਰਿਹਾ ਹੈ ਤੇ ਨਾਲ ਹੀ ਗੁੜ ਸਾਰੇ ਖੁਸੀ ਨਾਲ ਪੀਂਦੇ ਰਹੇ ਹਨ। ਓਨਾਂ ਸਮਿਆਂ ਵਿੱਚ ਸਿਹਤ ਪੱਖੋਂ ਪੰਜਾਬ ਵਾਸੀ ਸੱਭ ਤੋਂ ਅੱਗੇ ਭਾਵ ਬਹੁਤ ਵਧੀਆ ਜੁੱਸੇ ਵਾਲੇ ਹੋਇਆ ਕਰਦੇ ਸਨ।

ਓਨਾਂ ਸਮਿਆਂ ਵਿੱਚ ਪਿੰਡਾਂ ਵਿੱਚ ਜਆਿਦਾ ਤਰ ਡਾਕਟਰ ਨਹੀਂ ਸਨ ਹੋਇਆ ਕਰਦੇ ਵੈਦ ਹੀ ਜਆਿਦਾ ਹੁੰਦੇ ਸਨ ਜੋ ਕਈ ਵਾਰ ਕਿਸੇ ਬੀਮਾਰ ਬੱਚੇ ਜਾਂ ਵੱਡੇ ਨੂੰ ਦਵਾਈ ਦੀਆਂ ਪੁੜੀਆਂ ਵੀ ਕਾੜ੍ਹਨੀ ਦੇ ਦੁੱਧ ਨਾਲ ਹੀ ਦੇਣ ਲਈ ਪ੍ਰੇਰਦੇ ਸਨ। ਕਾੜ੍ਹਨੀ ਦੇ ਦੁੱਧ ਉੱਪਰੋਂ ਮਲਾਈ ਪਾਸੇ ਕਰਕੇ ਤੇ ਥੋੜ੍ਹੀ ਜਿਹੀ ਤਰੌਟ ਭਾਵ ਥਿੰਦਾ ਪਨ ਪਾਸੇ ਕਰਕੇ ਦਵਾਈ ਦੇਣ ਨਾਲ ਸਰੀਰ ਜਿਥੇ ਤੰਦਰੁਸਤ ਹੋ ਜਾਇਆ ਕਰਦਾ ਸੀ ਓਥੇ ਕਸਟਰੌਲ ਵਗੈਰਾ ਵੀ ਕਦੇ ਨਹੀਂ ਸੀ ਵਧਦਾ। ਵੈਸੇ ਕਸਟਰੌਲ ਤਾਂ ਨਵੇਂ ਜਮਾਨੇ ਦਾ ਹੀ ਸਬਦ ਹੈ ਓਦੋਂ ਚਰਬੀ ਨਹੀਂ ਵਧਦੀ ਕਿਹਾ ਜਾਂਦਾ ਰਿਹਾ ਹੈਂ। ਪੱਕੇ ਭਾਵ ਕਾੜ੍ਹਨੀ ਵਾਲਾ ਦੁੱਧ ਪੀਣ ਦੇ ਹੋਰ ਵੀ ਬਹੁਤ ਫਾਇਦੇ ਹੋਇਆ ਕਰਦੇ ਸਨ,ਹਲਕਾ ਕਰਕੇ ਇਹ ਪਚ ਵੀ ਜਲਦੀ ਜਾਂਦਾ ਸੀ। ਇਸੇ ਤਰ੍ਹਾਂ ਕੱਚਾ ਤੇ ਪੱਕਾ ਦੁੱਧ ਰਲਾ ਕੇ ਰੋਟੀ ਨਾਲ ਵੀ ਘੁੱਟੋ ਬਾਟੀ ਪੀ ਲਾਈਦਾ ਸੀ। ਕਦੇ ਕਦੇ ਦੋ ਲੱਤਾਂ ਵਾਲੇ ਬਿੱਲੇ ਵੀ ਦੁੱਧ ਨੂੰ ਰਗੜਾ ਲਾ ਜਾਂਦੇ ਸਨ। ਮਤਲਬ ਕਈ ਵਾਰ ਮੇਰੇ ਵਰਗੇ ਨੇ ਸਕੂਲੋਂ ਆ ਕੇ ਸਿੱਧਾ ਹੀ ਮੂੰਹ ਹੱਥ ਧੋਣ ਤੋਂ ਬਿਨਾਂ ਹੀ ਕਾੜ੍ਹਨੀ ਵਿਚੋਂ ਸਣੇ ਮਲਾਈ ਗਿਲਾਸ ਭਰ ਕੇ ਪੀ ਕੇ ਮੂੰਹ ਨੂੰ ਸਾਫ ਕਰ ਲੈਣਾ ਤੇ ਫਿਰ ਮੰਨੀਦਾ ਵੀ ਨਹੀਂ ਸੀ ਕਿ ਮੈਂ ਪੀਤਾ ਹੈ ਹਾਂ ਸੱਚ ਗੁੜ ਦਾ ਡਲਾ ਤਾਂ ਦਰੀ ਦੇ ਝੋਲੇ ਵਿੱਚ ਹੀ ਰੱਖੀਦਾ ਸੀ ਕੋਈ ਮਤਲਬ ਹੀ ਨਹੀਂ ਸੀ ਕਿਸੇ ਨੂੰ ਪਤਾ ਵੀ ਲੱਗ ਜਾਵੇ ਐਸੀ ਹੋਇਆ ਕਰਦੀ ਸੀ ਹੱਥ ਦੀ ਸਫਾਈ।ਓਸੇ ਨੂੰ ਹੀ ਕਹੀਦਾ ਸੀ ਕਿ ਦੋ ਲੱਤਾਂ ਵਾਲਾ ਬਿੱਲਾ ਪੀ ਗਿਆ ਹੋਵੇਗਾ।ਸੋ ਦੋਸਤੋ ਗੱਲ ਤਾਂ ਸਮੇਂ ਸਮੇਂ ਦੀ ਹੁੰਦੀ ਹੈ ਇਹ ਸਾਰੇ ਸਮੇਂ ਦਾਸ ਨੇ ਵੇਖੇ ਵੀ ਨੇ ਤੇ ਬਿੱਲਾ ਬਣਕੇ ਦੁੱਧ ਵੀ ਪੀਂਦੇ ਰਹੇ ਹਾਂ। ਕੱਚੀਆਂ ਕੰਧਾਂ ਹੁੰਦੀਆਂ ਸਨ ਓਨਾਂ ਵਿੱਚ ਹੀ ਹਾਰੇ ਬਣੇ ਹੁੰਦੇ ਸਨ (ਫੋਟੋ ਦੀ ਤਰ੍ਹਾਂ)ਪਰ ਉਸ ਨੂੰ ਬਣਾਉਂਦੀਆਂ ਸਨ ਸਿਆਣੀਆਂ ਸਵਾਣੀਆਂ ਹੀ।ਹਰ ਇੱਕ ਬੀਬੀ ਭੈਣ ਨੂੰ ਇਹ ਹਾਰੇ ਨਹੀਂ ਸੀ ਬਣਾਉਣੇ ਆਉਂਦੇ। ਅਜੋਕੇ ਸਮਿਆਂ ਵਿੱਚ ਇਹ ਸਾਡੇ ਵਿਰਸੇ ਤੇ ਅਤੀਤ ਨੂੰ ਅਸੀਂ ਭੁੱਲਦੇ ਜਾ ਰਹੇ ਹਾਂ, ਕਿਉਂਕਿ ਘਰਾਂ ਵਿੱਚ ਪਸੂਆਂ ਦੇ ਝੰਜਟ ਤੋਂ ਅਸੀਂ ਡਰਦੇ ਹਾਂ ਤੇ ਮੁੱਲ ਦਾ ਦੁੱਧ ਲੈ ਕੇ ਚਾਹ ਬਣਾਉਣ ਤੇ ਪੀਣ ਲਈ ਵਰਤਦੇ ਹਾਂ।ਕੀ ਦੋਸਤੋ ਸਾਨੂੰ ਆਪਣੇ ਘਰ ਦੇ ਦੁੱਧ ਜਿਹਾ ਓਹ ਮੁੱਲ ਦਾ ਦੁੱਧ ਮਿਲਦਾ ਹੋਵੇਗਾ ?ਇਹ ਸਹਿਜੇ ਹੀ ਅੰਦਾਜਾ ਲਗਾਇਆ ਜਾ ਸਕਦਾ ਹੈ। ਹੁਣ ਤਾਂ ਲੱਸੀ ਦੇ ਵੀ ਪੈਕਟ ਆ ਰਹੇ ਹਨ ਅਤੇ ਅਸੀਂ ਖੁਸੀ ਖੁਸੀ ਓਹ ਵਰਤ ਵੀ ਰਹੇ ਹਾਂ।ਅਬਲਾ ਸਬਲਾ ਖਾਣ ਪੀਣ ਨਾਲ ਅਸੀਂ ਆਪਣੀਆਂ ਸਿਹਤਾਂ ਨਾਲ ਖਿਲਵਾੜ ਤਾਂ ਕਰਦੇ ਹੀ ਹਾਂ ਸਗੋਂ ਬੇ ਫਾਇਦਾ ਗੋਗੜਾਂ ਵਧਾ ਰਹੇ ਹਾਂ ਅਤੇ ਡਾਕਟਰਾਂ ਦੇ ਘਰ ਵੀ ਭਰ ਰਹੇ ਹਾਂ। ਹੱਥੀਂ ਕੰਮ ਕਰਨ ਤੋਂ ਕੰਨੀ ਕਤਰਾਉਣ ਲੱਗ ਪਏ ਹਾਂ ਹੁਕਮ ਚਲਾਉਂਦੇ ਹਾਂ।ਪਰ ਜੋ ਪੌਸਟਿਕ ਭੋਜਨ ਦੁੱਧ ਦਹੀਂ ਲੱਸੀ ਪੁਰਾਤਨ ਸਮਿਆਂ ਵਿੱਚ ਸਨ ਅੱਜ ਅਸੀਂ ਉਸ ਤੋਂ ਵਿਰਵਾ ਹੋ ਗਏ ਹਾਂ,ਭਾਵ ਤਰਸ ਰਹੇ ਹਾਂ ਓਹ ਗੱਲ ਵੱਖਰੀ ਹੈ ਕੋਈ ਮੰਨੋਂ ਭਾਵੇਂ ਨਾ ਮੰਨੋਂ ਇਹ ਹਕੀਕੀ ਗੱਲਾਂ ਨੇ। ਕੋਈ ਵੱਡੀ ਗੱਲ ਨਹੀਂ ਜੇਕਰ ਚਾਹੀਏ ਤਾਂ ਹੁਣ ਵੀ ਇੱਕ ਇੱਕ ਦੁਧਾਰੂ ਪਸੂ ਆਪਾਂ ਘਰਾਂ ਚ ਰੱਖ ਸਕਦੇ ਹਾਂ,ਪਰ ਕੰਮ ਹੱਥੀਂ ਕੌਣ ਕਰੇ ?ਇਥੇ ਆ ਕੇ ਹੀ ਅਸੀਂ ਮਾਰ ਖਾ ਜਾਂਦੇ ਹਾਂ। ਦੋਸਤੋ ਸਮੇਂ ਨਾਲ ਬਦਲਣਾ ਹਰ ਇਨਸਾਨ ਲਈ ਬਿਲਕੁਲ ਜਰੂਰੀ ਹੈ,ਪਰ ਆਪਣੀ ਸਿਹਤ ਦਾ ਖਿਆਲ ਤਾਂ ਖੁਦ ਆਪਾਂ ਆਪ ਹੀ ਰੱਖਣਾ ਹੈ ਇਹ ਕਿਸੇ ਤੀਜੇ ਨੇ ਆ ਕੇ ਨਹੀਂ ਰੱਖਣਾ। ਡੁੱਲ੍ਹੇ ਬੇਰਾਂ ਦਾ ਹਾਲੇ ਵੀ ਕੁੱਝ ਨਹੀਂ ਵਿਗਾੜਿਆ ਕੋਸਸਿ ਕਰੇ ਇਨਸਾਨ ਤਾਂ ਮਦਦ ਕਰਦੈ ਭਗਵਾਨ।

ਜਸਵੀਰ ਸਰਮਾਂ ਦੱਦਾਹੂਰ
95691-49556

# ਕਿਸਾਨੀ ਸੰਘਰਸ ਭੂਤ ਤੋਂ ਅਤੀਤ ਤੱਕ



ਕਿਸਾਨੀ ਸੰਘਰਸ ਇਸ ਸਮੇਂ ਪੂਰੀ ਦੁਨੀਆ ਨੂੰ ਆਪਣਾ ਲੇਖਾ ਜੋਖਾ ਵੱਖ ਵੱਖ ਅਰਥਾਂ ਰਾਹੀਂ ਪੇਸ ਕਰ ਰਿਹਾ ਹੈ।26 ਜਨਵਰੀ ਨੂੰ ਜਿੱਥੇ ਪੰਜਾਬ, ਹਰਿਆਣਾ, ਉਤਰ ਪ੍ਰਦੇਸ , ਉੱਤਰਾਖੰਡ ਅਤੇ ਰਾਜਸਥਾਨ ਦੇ ਕਿਸਾਨਾਂ ਨੇ ਆਪਣੇ ਅਦਭੁਤ ਹੌਂਸਲੇ ਦਾ ਸਬੂਤ ਦਿੰਦੇ ਹੋਏ ਟਰੈਕਟਰ ਮਾਰਚ ਰਾਜਧਾਨੀ ਦਿੱਲੀ ਵਿੱਚ ਕੱਢਣ ਦਾ ਫੈਸਲਾ ਕੀਤਾ। ਉੱਥੇ ਸਾਡੇ ਕਿਸਾਨ ਲੀਡਰਾਂ ਨੇ ਆਪਣੀ ਦੂਰਅੰਦੇਸੀ ਦੇ ਨਾਲ ਇਹ ਖਦਸ਼ਾ ਵੀ ਜਾਹਿਰ ਕੀਤਾ ਕਿ ਕੁੱਝ ਸਰਾਰਤੀ ਅਨਸਰ ਕਿਸਾਨ ਮਜਦੂ ਰਾਂ ਦੇ ਇਸ ਸਾਂਝੇ ਅੰਦੋਲਨ ਨੂੰ ਤਾਰਪੀਡੋ ਕਰਨ ਵਿੱਚ ਲੱਗੇ ਹੋਏ ਹਨ। ਫਿਰ ਵੀ ਦਿੱਲੀ ਪੁਲਿਸ ਦੀ ਸਹਿਮਤੀ ਨਾਲ ਤਿਆਰ ਰੋਡ ਮੈਪ ਉਤੇ ਸਾਡੇ ਕਿਸਾਨ ਲੀਡਰਾਂ ਨੇ ਪੂਰੇ ਜੋਸ ਤੇ ਹੋਸ ਨਾਲ ਟਰੈਕਟਰ ਮਾਰਚ ਦਾ ਆਯੋਜਨ ਕੀਤਾ। ਤਿਰੰਗੇ ਝੰਡੇ ਦੀ ਸਾਨ ਨੂੰ ਬਰਕਰਾਰ ਰੱਖਣ ਲਈ ਸਾਰੇ ਕਿਸਾਨ ਵੀਰ ਆਪਣੇ ਆਪਣੇ ਟਰੈਕਟਰ ਉੱਤੇ ਸਾਡਾ ਤਿਰੰਗਾ ਝੰਡਾ ਲਹਿਰਾਉਂਦੇ ਹੋਏ ਮਾਰਚ ਕੱਢ ਰਹੇ ਸਨ। ਗਣਤੰਤਰ ਦਿਵਸ ਦੀ ਪਰੇਡ ਵਾਂਗ ਹੀ ਉਹਨਾਂ ਨੇ ਟਰੈਕਟਰ ਦੀਆਂ ਟਰਾਲੀਆਂ ਤੇ ਸਾਡੇ ਗਦਰੀ ਬਾਬਿਆਂ, ਸੁਤੰਤਰਤਾ ਸੰਗਰਾਮ ਦੇ ਸਹੀਦਾਂ ਦੀਆਂ ਫੋਟੋਆਂ, ਸਾਡੇ ਗੁਰੂ ਸਾਹਿਬਾਨ ਦੀਆਂ ਸਿਖਿਆਵਾਂ ਦੇ ਨਾਲ ਸੰਗਾਰੇ ਫਲੈਕਸ ਬੋਰਡ ਲਾਏ ਹੋਏ ਸਨ। ਜਿਸ ਤਰ੍ਹਾ ਰੋਲਟ ਐਕਟ ਦੇ ਵਿਰੋਧ ਵਿੱਚ ਸਾਡੇ ਦੇਸ ਭਗਤਾਂ ਨੇ ਅੰਗਰੇਜਾਂ ਦਾ ਵਿਰੋਧ ਕੀਤਾ ਸੀ। ਬਿਲਕੁੱਲ ਉਸੇ ਤਰ੍ਹਾਂ ਦਾ ਵਿਰੋਧ ਜਨ ਜਨ ਦੀ ਆਵਾਜ ਬਣਕੇ ਦਿੱਲੀ ਦੀਆਂ ਸੜਕਾਂ ਤੇ ਸਾਂਤਮਈ ਢੰਗ ਨਾਲ ਆਪਣਾ ਪੱਖ ਪੇਸ ਕਰਦਾ ਨਜ਼ਰ ਆ ਰਿਹਾ ਸੀ। ਕਿਸਾਨ ਸਿਰਫ ਆਪਣੇ ਫਸਲਾਂ ਦੇ ਸਮਰਥਨ ਮੁੱਲ ਤੇ ਕਾਰਪੋਰੇਟ ਘਰਾਣਿਆਂ ਕੋਲੋਂ ਆਪਣੀ ਆਜਾਦੀ ਦਾ ਹੱਕ ਆਪਣੀ ਹੀ ਚੁਣੀ ਹੋਈ ਸਰਕਾਰ ਤੋਂ ਕਈ ਮਹੀਨਿਆਂ ਦੇ ਮੰਗਦੇ ਆ ਰਹੇ ਸਨ। ਕਿਤੇ ਬਾਬੇ ਨਾਨਕ ਦੀ ਬਾਣੀ "ਕਿਰਤ ਕਰੋ, ਵੰਡ ਛਕੋ" ਦੇ ਕੀਰਤਨ ਹੋ ਰਹੇ ਸਨ ਤੇ ਕਿਤੇ ਲੋਕ ਦੁੱਲੇ ਭੱਟੀ ਦੇ ਸੋਹਲੇ ਗਾਉਂਦੇ ਨਜਰ ਆ ਰਹੇ ਸਨ। ਸਥਾਨਕ ਲੋਕ ਵੀ ਕਿਤੇ ਕਿਤੇ ਹੱਥਾਂ ਵਿੱਚ ਫੁੱਲ ਲੈ ਕੇ ਕਿਸਾਨਾਂ ਦਾ ਸਵਾਗਤ ਕਰ ਰਹੇ ਸਨ। ਕਿਸਾਨਾਂ ਦੇ ਉੱਤੇ ਫੁੱਲਾਂ ਦੀ ਵਰਖਾ ਕੀਤੀ ਜਾ ਰਹੀ ਸੀ।ਅੰਨਦਾਤੇ ਦਾ ਸਨਮਾਨ ਆਪਣੇ ਆਪ ਵਿੱਚ ਗੌਰਵਸਾਲੀ ਇਤਿਹਾਸ ਨੂੰ ਦਰਸਾ ਰਿਹਾ ਸੀ। ਪਰ ਮੈਨੂੰ ਇਹ ਅਫਸੋਸ ਹੈ ਕਿ ਸਾਡੇ ਦੇਸ ਦੇ ਮੀਡੀਆ ਨੇ ਸਾਡੇ ਲੋਕਾਂ ਦੇ ਇਸ ਜਾਬਤੇ ਦਾ ਆਪਣੇ ਟੀ.ਵੀ ਚੈਨਲਾਂ ਤੇ ਪ੍ਰਸਾਰਣ ਦਿਖਾਉਣ ਦੀ ਬਜਾਏ ਸਾਡੇ ਕਿਸਾਨ ਭਰਾਵਾਂ ਨੂੰ ਅਰਾਜਕਤਾ ਫੈਲਾਉਣ ਵਾਲੇ ਖਲਨਾਇਕ ਬਣਾ ਕੇ ਪੇਸ ਕੀਤਾ। ਮੁੱਠੀ ਭਰ ਕੁੱਝ ਸਰਾਰਤੀ ਅਨਸਰਾਂ ਦੀ ਬਦੌਲਤ ਸਾਡੇ ਕਿਸਾਨ ਲੀਡਰਾਂ ਨੂੰ ਟਰੈਕਟਰ ਮਾਰਚ ਨੂੰ ਵਾਪਸੀ ਦਾ ਆਦੇਸ ਦੇਣਾ ਪਿਆ ਤੇ ਆਖਿਰ 1 ਫਰਬਰੀ ਦਾ ਸੰਸਦ ਭਵਨ ਵੱਲ ਕੀਤਾ ਜਾਣ ਵਾਲਾ ਮਾਰਚ ਵੀ ਮੁਲਤਵੀ ਕਰਨਾ ਪਿਆ। ਇਸ ਸਾਰੇ ਘਟਨਾਕ੍ਰਮ ਨੂੰ ਜੇਕਰ ਗੌਰ ਨਾਲ ਵੇਖੀਏ ਤਾਂ ਆਪਣੇ ਆਪ ਨੂੰ ਗਹਿਰਾ ਸਦਮਾ ਲੱਗਣਾ ਸੁਭਾਵਿਕ ਹੀ ਸੀ। ਅੰਦੋਲਨ ਦੇ ਭੂਤਕਾਲ ਨੂੰ ਵੇਖੀਏ ਤਾਂ ਪਤਾ ਲੱਗਦਾ ਹੈ ਕਿ ਇਤਿਹਾਸ ਦੇ ਇਸ ਮਹਾਂ ਇਕੱਠ ਉੱਤੇ ਸਾਰੀ ਦੁਨੀਆਂ ਨਜ਼ਰਾ ਗੱਡੀ ਬੈਠੀ ਹੈ ਪਰ ਕੁੱਝ ਬੰਦੇ ਫੋਕੀ ਸੋਹਰਤ ਹਾਸਿਲ ਕਰਨ ਲਈ ਆਪਣੇ ਭਰਾਵਾਂ ਦੀ ਮਹੀਨਿਆਂ ਤੋਂ ਕੀਤੀ ਮੇਹਨਤ ਉੱਤੇ ਪਾਣੀ ਫੇਰ ਦਿੰਦੇ ਹਨ। ਸਰਕਾਰ ਜੋ ਚਾਹੁੰਦੀ ਸੀ ਹੋ ਚੁੱਕਿਆ ਹੈ। ਪਰ ਹੁਣ ਭੂਤ ਤੋਂ ਸਬਕ ਲੈ ਕੇ ਵਰਤਮਾਨ ਨੂੰ ਸੰਭਾਲਣ ਦੀ ਲੋੜ ਹੈ। ਹੱਕ ਸੱਚ ਅਤੇ ਇਨਸਾਫ ਦੀ ਲੜਾਈ ਲੰਬੀ ਹੋ ਸਕਦੀ ਹੈ ਪਰ ਬਿਨਾਂ ਫੈਸਲੇ ਦੇ ਕਦੇ ਖਤਮ ਨਹੀਂ ਹੁੰਦੀ। ਕੁੱਝ ਸਰਾਰਤੀ ਅਨਸਰਾਂ ਦੀ ਬਦੌਲਤ ਅਸੀਂ ਆਪਣੇ ਕਿਸਾਨ ਲੀਡਰਾਂ ਨੂੰ ਦੋਸੀ ਨਹੀਂ ਠਹਿਰਾ ਸਕਦੇ। ਲੋੜ ਹੈ ਸੰਜਮ ਦੀ। ਠੰਡੇ ਦਿਮਾਗ ਨਾਲ ਸਤਰੰਜ ਦੀਆਂ ਚਾਲਾਂ ਨੂੰ ਸਮਝਣ ਦੀ। ਇੱਕ ਗਲਤ ਚਾਲ ਹੀ ਮਾਤ ਦੇ ਸਕਦੀ ਹੈ ਤੇ ਇਕ ਚਾਲ ਹੀ ਹਾਰੀ ਹੋਈ ਬਾਜੀ ਨੂੰ ਜੇਤੂ ਕਰ ਸਕਦੀ ਹੈ। ਇਸ ਕਰਕੇ ਕਿਸਾਨ ਭਰਾਵੋਂ।। ਅਤੀਤ ਆਪਣੀਆਂ ਬਾਹਾਂ ਫੈਲਾ ਕੇ ਵਰਤਮਾਨ ਦੇ ਅੱਗੇ ਖੜ੍ਹਾ ਹੈ। ਜੰਗ ਹਾਲੇ ਬਾਕੀ ਹੈ। ਸਾਡੇ ਅਤੀਤ ਦੀ ਕਾਲੀ ਰਾਤ ਨੂੰ ਅਸੀਂ ਚੰਨ ਦੀ ਚਾਨਣੀ ਨਾਲ ਕਿਵੇਂ ਰੋਸਨ ਕਰਨਾ ਹੈ ਇਹ ਹੀ ਵਰਤਮਾਨ ਦਾ ਸਵਾਲ ਹੈ।

ਦਿਨੇਸ ਨੰਦੀ
9417458831

# ਜਾਗਦਿਆਂ ਨੂੰ ਜਗਾਉਣਾ ਔਖਾ ਹੈ !



ਬੁੱਧ ਸਿੰਘ ਨੀਲੋਂ 94643 70823

ਇਸ ਵਕਤ ਆਮ ਲੋਕਾਂ ਦੀ ਹਾਲਤ ਇਹ ਬਣਾ ਦਿੱਤੀ / ਬਣਾ ਲਈ ਕੁੱਝ ਵੀ ਸਮਝ ਲਵੋ। ਜਦੋਂ ਸਮਾਜ ਵਿੱਚ ਕੋਈ ਸੰਕਟ ਆਉਂਦਾ ਐ, ਸਿਆਸਤ ਨਾਲ ਹੀ ਆ ਵੜਦੀ ਐ। ਆਪਣੇ ਸਿਆਸੀ ਵਿਰੋਧੀ ਨੂੰ ਬਦਨਾਮ ਕਰਨ/ ਖਤਮ ਕਰਨ ਲਈ ਸਾਜਿਸ਼ ਸ਼ੁਰੂ ਹੋ ਜਾਂਦੀ ਹੈ। ਦੁਨੀਆ ਦੇ ਸਰਮਾਏਦਾਰੀ ਨੇ ਬਿਜਨਸ ਵਿੱਚ ਵਾਧਾ ਕਰਨ ਲਈ ਜਿਹੜੀ ਇਸ ਸਮੇਂ ਖੇਡ ਖੇਡੀ ਐ। ਉਸ ਦੀ ਲਪੇਟ ਆਪ ਵੀ ਆ ਗਏ।

ਸਾਡੇ ਦੇ ਹਾਕਮਾਂ ਨੂੰ ਪਤਾ ਸੀ ਉਹ ਕੰਨ ਵਲੇਟੀਂ ਰੱਖੇ ਹੁਣ ਜਦੋਂ ਸਥਿਤੀ ਦਿਨ ਬ ਦਿਨ ਗੰਭੀਰ ਹੋ ਰਹੀ ਐ ਤਾਂ ਬਚਾ ਦੇ ਨਾਲੋਂ ਸਿਆਸਤ ਵੱਧ ਧਿਆਨ ਵੱਧ ਹੋ ਗਿਆ। ਦੇਸ਼ ਰਾਜ ਕਰਦਾ ਸ਼੍ਰੇਣੀ ਨੇ ਇਸ ਬੀਮਾਰੀ ਨੂੰ ," ਹਿੰਦੂ ਮੁਸਲਮ " ਦੇ ਵਿੱਚ ਬਦਲਣ ਲਈ ਹਰ ਕੋਸ਼ਿਸ਼ ਸ਼ੁਰੂ ਕਰ ਦਿੱਤੀ ਹੈ। ਦੇਸ਼ ਵਿੱਚ ਅਕਲ ਤੋ ਬਿਨਾਂ ਕਿਸੇ ਚੀਜ਼ ਦਾ ਘਾਟਾ ਨਹੀਂ। ਸਾਰੇ ਸੱਤਾਧਾਰੀ ਗਾਇਬ ਹਨ।

ਪਰ ਲੋਕ ਇਕ ਦੂਜੇ ਦਾ ਸਹਾਰਾ ਬਣ ਰਹੇ ਹਨ। ਲੋਕਾਂ ਦੇ ਟੈਕਸ ਉਤੇ 585000ਹਜ਼ਾਰ ਦੇ ਵਿੱਚ ਵੀ ਵੀ ਆਈ ਪੀ ਹਨ। ਅਰਬਾਂ ਰੁਪਏ ਤਨਖਾਹ/ ਪੈਨਸ਼ਨ ਲੈਂਦੇ ਹਨ। ਦੇਸ਼ ਵਿੱਚ ਸਿਆਸਤ ਤੋਂ ਕੁੱਝ ਵੀ ਨਹੀਂ। ਮੈਡੀਕਲ ਸਹੂਲਤਾਂ ਨਹੀਂ। ਬਿਨਾ ਹਥਿਆਰ ਦੇ ਡਾਕਟਰੀ ਅਮਲਾ ਇਸ ਮਹਾਮਾਰੀ ਖਿਲਾਫ ਜੰਗ ਲੜਦਾ ਹੈ। ਹਵਨ/ ਪੂਜਾ/ ਗਊ ਮੂਤਰ/ ਗਊ ਗੋਬਰ ਦੀ ਸਿਆਸਤ ਚਲ ਰਹੀ ਐ। ਲੋਕਾਂ ਨੂੰ ਭੁੱਖ ਨਾਲ ਲੜਨ ਲਈ ਹੁਕਮ ਜਾਰੀ ਹੋ ਰਹੇ ਹੜ ਲੋਕ ਬਾਗੀ। ਇਸ ਬਗਾਵਤ ਦਾ ਨਤੀਜਾ ਕੀ ਨਿਕਲੇਗਾ ? ਇਹ ਕੋਈ ਨਹੀਂ ਜਾਣਦਾ। ਜਿਹਨਾਂ ਪਤਾ ਸੀ ਇਸ ਦਾ ਉਹ ਵਿਦੇਸ਼ ਤੋਂ ਸਪੈਸ਼ਲ ਜਹਾਜ਼ ਰਾਹੀਂ ਸੁਰੱਖਿਆ ਘਰ ਲਿਆਂਦੇ। ਆਮ ਲੋਕਾਂ ਲਈ ਮਰਨ ਵਾਸਤੇ ਹੁਕਮ ਸੁਣਾ ਦਿੱਤਾ। ਪਰ ਜਿਹਨਾਂ ਲੋਕਾਂ ਦੇ ਦਿੱਤੇ ਟੈਕਸ ਜਿਹੜੇ ਸਿਆਸੀ ਲੋਕ ਪਲਦੇ ਹਨ, ਉਹਨਾਂ ਲਈ ਛੱਡ ਵੀ ਅਸਮਾਨ ਐ ਤੇ ਗੈਦ ਲਈ ਧਰਤੀ ਐ।ਇਹ ਸੱਚ ਹੈ ਕਿ ਬਹੁਗਿਣਤੀ ਅਵਾਮ ਨੂੰ ਪਤਾ ਨਹੀਂ ਕਿ ਉਹ ਟੈਕਸ ਦੇਦੇ ਹਨ ..ਤੇ ਦੇਂਦੇ ਕਿਵੇ ਹਨ ? ਲੋਕ ਤਾਂ ਅਮਦਨ ਤੇ ਲੱਗਣ ਵਾਲਾ ਟੈਕਸ ਦੇਂਦੇ ਹਨ ਤੇ ਕਈ ਸੀ ਏ ਦੀ ਕਿਰਪਾ ਦੇ ਨਾਲ ਵਿੰਗੇ ਟੇਡੇ ਢੰਗ ਨਾਲ ਰਾਹਤ ਵੀ ਲੈਂਦੇ ਹਨ. ਇਹ ਲੋਕ ਉਹ ਹਨ ਜਿਹਨਾਂ ਦੀ ਸਰਕਾਰੇ ਦਰਬਾਰੇ ਪਹੁੰਚ ਹੈ..ਵੱਡੀਆਂ ਫੈਕਟਰੀਆਂ ਤੇ ਕੰਪਨੀਆਂ ਦੇ ਮਾਲਕ ਹਨ .ਜੋ ਇੱਕ ਪਾਸੇ ਮਜਦੂਰਾਂ ਦਾ ਲਹੂ ਪੀਦੇ ਹਨ ਤੇ ਦੂਜੇ ਟੈਕਸ ਬਚਾਉਣ ਲਈ ਹਰ ਤਰ੍ਹਾਂ ਦੀ ਹੇਰਾਫੇਰੀ ਕਰਦੇ ਹਨ. ਜਦਕਿ ਦੂਜੇ ਪਾਸੇ ਦੇਸ ਦੇ ਲੋਕ ਤਾਂ ਕੋਈ ਵੀ ਵਸਤੂ ਖਰੀਦਣ ਤੋਂ ਪਹਿਲਾਂ ਹੀ ਇਹ ਟੈਕਸ ਦੇ ਅਦਾ ਕਰਦੇ ਹਨ..ਕਿਉਂਕਿ ਹਰ ਵਸਤੂ ਦੇ ਉਪਰ ਪਹਿਲਾਂ ਹੀ ਟੈਕਸ ਲੱਗਿਆ ਹੁੰਦੇ ਹੈ....ਤੁਸੀਂ ਸਵੇਰੇ ਤੋਂ ਟੈਕਸ ਭਰਦੇ ਚਾਹ ਦੁੱਧ,ਚੀਨੀ.ਗੈਸ .ਬਿਜਲੀ .ਪਾਣੀ .ਦਾਲਾਂ.ਕੱਪੜੇ.ਮੋਬਾਇਲ ਤੇਲ.ਜਮੀਨ ਵੇਚਣ ਖਰੀਦਣ ਤੇ ਸਭ ਤੋਂ ਵੱਧ ਸ਼ਰਾਬ ਤੇ ਸਿਰਗਟ ਤੇ ਤਮਾਖੂ ਤੇ....ਲੋਕ ਟੈਕਸ ਦੇ ਵਸਤੂਆਂ ਖਰੀਦ ਦੇ ਹਨ...ਜਿਹੜੀਆਂ ਕੰਪਨੀਆਂ ਤੇ ਫੈਕਟਰੀਆਂ ਇਹ ਸਮਾਨ ਬਣਾਉਣਦੀਆਂ ਨੇ ਉਹਨਾਂ ਨੇ ਸਰਕਾਰਾਂ ਨੂੰ ਉਹ ਟੈਕਸ ਦੇਣਾ ਹੁੰਦੇ ...ਸਰਕਾਰਾਂ ਨੇ ਇਸ ਦੇ ਨਾਲ ਦੇਸ ਦਾ ਵਿਕਾਸ ਕਰਨਾ ਹੁੰਦੇ ...ਸਰਕਾਰੀ ਮੁਲਾਜਮਾਂ ਤਨਖਾਹ ਤੇ ਪੈਨਸਨ ਦੇਣੀਆਂ ਹੁੰਦੀਆਂ ਹਨ.....

ਸਰਕਾਰ ਲੋਕਾਂ ਦੇ ਦਿੱਤੇ ਟੈਕਸ ਦੇ ਨਾਲ ਸੜਕਾਂ ਬਣਾਉਣਦੀ ਹੈ...ਫੇਰ ਲੋਕਾਂ ਤੋਂ ਟੋਲ ਟੈਕਸ ਵਸੂਲਦੀ ਹੈ..ਲੋਕ ਚੁੱਪਚਾਪ ਦੇਈ ਜਾਂਦੇ ਹਨ.ਕੋਈ ਉਜਰ ਨਹੀਂ ਕਰਦਾ...ਜੇ ਕੋਈ ਸਿਆਸੀ ਆਗੂ ਇਸ ਦਾ ਵਿਰੋਧ ਕਰਦਾ ਹੈ ਤਾਂ ਉਹ ਆਪਣਾ ਹਿੱਸੇ ਲਈ ਕਰਦੈ... ਜਿਹੜੀ ਪੁਲਿਸ ਹੱਕਾਂ ਲਈ ਸੰਘਰਸ ਕਰਦੇ ਲੋਕਾਂ ਨੂੰ ਕੁੱਟਦੀ ਹੈ..ਮਾਰਦੀ ਹੈ..ਉਹ ਵੀ ਲੋਕਾਂ ਦੇ ਦਿੱਤੇ ਟੈਕਸ ਦੇ ਵਿੱਚੋਂ ਤਨਖਾਹ ਲੈਂਦੀ ਹੈ.. ਚਪੜਾਸੀ ਤੋਂ ਮੁੱਖ ਸਕੱਤਰ ਤੱਕ...ਸਰਪੰਚ ਤੋ ਪ੍ਰਧਾਨ ਮੰਤਰੀ ਤੇ ਰਾਸਟਰਪਤੀ ਤੱਕ...ਸਭ ਸੁੱਖ ਸਹੂਲਤਾਂ ਲੋਕਾਂ ਦੇ ਸਿਰ ਤੇ ਕਰਦੇ ਹਨ...ਜਦੋ ਰੋਡ ਟੈਕਸ ਤਾਂ ਫੇਰ ਟੋਲ ਟੈਕਸ ਕਿਉਂ ?

ਜੇ ਨੌਜਵਾਨਾਂ ਨੂੰ ਰੁਜਗਾਰ ਨਹੀਂ ਦੇਣਾ .ਸਿੱਖਿਆ ਨਹੀਂ ਦੇਣੀ.ਸਿਹਤ ਦੀ ਸੰਭਾਲ ਲਈ ਹਸਪਤਾਲ ਤੇ ਮੁਫਤ ਇਲਾਜ ਨਹੀਂ ਕਰਨਾ ਫੇਰ ਟੈਕਸ ਦੇਣਾ ? ਪਰ ਲੋਕਾਂ ਦੇ ਨਾਲ ਦਿਨ ਵੇਲੇ ਠੱਗੀ ਮਾਰੀ ਜਾ ਰਹੀ ਹੈ..

ਜਨਤਕ ਅਦਾਰਿਆਂ ਨੂੰ ਬਦਨਾਮ ਕਰਨ ਲਈ ਭ੍ਰਿਸਟਾਚਾਰ ਫੈਲਾਇਆ ਗਿਆ ..ਮੁਲਾਜਮ ਵਰਗ ਦੀਆਂ ਤਨਖਾਹਾਂ ਵਧਾ ਕੇ.ਉਹਨਾਂ ਦੇ ਚੰਗਲੇ ਸੁਆਦ ਬਣਾ ਦਿੱਤੇ ..

ਸਰਕਾਰੀ ਸਕੂਲ , ਕਾਲਜ ਤੇ ਯੂਨੀਵਰਸਿਟੀਆਂ ਦੇ ਵਿੱਚ ਅਧਿਆਪਕ ਘੱਟ ਕੀਤੇ ..ਤਾਂ ਕਿ ਨਿੱਜੀਕਰਨ ਵੱਲ ਵਧਿਆ ਜਾ ਸਕੇ...

ਸਿਹਤ, ਸਿਖਿਆ, ਰੁਜਗਾਰ ਤੇ ਸਮਾਜਿਕ ਸੁਰੱਖਿਆ ਦਾ ਬੁਨਿਆਦੀ ਤੇ ਸੰਵਿਧਾਨਕ ਹੱਕ ਖੋਹ ਕੇ...ਸਭ ਪਾਸੇ ਨਿੱਜੀ ਕੰਪਨੀਆਂ ਨੂੰ ਖੁਲ੍ਹ ਦਿੱਤੀ..

ਸਿਹਤ ਦਾ ਇਲਾਜ ਮਹਿੰਗਾ ਹੋਇਆ

ਨਕਲੀ ਦਵਾਈਆਂ ਤੇ ਨਕਲੀ ਖਾਣ ਵਾਲੀਆਂ ਵਸਤੂਆਂ ਨੇ ਲੋਕਾਂ ਨੂੰ ਮਰਨ ਲਈ ਮਜਬੂਰ ਕਰ ਦਿੱਤਾ ... ਕੌਣ ਹਨ ਜੋ ਨਕਲੀ ਕਾਰੋਬਾਰ ਕਰਦੇ ਹਨ..ਸਾਡੇ ਹੀ ਭੈਣ ਭਰਾ ਤੇ ਦੋਸਤ ਮਿੱਤਰ ਹਨ. ਕੌਣ ਕੀ ਕਾਰੋਬਾਰ ਕਰਦਾ ਹੈ.ਸਭ ਦਾ ਸਭ ਨੂੰ ਪਤਾ ਹੈ...ਪਰ ਸਭ ਚੁੱਪ ਹਨ..ਆਪਾਂ ਕੀ ਲੈਣਾ ." .ਜੋ ਕਰੂਗਾ ਤੇ ਭਰੂਗਾ" ਆਖਦੇ ਹਨ. ਜਦੋਂ ਅਸੀਂ ਹਰ ਤਰ੍ਹਾਂ ਦਾ ਟੈਕਸ ਅਦਾ ਕਰਦੇ ਹਾਂ .ਫਿਰ ਕਿਉਂ ਪਲ ਪਲ ਮਰਦੇ ਹਾਂ ..ਕਿਉਂ ਨਹੀਂ ਮੁਢਲੀ ਤੋ ਉਚੇਰੀ ਤੱਕ ਸਿਖਿਆ ਮੁਫਤ ਦਿੱਤੀ ਜਾਂਦੀ . ?ਕਿਉਂ ਨਹੀਂ ਸਰਕਾਰੀ ਹਸਪਤਾਲਾਂ ਵਿੱਚ ਮੁਫਤ ਇਲਾਜ ਨਹੀਂ ਹੁੰਦੇ ? ਕਿਉਂ ਨਹੀਂ ਨੌਜਵਾਨਾਂ ਨੂੰ ਨੌਕਰੀਆਂ ਦਿੱਤੀਆਂ ਜਾਦੀਆਂ ? ਸਰਕਾਰੀ ਮੁਲਾਜਮ ਤੇ ਮੰਤਰੀ ਦਾ ਇਲਾਜ ਕਿਉਂ ਸਰਕਾਰੀ ਖਰਚੇ ਤੇ ਹੁੰਦੇ ?

ਕਿਰਤੀ ਭੁੱਖ ਨਾਲ ਮਰਦੇ ਹਨ, ਵਿਹਲੜ ਸਿਆਸਤਦਾਨ ਹਰ ਤਰ੍ਹਾਂ ਦੀਆਂ ਸੁਖ ਸਹੂਲਤਾਂ ਨਾਲ ਪਲਦੇ ਹਨ। ਕਈ 2 ਤੇ ਪੰਜ ਪੈਨਸ਼ਨਾਂ ਲੈਣ ਵਾਲੇ ਸਿਆਸੀ ਵਿਹਲੜ ਸਭ ਲਾਪਤਾ ਹਨ। ਉਹ ਏਸ ਕਰਦੇ ਹਨ ।ਆਮ ਲੋਕ ਪਲ ਪਲ ਤੇ ਹਰ ਸਾਹ ਮਰਦੇ ਹਨ. ਲੋਕਾਂ ਨੂੰ ਇੱਕਠੇ ਹੋਣ ਤੋਂ ਰੋਕਣ ਲਈ ਜਾਤੀਆਂ ਤੇ ਧਰਮਾਂ ਵਿੱਚ ਵੰਡਿਆ ਹੋਇਆ ਹੈ... ਅਗਿਆਨ ਦੀ ਨੇਰੀ ਆਉਣ ਕਰਕੇ ਚਾਰੇ ਪਾਸੇ ਚੁਪ ਹੈ...ਨਾ ਬੋਲਣ ਦਾ ਹੀ ਦੁੱਖ ਹੈ..

'ਜੋ ਬੋਲੇ ਉਹੀ ਗਦਾਰ" ਦੇਸ ਧ੍ਰੋਹੀ ਹੈ.

ਕਲਮਾਂ ਦੇ ਸਿਰ ਕਤਲ ਕੀਤੇ ਜਾ ਰਹੇ ਹਨ..ਮੀਡੀਆ ਨੂੰ ਰਖੇਲ ਬਣਾਇਆ ਹੈ...ਜੋ ਉਹ ਹੀ ਦਿਖਾਉਣ ਲਈ ਪੱਬਾਂ ਭਾਰ ਹੈ ਜੋ ਸਰਕਾਰ ਚਾਹੁੰਦੀ ਹੈ... ਲੋਕਾਂ ਨੂੰ ਧਰਮ ਦੇ ਨਾਂ ਤੇ ਲੁੱਟਿਆ ਤੇ ਮਾਰਿਆ ਜਾ ਰਿਹਾ ਹੈ.. ਲੋਕਾਂ ਨੂੰ ਵੱਖ ਵੱਖ ਖੇਮਿਆਂ ਵਿੱਚ ਵੱਡਿਆਂ ਹੋਇਆ ਹੈ...ਲੋਕਾਂ ਦੇ ਹੱਕਾਂ ਦੀ ਗੱਲ ਕਰਨ ਵਾਲਿਆਂ ਨੂੰ ਕਾਨੂੰਨ ਦੇ ਹਥਿਆਰਾਂ ਨਾਲ ਦਬਾਇਆ ਜਾ ਰਿਹਾ ਹੈ...

ਲੋਕਾਂ ਨੂੰ ਆਪਣੇ ਹੱਕਾਂ ਲਈ ਇੱਕ ਦਿਨ ਤਾਂ ਇਕੱਠਾ ਹੋਣਾ ਪੈਣਾ ਹੈ...ਹੁਣ ਵੀ ਜੇ ਲੋਕ ਨਾ ਜਾਗੇ ਤੇ ਇਕੱਠੇ ਹੋਏ ਤਾਂ ਫੇਰ ....ਅਗਲੀਆਂ ਨਸਲਾਂ ਨੂੰ ਕੀ ਦੱਸੋਗੇ.... ?..ਇਸ ਸਮੇਂ ਆਮ ਲੋਕਾਂ ਨੂੰ ਸਮਝ ਆਉਣੀ ਚਾਹੀਦੀ ਐ।ਆਪਣੇ ਤੇ ਪਰਾਏ ਦਾ ਫਰਕ ਪਤਾ ਲੱਗ ਗਿਆ ਹੈ। ਹੁਣ ਗੈਸ ਤੇ ਤੇਲ ਦੀਆਂ ਕੀਮਤਾਂ ਦੇ ਵਿੱਚ ਵਾਧਾ ਇਕ ਮਹੀਨੇ ਵਿੱਚ ਕਈ ਵਾਰ ਹੋ ਗਿਆ ਹੈ ਪਰ ਜਨਤਾ ਜਾਗਦੀ ਸਭ ਕੁੱਝ ਜਰ ਰਹੀ ਹੈ ਪਰ ਇਸ ਤੋਂ ਛੁੱਟਕਾਰਾ ਪਾਉਣ ਲਈ ਕੋਈ ਸੰਘਰਸ ਨਹੀਂ ਕਰਦੀ । ਸਿਆਣੇ ਆਖਦੇ ਸੁੱਤਿਆਂ ਨੂੰ ਜਗਾਉਣਾ ਤੇ ਪਰ ਜਾਗਦਿਆਂ ਨੂੰ ਕੌਣ ਜਗਾਏਗਾ ? ਸਭ ਤਮਾਸਾ ਦੇਖ ਰਹੇ ਹਨ ।ਪਰ ਕਦੋਂ ਤੱਕ ? ਹੁਣ ਤੇ ਸਰਕਾਰ ਨੇ ਤੁਹਾਡੇ ਢਿੱਡ ਨੂੰ ਹੱਥ ਪਾ ਲਿਆ ਪਰ ਚੁਪ ਕਿਉ ਵੱਟੀ ਹੈ ? ਇਹ ਸੰਕਟ ਦੇਸ਼ ਨੂੰ ਬਦਲ ਵੀ ਸਕਦਾ ਤੇ ਤਬਾਹ ਵੀ ਕਰ ਸਕਦਾ। ਹੁਣ ਸੂਰਜ ਕਿਧਰ ਚੜਾਈ ਕਰਦਾ ? ਪਰ ਕਿਸਾਨਾਂ ਨੇ ਦਿੱਲੀ ਚ ਸੂਰਜ ਚਾੜ੍ਹ ਦਿੱਤਾ ਹੈ । ਹੁਣ ਦੇਖਣਾ ਹੈ ਕਿ ਹਨੇਰ ਕਿੰਨੀ ਕੁ ਦੇਰ ਟਿੱਕਦਾ ਹੈ ? ਜਾਗਦੇ ਹੋਇਆ ਨੂੰ ਕੌਣ ਜਗਾਏਗਾ ? ਜੇ ਕਿਸੇ ਕੋਲ ਹੈ ਕੋਈ ਸਕੀਮ ਤਾਂ ਜਰੂਰ ਦੱਸਿਓ ਤਾਂ ਕਿ ਉਹ ਵੀ ਵਰਤ ਕੇ ਦੇਖੀਏ ?

## ਜਵਾਨੀ ਨੂੰ ਜਾਗ

ਅਜੋਕੇ ਸਮੇਂ ਵਿੱਚ ਚੱਲ ਰਿਹਾ ਕਿਸਾਨ ਮਜ਼ਦੂਰ ਅੰਦੋਲਨ ਦੇ ਮੇਰੇ ਲਿਖਾਰੀ ਸੱਜਣਾਂ ਮਿਤਰਾਂ। ਨੇ ਆਪੋ ਅਪਣੀਆ ਸਮੁਚਿਆਂ ਉਚਿਆਂ ਕਲਮਾਂ ਨਾ ਬੇਹੱਦ ਸੇਵਾ ਕੀਤੀ ਹੈ. ਤੇ ਕਰਦੇ ਰਹਿਣਗੇ ਹੁਣ ਇਨਕਲਾਬੀ ਲਹਿਰਾ ਲਿਖਤਾਂ ਦਾ ਦੌਰ ਚੱਲ ਰਿਹਾ ਹੈ ਮੈਂ ਬੜੇ ਥੋੜੇ ਸਬਦਾਂ ਚ ਅਪਣੀ ਗਲ ਬਾਤ ਅਪਣੀ ਲੇਖ ਰਾਹੀ ਤੁਹਾਡੇ ਨਾਲ ਸਾਂਝੀ ਕਰਣੀ ਚਾਹਵਾਂਗਾ ਇਸ ਸੰਘਰਸ਼ ਨੇ ਸਾਡੀ ਉਸਾਰੂ ਸੋਚ ਦੀ ਨੀਂਹ ਰੱਖੀ ਹੈ ਸੰਵਿਧਾਨ ਬਣਨ ਤੋਂ ਬਾਅਦ ਇਹ ਮਹਾਨ ਏਕਤਾ ਦੀ ਪਲੇਠੀ ਆਵਾਜ਼ ਹੈ ਜੋ ਹੱਕਾਂ ਲਈ ਉੱਠੀ ਹੈ ਇਸ ਤੋਂ ਪਹਿਲਾਂ ਦਿਆਂ ਨਿੱਕੇ ਵੱਡੇ ਸੰਘਰਸ਼ਾਂ ਦੀ ਜਾਤੀ ਤੇ ਧਰਮਾਂ ਨੇ ਜੜ੍ਹ ਹੀ ਨਹੀਂ ਲੱਗਣ ਦਿੱਤੀ ਸੀ ਇਹ ਸੰਘਰਸ਼ ਸਾਡੀ ਸਾਂਝ ਭਾਈਚਾਰਾ ਦਾ ਜੋੜ ਹੋ ਗਿਆ ਹੈ ਇਹ ਸੰਘਰਸ਼ ਸ਼ੁਰੂ ਹੁੰਦੇ ਹੀ ਸਾਡੀ ਜਵਾਨੀ ਨੂੰ ਜਾਗ ਲੱਗ ਗਈ ਤੇ ਅੱਜ ਹਕੂਮਤ ਦੇ ਸਹਿਰ ਦੇ ਬਾਡਰਾਂ ਤੇ ਜਾਕੇ ਏ ਘਰੋਂ ਅਣਖ ਦੀ ਦੀ ਬਰਦੀ ਪਾਕੇ ਤੁਰੇ ਨੇ ਸਾਡੇ ਖੇਤਾ ਦੇ ਫੌਜੀ ਪੁੱਤ ਮਾਵਾਂ ਤੇ ਪਿਉ ਧੀਆਂ ਤੋਂ ਨੂੰ ਮਿਲੇ ਲਗਭਗ ਢਾਈ ਮਹੀਨੇ ਹੋ ਗਏ ਫਿਰ ਵੀ ਅਢੋਲ ਹਨ ਹਿੰਮਤ ਦੇ ਕਦਮ ਪੁੱਟਣ ਵਾਲੀ ਸਾਡੀ ਜਵਾਨੀ ਨੇ ਮੋਢਾ ਲਾ ਲਿਆ ਇਸ ਕ੍ਰਾਂਤੀ ਨੂੰ। ਅਸੀਂ ਮਾਣ ਮਹਿਸੂਸ ਕਰਦੇ ਹਾਂ ਪਿੰਡਾ ਕਸਵੇਆਂ ਦੀ ਧਰਤੀ ਤੇ ਜਿਥੇ ਅੱਜ ਵੀ ਮਾਵਾ ਅਣਖੀ ਪੁਤ ਜਮਦਿਆਂ ਨੇ ਇਸ ਜਵਾਨੀ ਚ ਸਾਡੇ ਕਿਸਾਨ ਬਾਪੂਆਂ ਦੀ ਬੀਜੀ ਹਰ ਫਸਲ ਦਾ ਰੰਗ ਬਾਖੂਬੀ ਨਿਸਰ ਕੇ ਉਤਰ ਆਇਆ ਹੈ । ਹਕੂਮਦੀ ਦਿਏ ਕੁਰਸਿਏ ਸੁਣ ਯਰਾ ਗੋਹ ਨਾਲ ...ਸਾਡੀ ਅਣਖ ਦੀ ਫਸਲ ਅੱਜ ਤੇਰੇ ਸ਼ਹਿਰ ਦੇ ਬਾਰਡਰਾਂ ਤੇ ਲਹਿਰਾ ਰਹੀ ਹੈ ਆਪਣਿਆਂ ਦੀਆਂ ਕਿੰਨੀਆਂ ਹੀ ਜਾਨਾਂ ਗਵਾ ਕੇ ਸਬਰ ਕਰੀ ਬੈਠੇ ਸਾਡੇ ਦੇਸ਼ ਦੇ ਕਿਸਾਨ ਮਜਦੂਰ ਮਹਿਜ਼ ਅਜੇ ਵਿਚਾਰਾਂ ਦੀ ਜੰਗ ਹੀ ਲੜ ਰਿਹੇ ਨੇ ਤੇ ਤੂੰ ਬੈਰੀ ਗੁੰਗੀ ਕਿਉਂ ਹੋ ਗਈ ਤੇ ਸਾਡੀ ਆਵਾਜ਼ ਸੁਣ ਕੇ ਵੀ ਅਣਸੁਣੀ ਕਰ ਰਹੀ ਏ ਯਾ ਫਿਰ ਤੂੰ ਤੂਫਾਨਾਂ ਦੀ ਹੈਸੀਅਤ ਨੂੰ ਪਰਖ ਰਿਹੀ ਹੈ ਯਾਦ ਰੱਖੀਂ ਲਹਿਰਾਂ ਦੇ ਰੁੱਖਾਂ ਨੂੰ ਕੋਈ ਹਰਗਿਜ ਨਹੀਂ ਬਦਲ ਸਕਦਾ। ਹਵਾਵਾਂ ਕਦੇ ਸੁੱਤੀਆਂ ਨਹੀਂ ਮਿਲਣ ਗਿਆਂ ਤੈਨੂੰ। ਤੂੰ ਬਹੁਤ ਅਣਖੀ ਤੇ ਨਾਬਰ ਹੈ ਨਾ...ਤਾਂ ਰੋਟੀ ਖਾਣੀ ਤੇ ਬਾਕੀ ਪਕਵਾਨ ਖਾਣੇ ਬੰਦ ਕਰਦੇ ਲੈ ਸੁਣ ਰਹੱਸ ਸੁਣ...ਮੇਰੇ ਕਿਸਾਨ ਬਾਪੂ ਦੇ ਪੈਰਾਂ ਨੂੰ ਲੱਗ ਕੇ ਗਿਆ ਪਾਣੀ ਹਰ ਫਸਲ ਦਾ ਹਰ ਕਿਆਰੇ ਹਰ ਬੂਟੇ ਨੂੰ ਸਿੰਜਦਾ ਹੈ ਤੇ ਏ ਕਣਕ ਤੇ ਚੌਲ ਪੱਕ ਕੇ ਤੇਰੇ ਤਕ ਆਏ ਤੇ ਏ ਤੇਰੀ ਥਾਲੀ ਚ ਪਏ ਪਕਵਾਨਾ ਦਾ ਰੂਪ ਧਰਨ ਕਿਤਾ ਹੈ ਤੂੰ ਇਹ ਰੋਟੀ ਤੋਂ ਵੀ ਗੁਰੇਜ਼ ਕਰੀਂ ਹੁਣ। ਤੇਰੀ ਹਕੂਮਤ ਏ ਧੁੱਪਾਂ ਛਾਵਾਂ ਨੂੰ ਕਦੇ ਨਹੀਂ ਵੰਡ ਸਕਦੀ ਤੇ ਸੂਰਜ ਕਦੇ ਤੇਰੇ ਮੁਹਤਾਜ ਨਹੀਂ ਹੋਣਗੇ। ਮਾਰੂਥਲੀ ਦੇਖ ਤੇ ਯਾਦ ਰੱਖੀਂ ਤੁਫਾਨੀ ਪਾਣੀ ਦੀ ਲਹਿਰ ਜਦੋਂ ਵੀ ਜਿੱਥੋਂ ਵੀ ਗੁਜ਼ਰੇਗੀ ਆਪਣੀ ਛਾਪ ਜ਼ਰੂਰ ਛੱਡ ਕੇ ਜਾਵੇਗੀ ਇਹ ਸਾਡੇ ਇਤਿਹਾਸਾਂ ਦਾ ਸੱਚ ਹੈ ਤੇ ਸਮੁੰਦਰ ਕਦੇ ਵੀ ਮਾਤ ਨਹੀਂ ਖਾਂਦੇ ਹੁੰਦੇ।

ਲਿਖਤ- ਜਗਵੰਤ ਸਿੰਘ ਬਾਵਾ

ਜਿਲਾ - ਸਿਰਸਾ

ਮੋ. 9464288064



## ਮੋਦੀ ਤੰਤਰ ਵਿੱਚ ਕਿੱਥੇ ਹੈ ਲੋਕਤੰਤਰ ?

ਭਾਰਤ ਨੂੰ ਅਜਾਦ ਹੋਇਆ 70 ਸਾਲ ਤੋਂ ਵੱਧ ਸਮਾਂ ਹੋ ਗਿਆ ਹੈ , ਪਰ ਵਿਹਾਰ ਵਿੱਚ ਅਤੇ ਰਾਜਨੀਤਕ ਧਰਾਤਲ ਵਿੱਚ ਕਿਤੇ ਵੀ ਅਜਾਦ ਦੇਸ਼ ਦੀ ਮੂਲ ਭਾਵਨਾ ਦੇ ਦਰਸ਼ਨ ਨਹੀਂ ਹੁੰਦੇ। ਦੇਸ਼ ਦੀਆਂ ਦੋ ਮੁੱਖ ਰਾਜਸੀ ਪਾਰਟੀਆਂ ਜਿੰਨਾ ਉੱਤੇ ਲੋਕਤੰਤਰ ਨੂੰ ਜੀਵੰਤ ਤੇ ਮਜਬੂਤ ਬਣਾਉਣ ਦਾ ਦਾਰੋਮਦਾਰ ਹੈ ਅਤੇ ਤੀਸਰੀ ਉਹ ਤਾਕਤ ਜੋ ਅਚਾਨਕ ਬਦਲਾਅ ਦੀ ਰਾਹ ਦੇਖ ਰਹੇ ਭਾਰਤੀਆਂ ਲਈ ਸੁਪਨਾ ਬਣ ਕੇ ਆਈ, ਇਹ ਸਾਰੇ ਗਣਤੰਤਰ ਤੇ ਸੁਤੰਤਰ ਦੇ ਨਾਅਰੇ ਤੇ ਆਪਣੇ ਆਪਣੇ ਤੰਤਰ ਨੂੰ ਹੀ ਮਜਬੂਤ ਬਣਾ ਰਹੇ ਹਨ । ਭਾਜਪਾ ਹਮੇਸ਼ਾ ਮੋਦੀ ਦਾ ਤੰਤਰ ਲਾਗੂ ਕਰਨਾ ਚਾਹੁੰਦੀ ਹੈ ਅਤੇ ਕਾਂਗਰਸ ਰਾਹੁਲ ਦੇ ਤੰਤਰ ਨੂੰ ਦੇਸ਼ ਦੀ ਛਤਰੀ ਬਣਾਉਣਾ ਚਾਹੁੰਦੀ ਹੈ। ਨਵਾਂ ਅਤੇ ਸੰਭਾਵਨਾਵਾਂ ਭਰਿਆ ਬਦਲ ਵੀ ਸੋਚ ਦੇ ਮਾਮਲੇ ਵਿੱਚ ਕੰਗਾਲ ਹੈ।ਉਹ ਗਣਤੰਤਰ ਦੇ ਨਾਅਰੇ ਤੇ ਕਿਸੇ ਵਿਅਕਤੀ ਵਿਸ਼ੇਸ਼ ਦਾ ਤੰਤਰ ਹੀ ਦੇਸ਼ ਉੱਤੇ ਥੋਪਣਾ ਚਾਹੁੰਦੇ ਹਨ। ਕੁੱਲ ਮਿਲਾ ਕੇ ਭਾਵੇਂ ਸਾਡਾ ਦੇਸ ਲੋਕਤੰਤਰੀ ਦੇਸ਼ ਦੇ ਤੌਰ ਤੇ ਪ੍ਰਪੱਕ ਹੋ ਚੁੱਕਾ ਹੈ, ਭਾਵੇਂ ਇਸਨੂੰ ਦੁਨੀਆਂ ਵਿੱਚ ਸੀਨੀਅਰ ਅਤੇ ਸੰਵੇਦਨਸੀਲ ਲੋਕਤੰਤਰ ਦੇ ਰੂਪ ਵਿੱਚ ਦੇਖਿਆ ਜਾਂਦਾ ਹੈ ਪਰ ਹਕੀਕਤ ਵਿੱਚ ਅਜਿਹਾ ਨਹੀਂ ਹੈ। ਭਾਰਤ ਵਿੱਚ ਲੋਕਤੰਤਰ ਦਾ ਅੱਜ ਵੀ ਵਿਹਾਰ ਕੁਝ ਹੋਰ ਹੈ ਅਤੇ ਗੱਲਾਂ ਤੇ ਕਿਤਾਬਾਂ ਵਿੱਚ ਕੁਝ ਹੋਰ। ਆਖਰ ਕਦ ਤੱਕ ਗਣਤੰਤਰ ਦੇ ਨਾਂਅ ਤੇ ਕੁਝ ਖਾਸ ਲੋਕਾਂ ਦਾ ਤੰਤਰ ਭਾਰੂ ਰਹੇਗਾ ਅਤੇ ਆਮ ਲੋਕ ਉਸ ਤੰਤਰ ਵਿੱਚ ਪਿਸਦੇ ਰਹਿਣਗੇ ? 72 ਸਾਲ ਕਿਸੇ ਵੀ ਕੌਮ ਜਾਂ ਦੇਸ਼ ਦੀ ਅਜਾਦੀ ਲਈ ਥੋੜਾ ਸਮਾਂ ਨਹੀਂ ਹੁੰਦਾ। 8 ਸਾਲ ਬਾਅਦ ਤਾਂ ਪੀੜੀਆਂ ਬਦਲ ਜਾਂਦੀਆਂ ਹਨ, ਭਾਵ ਕਿ ਭਾਰਤ ਨੂੰ ਗਣਤੰਤਰ ਬਣਿਆ 9 ਪੀੜੀਆਂ ਗੁਜਰ ਚੁੱਕੀਆਂ ਹਨ। ਪਰ ਗਰੀਬੀ, ਭ੍ਰਿਸ਼ਟਾਚਾਰ, ਵਿਤਕਰੇਬਾਜੀ, ਬੇਰੁਜਗਾਰੀ ਅਤੇ ਕਿਸਾਨਾਂ ਦੀ ਦੁਰਦਸਾ ਸਾਰੀਆਂ ਦੀਆਂ ਸਾਰੀਆਂ ਸੱਮਸਿਆਵਾਂ ਮੁੱਢਲੇ ਤੌਰ ਤੇ ਉਹੋ ਜਿਹੀਆਂ ਹੀ ਹਨ, ਜਿਹੋ ਜਿਹੀਆਂ 7 ਦਹਾਕੇ ਪਹਿਲਾਂ ਸਨ। ਇਸ ਵਿੱਚ ਕੋਈ ਦੋ ਰਾਵਾਂ ਨਹੀ ਕਿ ਅਜਾਦੀ ਦਾ ਮਤਲਬ ਕਿਸੇ ਹੱਦ ਤੱਕ ਅਜਾਦੀ ਹੀ ਹੈ, 46 ਫੀਸਦੀ ਆਮ ਭਾਰਤੀਆਂ ਨੂੰ ਨਾ ਸਿਰਫ ਗਰੀਬੀ ਰੇਖਾ ਤੋਂ ਹੇਠਾਂ ਜੀਵਨ ਬਸਰ ਕਰਨਾ ਪੈ ਰਿਹਾ ਹੈ, ਬਲਕਿ ਕਿਸੇ ਵੀ ਕਿਸਮ ਦੇ ਸੁਪਨੇ ਦੇਖਣ ਦੀ ਵੀ ਛੋਟ ਨਹੀਂ ਹੈ। ਭਾਰਤ ਸਰਕਾਰ ਦੇ ਹੀ ਵੱਖ ਵੱਖ ਅੰਕੜੇ ਕਹਿ ਰਹੇ ਹਨ ਕਿ ਦੇਸ਼ ਦੇ 70 ਫੀਸਦੀ ਤੋਂ ਵਧੇਰੇ ਲੋਕ ਹਨ, ਜਿੰਨਾ ਕੋਲ ਇੱਕ ਦਿਨ ਵਿੱਚ ਖਰਚਣ ਲਈ ਅੱਧਾ ਡਾਲਰ ਭਾਵ ਕਿ 32 ਰੁਪਏ ਵੀ ਨਹੀਂ ਹਨ। ਦੇਸ਼ ਦੇ ਅੱਧੇ ਤੋਂ ਵਧੇਰੇ ਲੋਕ ਹਰ ਦਿਨ ਸਿਰਫ 20 ਰੁਪਏ ਵਿੱਚ ਗੁਜਾਰਾ ਕਰਨ ਨੂੰ ਮਜਬੂਰ ਹਨ। ਇਹ ਗੱਲ ਸਿਰਫ ਰੋਜਮਰਾ ਦੇ ਜੀਵਨ ਨਿਰਵਾਣ ਦੇ ਸੰਦਰਭ ਵਿੱਚ ਹੀ ਸੱਚ ਨਹੀਂ ਹੈ, ਸਗੋਂ ਸੱਚ ਤਾਂ ਇਹ ਵੀ ਹੈ ਕਿ ਭਾਰਤ ਹਰ ਸਾਲ ਦੁਨੀਆਂ ਵਿੱਚ 32 ਲੱਖ ਗਰੈਜੂਏਟ ਪੈਦਾ ਕਰਦਾ ਹੈ ਪਰ ਉਹਨਾਂ ਵਿੱਚੋਂ ਬਹੁਤਾਤ ਸਾਰੀ ਉਮਰ ਪੜੇ ਲਿਖੇ ਅਨਪੜ ਬਣ ਕੇ ਗੁਜਾਰਦੇ ਹਨ। ਸਵਾਲ ਇਹ ਹੈ ਕਿ 7 ਦਹਾਕਿਆਂ ਬਾਅਦ ਪ੍ਰਭੂਸੱਤਾ ਸੰਪੰਨ ਗਣਤੰਤਰ ਨੌਜਵਾਨਾਂ ਅਤੇ ਭਵਿੱਖ ਦੀਆਂ ਪੀੜੀਆਂ ਲਈ ਕੀ ਅਰਥ ਰੱਖਦਾ ਹੈ ? ਸੰਵਿਧਾਨ ਵਿੱਚ ਹਰ ਕਿਸੇ ਨੂੰ ਪ੍ਰਗਟਾਵੇ ਦੀ ਅਜਾਦੀ ਮਿਲੀ ਹੈ, ਜੀਵਨ ਜਿਉਣ ਦੀ ਅਜਾਦੀ ਮਿਲੀ ਹੈ ਪਰ 72 ਸਾਲ ਬਾਅਦ ਵੀ ਭਾਰਤ ਵਿੱਚ ਪ੍ਰਗਟਾਵੇ ਦਾ ਮਤਲਬ ਹੈਸੀਅਤ ਦੇ ਮੁਤਾਬਿਕ ਬੋਲਣ ਤੋਂ ਹੈ। ਭਾਵੇਂ ਸੰਵਿਧਾਨ ਵਿੱਚ ਸਭ ਨੂੰ ਪ੍ਰਗਟਾਵੇ ਦਾ ਅਧਿਕਾਰ ਹੈ ਪਰ ਵਿਹਾਰ ਵਿੱਚ ਅਜਿਹਾ ਨਹੀਂ ਹੈ । ਪੁਲਿਸ ਪ੍ਰਸ਼ਾਸਨ ਤੇ ਦੂਜੇ ਮਹਿਕਮੇ ਅਜਾਦੀ ਦਾ ਅਹਿਸਾਸ ਹੋਣ ਹੀ ਨਹੀਂ ਦਿੰਦੇ। ਅੱਜ ਵੀ ਭਾਰਤੀ ਕਿਸੇ ਸੰਕਟ ਸਮੇਂ ਪੁਲਿਸ ਤੋਂ ਸਹਾਇਤਾ ਮੰਗਣ ਨਾਲੋਂ ਬਿਹਤਰ ਉਸ ਸੰਕਟ ਵਿੱਚ ਗੁਜਰ ਜਾਣਾ ਚੰਗਾ ਸਮਝਦਾ ਹੈ। ਪੁਲਿਸ ਅਤੇ ਲੋਕਾਂ ਦਾ ਰਿਸ਼ਤੇ ਤੰਤਰ ਦੀ ਨੌਕਰਸਾਹੀ ਦੀ ਵਿਚੋਲਗੀ ਦੇ ਚਲਦਿਆਂ ਸਹਿਜ, ਭਰੋਸੇਯੋਗ ਅਤੇ ਮਿੱਤਰਤਾ ਵਾਲੇ ਬਣੇ ਹੀ ਨਹੀਂ ਹਨ।

ਜੇਕਰ ਗੱਲ ਖੇਤੀਬਾੜੀ ਦੀ ਕਰ ਲਈਏ ਤਾਂ ਪਿਛਲੇ ਸਮੇਂ ਤੋਂ ਚੱਲਦੇ ਆ ਰਹੇ ਕਿਸਾਨੀ ਅੰਦੋਲਨ ਤੋਂ ਲੋਕਤੰਤਰ ਵਿੱਚੋਂ ਮੋਦੀਤੰਤਰ ਦੀ ਬਦਬੂ ਆਉਦੀ ਹੈ। ਆਪਣੇ ਹੱਕਾਂ ਲਈ ਸੜਕਾਂ ਉੱਤੇ ਵਿਲਕਦੇ ਕਿਸਾਨਾਂ ਨੂੰ ਦੇਖ ਮੈਨੂੰ ਅਦਮਗੋਂਡਵੀ ਦੇ ਬਹੁਤ ਸਮਾਂ ਪਹਿਲਾਂ ਕਹੇ ਬੋਲ ਯਾਦ ਆਉਂਦੇ ਹਨ, ਜੋ ਅੱਜ ਬਿਲਕੁਲ ਸੱਚ ਨਜਰ ਆਉਂਦੇ ਹਨ ਕਿ....

" ਸੌ ਮੇਂ ਸੱਤਰ ਫੀਸਦੀ ਫਿਲਹਾਲ ਜਬ ਨਾਸਾਜ ਹੈਂ
ਦਿਲ ਪੇਸ ਰੱਖ ਕਰ ਹਾਥ ਕਹੀਏ ਮੁਲਕ ਕਯਾ
ਅਜਾਦ ਹੈ ? "

ਹਰਕੀਰਤ ਕੌਰ

9779118066

# ਪ੍ਰੀਤ ਫੁਲਵਾੜੀ

## ਗਿੱਧਾ ਬੋਲੀਆਂ

1 ਸਾਕ-ਸਾਕ ਕੀ ਕਰਦੈਂ ਜੀਜਾ,
ਸਾਕ ਤੂੰ ਲੈਜਾ ਮੇਰਾ।
ਵੇ ਨਾ ਮੈਂ ਜੂਠੇ ਭਾਂਡੇ ਮਾਂਜਣੇ,
ਨਾ ਮੈਂ ਸੁੱਟਦੀ ਕੂੜਾ।
ਜੇ ਮੈਨੂੰ ਝਿੜਕ ਪਈ,
ਪੱਟਦੂੰ ਵਿਚੋਲਿਆ ਜੂੜਾ।
2 ਸੁਣ ਵੇ ਮੁੰਡਿਆ ਕੈਂਠੇ ਵਾਲਿਆ,
ਖੂਹ ਟੋਭੇ ਨਾ ਜਾਈਏ।
ਖੂਹ ਟੋਭੇ ਤੇਰੀ ਹੋਵੇ ਚਰਚਾ,
ਚਰਚਾ ਨਾ ਕਰਵਾਈਏ।
ਜਿਸਦੀ ਬਾਂਹ ਫੜੀਏ,
ਸਿਰ ਦੇ ਨਾਲ ਨਿਭਾਈਏ।
3 ਇੱਕ ਲਾਲ ਪੌਣਾ,
ਇਕ ਹਰਾ ਪੌਣਾ।
ਮੇਰੇ ਬਾਪ ਦਾ ਜਵਾਈ,
ਨੀ ਬੜਾ ਸੋਹਣਾ।
4 ਆਉਣ ਨੇਰੀਆਂ,
ਵੇ ਜਾਣ ਨੇਰੀਆਂ।
ਮੁੰਡਿਆ ਸੱਥ ਦੇ ਵਿਚਾਲੇ,
ਗੱਲਾਂ ਹੋਣ ਤੇਰੀਆਂ।
ਮੁੰਡਿਆ------।
5 ਉੱਚੇ ਟਿੱਬੇ ਮੈਂ ਤਾਣਾ ਤਣਦੀ,
ਉੱਤੋਂ ਦੀ ਲੰਘ ਗਈ ਵੱਛੀ।
ਨਣਾਨੇ ਮੋਰਨੀਏ,
ਘਰ ਜਾ ਕੇ ਨਾ ਦੱਸੀ।
ਨਣਾਨੇ-------।

**-ਤਸਵਿੰਦਰ ਸਿੰਘ ਬੜੈਚ**
**ਮੋਬਾ-7527931887**

## ਕਵਿਤਾ

ਰੱਖ ਰੱਬ ਤੇ ਭਰੋਸਾ ਇੱਕੋ
ਹਰ ਪਲ ਨਹੀਓ ਮਰੀਦਾ,
ਮਾੜੇ ਹਾਲਾਤਾਂ ਵਿੱਚ ਵੀ
ਵੱਡੇ ਜੇਰੇ ਕਰ ਖੜੀਦਾ,
ਬਣ ਜਾਈਏ ਮਿਸਾਲ ਐਸੀ
ਫਿਰ ਕਾਇਨਾਤ ਨਾਲ ਜਾ ਰਲੀਦਾ,
ਵੇਖਦਾਂ ਏ ਪਰਵਰਦਿਗਾਰ ਬੈਠਾ
ਹੌਕਿਆਂ ਨੂੰ ਛੱਡ ਤੂਫਾਨਾਂ ਨਾਲ ਜਾ
ਲੜੀਦਾ,
ਨਫਰਤਾਂ ਤੋ ਦੂਰ ਰਹਿ ਕੇ
ਗੱਲ ਪਿਆਰ ਵਾਲੀ ਕਰੀਦਾ,
ਢਹਿ ਜਾਣ ਦੁੱਖਾਂ ਦੇ ਪਹਾੜ ਭਾਵੇਂ
ਫਿਰ ਹਿੰਮਤਾ ਦੇ ਨਾਲ ਜਰੀਦਾ,
ਜੀਂਦਗੀ ਦੇ ਵਲਵਲਿਆਂ ਵਿੱਚ
ਨਿੱਕੀ ਨਿੱਕੀ ਗੱਲੋ ਨਹੀਓ ਹਰੀਦਾ,
ਮਾੜੇ ਨੂੰ ਨਾ ਮਾਰ ਦੇਈਏ
ਸੰਗੀ ਬਣ ਉਹਦੀ ਹਾਮੀ ਭਰੀਦਾ,
ਜਖਮਾਂ ਤੇ ਲੂਣ ਦੀ ਥਾਂ
ਮਲ੍ਹਮ ਬਣ ਗਮ ਜਰੀਦਾ,
ਡਿੱਗੇ ਨੂੰ ਉਠਾਲ ਕੇ
ਫਿਰ ਉਹਦੀ ਬਾਹ ਫੜੀਦਾ,
ਮਾੜੇ ਕੰਮੋ ਦੂਰ ਰਹਿ ਕੇ
ਸਦਾ ਉਸ ਦਾਤੇ ਕੋਲੋ ਡਰੀਦਾ,
ਹੌਂਸਲੇ ਰਹਿਣ ਇਹ ਬੁਲੰਦ ਸਦਾ
ਫਿਰ ਦਾਤੇ ਦੀ ਹੀ ਮਹਿਮਾ ਅਸੀ
ਕਰੀਦਾ।

**ਮੋਨਿਕਾ ਲਿਖਾਰੀ।**
**ਜਲਾਲਾਬਾਦ ਪੱਛਮੀ।**

## ਨਵੇਂ ਵਰ੍ਹੇ ਦਿਆ ਸੂਰਜਾ

ਨਵੇਂ ਵਰ੍ਹੇ ਦਿਆ ਸੂਰਜਾ ਮੇਰੀ ਇੱਕ ਖਵਾਹਿਸ਼ ਹੈ,
ਹੱਕ ਸੱਚ ਲਈ ਮੱਘਦਾ ਰਹੀਂ ਇੱਕੋ ਇੱਕ ਫਰਮਾਇਸ਼ ਹੈ।

ਪੀੜਾਂ ਤਾਂ ਪੀੜ੍ਹੀ ਦਰ ਪੀੜ੍ਹੀ ਵਿੱਚ ਵਿਰਾਸਤ ਮਿਲਦੀਆਂ ਨੇ,
ਦਰਦਾਂ ਦੇ ਸੰਗ ਜੀਣ ਵਾਲੀਆਂ ਕਲੀਆਂ ਵਿਹੜੇ
ਖਿਲਦੀਆਂ ਨੇ।
ਸੇਕ ਤੇਰੇ ਦੇ ਵਿੱਚੋਂ ਹੁੰਦੀ ਕੁੱਲ ਦੁਨੀਆਂ ਦੀ ਪੈਦਾਇਸ਼ ਹੈ।
ਨਵੇਂ ਵਰ੍ਹੇ ਦਿਆ ਸੂਰਜਾ .........।

ਬੁੱਢੀ ਬਿਰਧ ਅਵਸਥਾ ਨੂੰ ਤੂੰ ਪੋਹ ਦੀ ਨਿੱਘੀ ਧੁੱਪ ਦੇਵੀਂ,
ਕੋਈਂ ਵੀ ਭੁੱਖਾ ਨਾ ਸੌਂਵੇ ਹਰ ਇੱਕ ਨੂੰ ਰੋਟੀ ਟੁੱਕ ਦੇਵੀਂ,
ਭੁੱਖੇ ਪੇਟ ਦੀ ਖਾਤਰ ਹੁੰਦੀ ਦੇਹਾਂ ਦੀ ਅਜ਼ਮਾਇਸ਼ ਹੈ।
ਨਵੇਂ ਵਰ੍ਹੇ ਦਿਆ ਸੂਰਜਾ ........।

ਕਿਸੇ ਵੀ ਬਾਲ ਨਿਆਣੇ ਦੇ ਤੂੰ ਮਾਂ ਬਾਪ ਨਾ ਜੁਦਾ ਕਰੀਂ,
ਧੀਆਂ ਦੇ ਵੀ ਸ਼ਗਨ ਮਨਾਵਣ ਐਸਾ ਕੰਮ ਕੋਈ ਖੁਦਾ ਕਰੀਂ।
ਧੀਆਂ ਦੀ ਲੋਹੜੀ ਦੀ ਜੋ ਚੱਲੀ ਨਵੀਂ ਰਵਾਇਤ ਹੈ।
ਨਵੇਂ ਵਰ੍ਹੇ ਦਿਆ ਸੂਰਜਾ ........।

ਜਾਵੀਂ ਵੇ ਸੂਰਜਾ ਤੂੰ ਗ਼ਰੀਬਾਂ ਦੇ ਵੀ ਵਿਹੜੇ,
ਵੰਡ ਦੇਵੀਂ ਤੂੰ ਉੱਥੇ ਵੀ ਸਭ ਖੁਸ਼ੀਆਂ ਤੇ ਖੇੜੇ।
ਜਿੱਥੇ ਬਚੀ ਨਾ ਜੀਵਨ ਜਿਉਣ ਦੀ ਗੁੰਜਾਇਸ਼ ਹੈ।
ਨਵੇਂ ਵਰ੍ਹੇ ਦਿਆ ਸੂਰਜਾ ਮੇਰੀ ਇੱਕ ਖਵਾਹਿਸ਼ ਹੈ,
ਹੱਕ ਸੱਚ ਲਈ ਮੱਘਦਾ ਰਹੀਂ ਇੱਕੋ ਇੱਕ ਫਰਮਾਇਸ਼ ਹੈ।

**ਗੁਲਾਫਸਾ ਬੇਗਮ**
**ਸੁਨਾਮ, ਊਧਮ ਸਿੰਘ ਵਾਲਾ (ਸੰਗਰੂਰ)**
**98148-26006**

## ਦਿੱਲੀ/ਖੇਤ

ਬੰਦਾ ਜਿਹੜਾ ਦੇ ਆਵੇ ਗੇੜਾ ਕੇਰਾਂ,,
ਘਰ ਆ ਆਖੇ ਲੱਗੇ ਨਾ ਚਿੱਤ ਮੇਰਾ,
ਜਿਹੜੀ ਨੇੜੇ ਨਾ ਲੱਗਣ ਸੀ ਦਿੰਦੀ,,
ਹੁਣ ਉਹ ਮੂਹਰੇ ਲਾ ਲਈ ਜਨਤਾਂ ਨੇ,
ਤੜਕੇ ਘਰੇ ਆਥਣ ਨੂੰ ਵਿੱਚ ਧਰਨੇ,,
ਦਿੱਲੀ ਤਾਂ ਖੇਤ ਬਣਾ ਲਈ ਜਨਤਾ ਨੇ,,
ਦਿੱਲੀ/ਖੇਤ
ਹੁਣ ਇਹ ਛੇਤੀ ਨਾ ਪਿੰਡਾਂ ਨੂੰ ਮੁੜਦੇ,,
ਇੱਕਠ ਦਿਨੋਂ ਦਿਨ ਹੋਰ ਜਾਂਦੇ ਜੁੜਦੇ,
ਓਥੇ ਮੋਹ ਪਿਆਰ ਬੜਾ ਠਾਠਾਂ ਮਾਰੇ,,,
ਦੁਨੀਆਂ ਨਵੀ ਵਸਾ ਲਈ ਜਨਤਾਂ ਨੇ,
ਤੜਕੇ ਘਰੇ ਆਥਣ ਨੂੰ ਵਿੱਚ ਧਰਨੇ,,
ਦਿੱਲੀ ਤਾਂ ਖੇਤ ਬਣਾ ਲਈ ਜਨਤਾ ਨੇ,,
ਕਿਤੇ ਉਬਲਦੇ ਦੇਗੇ ਦਾਲ ਚਾਹ ਦੇ,,
ਆਉਂਦਾ ਰਸਦ ਵਾਂਗ ਵਿਆਹ ਦੇ,,
ਵੇਖ ਕੇ ਸਭ ਆਖੇ ਮੱਖਣ ਸ਼ੇਰੋਂ ਵਾਲਾ,,
ਜਿੱਤ ਕੇ ਮਨਾਉਂਣੀ ਦੀਵਾਲੀ ਜਨਤਾਂ ਨੇ,,
ਤੜਕੇ ਘਰੇ ਆਥਣ ਨੂੰ ਵਿੱਚ ਧਰਨੇ,,
ਦਿੱਲੀ ਤਾਂ ਖੇਤ ਬਣਾ ਲਈ ਜਨਤਾ ਨੇ,,

**ਮੱਖਣ ਸ਼ੇਰੋਂ ਵਾਲਾ**
**ਪਿੰਡ ਤੇ ਡਾਕ ਸ਼ੇਰੋਂ ਤਹਿ ਸੁਨਾਮ**
**ਸੰਪਰਕ 98787-98726**

## ਸਮੁੰਦਰ ਤੋਂ ਗਹਿਰੀ ਸੱਟ

ਨਾ ਮੈਂ ਦਿਲੋਂ ਕੰਗਾਲ ਸੀ
ਨਾ ਮੇਰੇ ਤੇ ਆਈ ਗਰੀਬੀ ਸੀ
ਸਮੁੰਦਰ ਤੋਂ ਗਹਿਰੀ ਸੱਟ ਦੇ ਗਿਆ
ਜੋ ਸੱਜਣ ਬਹੁਤ ਕਰੀਬੀ ਸੀ
ਜਦ ਜੀ ਕੀਤਾ ਮੈਨੂੰ ਮੋਮਬੱਤੀ ਵਾਂਗ
ਪਿਘਲਾ ਲਿਆ
ਟਕਸਾਲ ਉੱਤੇ ਸੋਨੇ ਚਾਂਦੀ ਵਾਂਗ
ਢਲਾ ਲਿਆ
ਸੱਚ ਜਾਣੋ ਉਹ ਬੜਾ ਹੀ ਤਰਤੀਬੀ ਸੀ
ਸਮੁੰਦਰ ਤੋਂ ਗਹਿਰੀ ਸੱਟ.............
ਝੱਖੜ ਤੂਫ਼ਾਨਾਂ ਅੱਗੇਵੀ ਮੈਨੂੰ ਖੜਾ ਦਿੱਤਾ
ਹਰ ਮੁਸਕਿਲ ਨਾਲ ਮੈਨੂੰ ਲੜਾ ਦਿੱਤਾ
ਹਰ ਵਾਰ ਉਹ ਬੱਚਦਾ ਰਿਹਾ ਪਤਾ ਨਹੀਂ
ਉਸਦੀ ਕਿਹੋ ਜਿਹੀ ਖੁਸਨਸੀਬੀ ਸੀ
ਸਮੁੰਦਰ ਤੋਂ ਗਹਿਰੀ ਸੱਟ..............
ਕਰ ਕਰ ਟੁਕੜੇ ਮੇਰੇ ਅਰਮਾਨਾਂ ਦੇ
ਉਹ ਜੀਂਦਾ ਰਿਹਾ
ਹੱਸ ਹੱਸ ਖੂਨ ਜਿਗਰ ਦਾ ਪੀਂਦਾ ਰਿਹਾ
ਗਗਨ ਉਸਦੀ ਹਰ ਚਾਲ ਬੇ-ਤਰਤੀਬੀ ਸੀ
ਸਮੁੰਦਰ ਤੋਂ ਗਹਿਰੀ ਸੱਟ ਦੇ ਗਿਆ
ਜੋ ਸੱਜਣ ਬਹੁਤ ਕਰੀਬੀ ਸੀ।

**ਗਗਨਦੀਪ ਧਾਲੀਵਾਲ ਝਲੂਰ**
**ਬਰਨਾਲਾ।**

## ਮੈ ਤੇ ਮੇਰੀ ਤਲਾਸ

ਮੈ ਲੱਭ ਨਹੀਂ ਰਹੀ
ਕਿਉਂਕਿ ਮੈ ਗੁਆਚ ਗਈ ਹਾ
ਆਪਣੇ ਹੀ ਸੁਪਨਿਆਂ ਵਿੱਚ,
ਮੈ ਗੁੰਮ ਹਾਂ
ਆਪਣੇ ਹੀ ਚਾਵਾ ਉਮੰਗਾਂ ਤੇ ਖੁਸੀਆਂ ਵਿੱਚ,
ਮੇਰਾ ਆਪਣਾਪਨ ਹੀ ਮੇਰੀ ਦੁਨੀਆਂ ਹੈ
ਕਿਉਂਕਿ ਮੈ ਬਹੁਤ ਸੋਹਲ ਬਨਾਉਣਾ ਚਾਹੁੰਦੀ ਹਾਂ
ਆਪਣੀ ਜੀਂਦਗੀ ਨੂੰ,
ਹੁਣ ਮੈ ਦੂਜਿਆਂ ਨੂੰ ਅਣਦੇਖਾ ਕਰ ਜਿਉਂਦੀ ਹਾਂ
ਸਿਰਫ ਆਪਣੇ ਅਸਤਿੱਤਵ ਦੀ ਪਹਿਚਾਣ ਬਣਾਉਣਾ ਚਾਹੁੰਦੀ ਹਾਂ,
ਹਰ ਪਲ ਅਜੀਬ ਜੇਹੀ ਤਪਸ ਸੁਲਗਦੀ ਰਹਿੰਦੀ ਏ
ਇਹ ਭੈੜੀ ਆਤਮਾ ਨਿੱਤ ਠੰਡੇ ਹੌਂਕੇ ਲੈਂਦੀ ਏ,
ਨਾ ਦੋ ਪਲ ਕਿਸੇ ਕੋਲ ਇਹ ਬਹਿੰਦੀ ਏ
ਅਖੀਰ ਡਿੱਗਦੀ ਢਹਿੰਦੀ ਫਿਰ ਤੁਰ ਪੈਂਦੀ ਏ,
ਗਮਾਂ ਦੀ ਰਾਖ ਬਣ
ਆਪਣੇ ਹੀ ਸੁਪਨਿਆਂ ਵਿੱਚ ਗੁੰਮ ਰਹਿੰਦੀ ਏ,
ਆਸ ਪਾਸ ਵਰਤਾਰੇ ਦੀ
ਨਾ ਕੋਈ ਖਬਰ ਸਾਰ ਇਹ ਲੈਂਦੀ ਏ,
ਮਾਣ ਸਨਮਾਨ ,ਰੁਤਬਾ ਮਿਲਣ ਤੋਂ ਬਾਅਦ
ਅਖੀਰੀ ਇਹ ਫਿਰ ਕਹਿੰਦੀ ਏ,
ਕਿਉ ਮੈ ਆਪਣੇ ਹੀ ਅਤੀਤ ਦੇ ਪਰਛਾਵੇਂ ਵਿੱਚ
ਗੁੰਮ ਰਹੀ,
ਤੇ ਉਮਰ ਆਪਣਾ ਵਰਤਾਰਾ ਹੰਢਾਉਂਦੀ
ਲੰਘਦੀ ਗਈ,
ਫਿਰ ਮੁੜ ਇਹ ਸੁਚੱਜੀ ਜੀਂਦਗੀ ਜਿਉਣ ਨੂੰ ਕਹਿੰਦੀ ਏ,
ਤੇ ਆਸ ਬਣ ਮੁੜ ਤੋਂ
ਨਵੀਆਂ ਪੈੜਾਂ ਪਾਉਣ ਨੂੰ
ਹਰ ਪਲ ਤਰਸਦੀ ਰਹਿੰਦੀ ਏ,
ਹੁਣ ਹਰ ਪਲ ਤਰਸਦੀ ਰਹਿੰਦੀ ਏ।

**ਮੋਨਿਕਾ ਲਿਖਾਰੀ।**
**ਜਲਾਲਾਬਾਦ ਪੱਛਮੀ।**

## ਗਮ ਦੀਆਂ ਰਾਤਾਂ

ਮਿਲੀ ਖੈਰ ਦੁੱਖਾਂ ਦੀ ਸੱਜਣਾਂ ਤੋਂ
ਗੈਰਾਂ ਤੋਂ ਲਈਆਂ ਸੌਗਾਤਾਂ ਨੂੰ,
ਕਿਵੇਂ ਖੁਸੀਆਂ ਭਰੀ ਸਵੇਰ ਲਿਖਾਂ
ਤੇ ਗਮ ਦੀਆਂ ਕਾਲੀਆਂ ਰਾਤਾਂ ਨੂੰ...!

ਸਾਨੂੰ ਝੋਕ ਕੇ ਹਿਜਰ ਦੀ ਭੱਠੀ ਵਿੱਚ
ਕਰ ਸੰਗਤ ਤੁਰ ਗਿਆ ਗੈਰਾਂ ਦੀ,
ਅਸੀਂ ਪੂਜਦੇ ਰਹੇ ਉਸ ਮਿੱਟੀ ਨੂੰ
ਜਿੱਥੇ ਪੈੜ ਛਪੀ ਉਹਦੇ ਪੈਰਾਂ ਦੀ,
ਕੰਨ ਤਰਸਣ ਅੱਜ ਹੁੰਗਾਰਿਆਂ ਨੂੰ
ਤੇ ਓ ਸੁਣੇ ਨਾ ਮਨ ਦੀਆਂ ਬਾਤਾਂ ਨੂੰ
ਕਿਵੇਂ ਖੁਸੀਆਂ ਭਰੀ ਸਵੇਰ ਲਿਖਾਂ.....

ਸਾਡਾ ਨਾਜੁਕ ਦਿਲ ਸੀ ਫੁੱਲਾਂ ਜਿਹਾ
ਉਹ ਵਾਂਗ ਖਿਡੌਣਿਆਂ ਤੋੜਦਾ ਰਿਹਾ,
ਸਾਨੂੰ ਨਸਤਰ ਚੋਭ ਵਿਛੋੜੇ ਦਾ
ਸਾਡੀ ਪਲ ਪਲ ਰੱਤ ਨਿਚੋੜਦਾ ਰਿਹਾ,
ਉਹਦਾ ਇੱਕ ਵੀ ਅੱਥਰੂ ਡੁੱਲ੍ਹਿਆ ਨਾ
ਸਾਡੇ ਵੇਖ ਕੇ ਹਸਰ ਹਲਾਤਾਂ ਨੂੰ
ਕਿਵੇਂ ਖੁਸੀਆਂ ਭਰੀ ਸਵੇਰ ਲਿਖਾਂ.....

ਬਹਿ ਝੋਲੀ ਸਾਹੂਕਾਰਾਂ ਦੀ
ਸਾਡਾ ਤੋੜ ਗਿਆ ਮਾਣ ਗਰੀਬਾਂ ਦਾ,
ਨਹੀਂ ਦੋਸ ਦਿੱਤਾ ਨਿਰਮੋਹੀ ਨੂੰ
ਸਭ ਸਮਝ ਕੇ ਖੇਡ ਨਸੀਬਾਂ ਦਾ,
ਉਸ ਗੈਰਤ ਦਿਲੋਂ ਵਿਸਾਰ ਦਿੱਤੀ
ਪਿਆ ਤੋਲਦਾ ਏ ਜਾਤਾਂ ਪਾਤਾਂ ਨੂੰ
ਕਿਵੇਂ ਖੁਸੀਆਂ ਭਰੀ ਸਵੇਰ ਲਿਖਾਂ.....

ਉਹਦੇ ਪਾਏ ਇੱਕ ਇੱਕ ਪੂਰਨੇ ਤੇ
ਅਸੀਂ ਲਿਖੇ ਸੀ ਅੱਖਰ ਪਿਆਰਾਂ ਦੇ,
ਜੋ ਸੀ ਹਰਫ ਤਰਾਸੇ ਲੁਕ ਲੁਕ ਕੇ
ਉਹ ਅੱਜ ਕਿੱਸੇ ਬਣ ਗਏ ਯਾਰਾਂ ਦੇ,
"ਭੁੱਲਰ" ਦਰਦ ਦਿਲਾਂ ਦੇ ਲਿਖਣ ਲਈ
ਅੱਜ ਲੱਭਦਾ ਏ ਕਲਮ ਦਵਾਤਾਂ ਨੂੰ
ਕਿਵੇਂ ਖੁਸੀਆਂ ਭਰੀ ਸਵੇਰ ਲਿਖਾਂ
ਤੇ ਗਮ ਦੀਆਂ ਕਾਲੀਆਂ ਰਾਤਾਂ ਨੂੰ...!!

**ਗੁਰਦੀਪ ਸਿੰਘ "ਭੁੱਲਰ"**
**ਮੋ: 9417241037**

## ਇੱਕ ਅੱਖ ਤੋਂ ਕਾਣਾ ਬਾਬਾ

ਹਰ ਵਰਗ 'ਚ ਚਾਰੇ ਪਾਸੇ, ਹੱਦੋਂ ਵੱਧ ਮਹਿੰਗਾਈ ਹੋਈ;
ਅਨਪੜ੍ਹਾਂ ਦੀ ਸਰਕਾਰ ਕੋਲੋਂ, ਨਾ ਮਸਲੇ ਦਾ ਨਿਕਲੇ ਹੱਲ ਕੋਈ;
ਮਾਈਨਸ ਵਿੱਚ ਹੈ ਜੀ.ਡੀ.ਪੀ ਆਈ, ਹੋ ਕਾਰੋਬਾਰ ਵੀ ਠੱਪ ਗਿਆ;
ਇੱਕ ਅੱਖ ਤੋਂ ਕਾਣਾ ਬਾਬਾ, ਹੁਣ ਵੀ ਸਲਵਾਰ ਪਾ ਕੇ ਨੱਠ ਗਿਆ;
ਉੱਚੀ – ਉੱਚੀ ਸੀ ਰੋਲਾ ਪਾਉਂਦਾ, 60 ਨੂੰ ਸੀ ਪੈਟਰੋਲ ਜਦੋਂ;
ਚੁੱਲ੍ਹਾ ਚੱਕ ਸੀ ਸੜਕਾਂ ਤੇ ਆਉਂਦਾ, 430 ਨੂੰ ਸੀ ਗੈਸ ਉਦੋਂ;
ਪੈਟਰੋਲ 100 ਤੋ ਪਾਰ ਹੈ ਹੋਇਆ, ਸੈਲੰਡਰ ਵੀ 800 ਟੱਪ ਗਿਆ;
ਇੱਕ ਅੱਖ ਤੋਂ ਕਾਣਾ ਬਾਬਾ, ਹੁਣ ਵੀ ਸਲਵਾਰ ਪਾ ਕੇ ਨੱਠ ਗਿਆ;
ਪਹਿਲਾਂ ਤਾਂ ਦਾਲ ਲੂਣ ਨਾਲ ਖਾ ਲੈਂਦੇ ਸੀ, ਹੁਣ ਲੂਣ ਵੀ ਮਹਿੰਗਾ ਹੋਇਆ ਆ;
ਭੁੱਖ ਹੜਤਾਲ ਸੀ ਜੋ ਕਰਦਾ ਪਹਿਲਾਂ, ਹੁਣ ਰੱਜ ਕੇ ਕਿੱਥੇ ਸੋਇਆਂ ਆ;
ਮਹਿੰਗਾਈ ਆ – ਮਹਿੰਗਾਈ ਆ, ਸੀ ਉੱਚੀ-ਉੱਚੀ ਲਾ ਰੱਟ ਗਿਆ;
ਇੱਕ ਅੱਖ ਤੋਂ ਕਾਣਾ ਬਾਬਾ, ਹੁਣ ਵੀ ਸਲਵਾਰ ਪਾ ਕੇ ਨੱਠ ਗਿਆ;
ਤੇਲ, ਰੇਲ, ਹਵਾਈ-ਅੱਡੇ ਕੀ, ਸੱਭ ਵੇਚਤਾ ਇਹਨਾ ਚੋਰਾਂ ਨੇ;
ਧਰਮ ਦੇ ਨਾਂ ਤੇ ਲੋਕਾਂ ਲੜਾਤੇ, ਕਹਿਣ ਬਾਬੇ ਦੀਆ ਮਹਿਰਾ ਨੇ;
ਜਖਮ ਕਦੇ ਨਾ ਭਰਨੇ ਇਹ, ਮਾਰ ਜੋ ਡੂੰਘੀ ਸੱਟ ਗਿਆ;
ਇੱਕ ਅੱਖ ਤੋਂ ਕਾਣਾ ਬਾਬਾ, ਹੁਣ ਵੀ ਸਲਵਾਰ ਪਾ ਕੇ ਨੱਠ ਗਿਆ;
ਕਿਸਾਨੀ ਤੇ ਵੀ ਅੱਖ ਰੱਖ ਲਈ, ਸਬਰ ਇਹਨਾਂ ਤੋ ਹੋਇਆ ਨੀ;
ਹੱਕਾਂ ਲਈ ਜੱਦ ਸੜਕਾਂ ਤੇ ਆਏ, ਕਿਉਂ ਆ ਕੇ ਇਹਨਾਂ ਲਈ ਰੋਈਆਂ ਨੀ;
ਕਿਸਾਨ ਹੀ ਸਭ ਪੈਦਾ ਕਰਦਾ, ਤੂੰ ਜਿਹਦਾ ਨਾਮ ਪਤੰਜਲੀ ਰੱਖ ਗਿਆ;
ਇੱਕ ਅੱਖ ਤੋਂ ਕਾਣਾ ਬਾਬਾ, ਹੁਣ ਵੀ ਸਲਵਾਰ ਪਾ ਕੇ ਨੱਠ ਗਿਆ;

**ਮਨਿੰਦਰ ਸਿੰਘ ਘੜਾਮਾਂ**
**9779390233**

## ਸਰਕਾਰੀ ਸਕੂਲ ਦੀਆਂ ਯਾਦਾਂ

ਜਦੋਂ ਪਾਣੀ ਪੀਣ ਬਹਾਨੇ ਜਾਂਦੇ
ਲੁਕ-ਲੁਕ ਬੱਤੀ ਗਾਜੀ ਖਾਂਦੇ
ਨਿੱਕੀ-ਨਿੱਕੀ ਗੱਲ 'ਤੇ ਰੁੱਸਣਾ
ਖੇਡਦੇ ਸੂਣ-ਸਲੀਕੀ
ਉਹ ਸਫੈਦਿਆਂ ਪਿੱਛੇ ਲੁੱਕਣਾ
ਪੂਲੇ ਦੀ ਕਲਮ ਨਾਲ ਜਦ
ੳ,ਅ,ੲ ਲਿਖਦੇ ਸੀ
ਡੋਲ-ਡੋਲ ਸਿਆਹੀ
ਅੱਖਰ ਲਿਖਣਾ ਸਿੱਖਦੇ ਸੀ
ਕਦੇ ਪੈਨਸਿਲ ਸੈਂਡੋ ਹਿੱਸੇ ਆ ਜਾਂਦੀ
ਬੜਾ ਚਾਅ ਹੁੰਦਾ ਸੀ ਨਕਲੀ ਲਾਟਰੀ ਪੱਟੀ ਦਾ
ਬਾਂਦਰ ਕੀਲਾਂ ਖੋ-ਖੋ ਖੇਡਦੇ ਜਦੋਂ
ਉਦੋਂ ਚੰਗਾ ਹੁੰਦਾ ਸੀ ਨਜਾਰਾ ਅੱਧੀ ਛੁੱਟੀ ਦਾ
ਸਾਨੂੰ ਬੈਂਚ ਕਿੱਥੇ ਫੱਬਦੇ ਸੀ

ਜਦੋਂ ਬੈਠਣ ਪਿੱਛੇ ਲੜਦੇ ਸੀ
ਤੱਪੜ ਹੀ ਚੰਗੇ ਲੱਗਦੇ ਸੀ
ਬਰਾਂਡੇ ਹੀ ਏ.ਸੀ ਕਮਰੇ ਹੁੰਦੇ ਸੀ
ਰੱਖ ਬਲੈਕ ਬੋਰਡ ਕੁਰਸੀ ਉੱਪਰ
ਬੜੇ ਖੁਸ ਹੁੰਦੇ ਸੀ
ਗਗਨ ਉਹ ਅਧਿਆਪਕਾਂ ਦਾ ਪਿਆਰ
ਹੌਸਲਾ ਦੁੱਗਣਾ ਕਰ ਦਿੰਦਾ ਸੀ
ਡਿੱਗ-ਡਿੱਗ ਕੇ ਫਿਰ ਉੱਠਣਾ
ਅਨੋਖਾ ਜਜਬਾ ਭਰ ਦਿੰਦਾ ਸੀ
ਧਾਲੀਵਾਲ ਉਹ ਜੀਂਦਗੀ ਬੜੀ ਰੰਗੀਨ ਸੀ
ਜੋ ਸਰਕਾਰੀ ਸਕੂਲ ਦੇ ਕਰੀਬ ਸੀ
ਜੋ ਰੱਬ ਵਰਗੇ ਅਧਿਆਪਕਾਂ ਦੇ ਕਰੀਬ ਸੀ ।

**ਗਗਨਦੀਪ ਧਾਲੀਵਾਲ ਝਲੂਰ ਬਰਨਾਲਾ**
**ਜਨਰਲ ਸਕੱਤਰ ਮਹਿਲਾ ਕਾਵਿ ਮੰਚ ਪੰਜਾਬ ।**

## ਮਨ ਕੀ ਬਾਤ

ਮੋਦੀ ਤੇਰੇ ਮਨ ਕੀ ਬਾਤ ਨਾਂ ਸਾਡੇ ਮਨ ਨੂੰ ਭੋਰਾ ਵੀ ਭਾਉਦੀ ॥
ਵਕਤ ਮਿਲੇ ਤਾਂ ਦੱਸ ਦੇਈ ਜੀ ਡੀ ਪੀ ਕਿਉ ਥੱਲੇ ਨੂੰ ਆਉਦੀ ॥
ਨੋਟਬੰਦੀ ਕਰ ਤੈਂ ਮਾਰਿਆ ਹਰ ਇੱਕ ਦੀ ਜੇਬ ਤੇ ਵੱਡਾ ਡਾਕਾ ,
ਪੰਦਰਾ ਲੱਖ ਦੇ ਜੁਮਲੇ ਵਾਲੀ ਬਾਤ ਹਰ ਇੱਕ ਨੂੰ ਤੜਫਾਉਦੀ ॥
ਰੇਲ ਗੱਡੀ ਤੋਂ ਲੈ ਕੇ ਸਭ ਵੇਚਤੇ ਜਹਾਜ ਵੱਡੇ ਪੂੰਜੀਪਤੀਆ ਨੂੰ,
ਦੇਸ ਵੇਚਕੇ ਦੇਸ ਚਲਾਵੇ ਵਿਗੜੀ ਟੋਲੀ ਫਿਰੇ ਸਮਝਾਉਦੀਂ ॥
ਮੇਰੇ ਵਤਨ ਦਾ ਅੰਨਦਾਤਾ ਰੋਲ ਦਿੱਤਾ ਦਿੱਲੀ ਦੀਆਂ ਸੜਕਾ ਤੇ ॥
ਕਦੇ ਤਿੰਰਗੇ ਜਾਂ ਕਿਰਸਾਨੀ ਝੰਡੇ ਤੇ ਮਾਂ ਜੱਫੀ ਪਾ ਕੁਰਾਲਾਉਦੀ ॥
ਬਹੁਤ ਹੋ ਗਿਆ ਜੁਲਮ ਤੇਰਾ ਖੇਡਦਾ ਫਿਰੇ ਖੂੰਨ ਸਾਡੇ ਦੀ ਹੋਲੀ,
ਘੜਾ ਪਾਪ ਦਾ ਭਰਿਆ ਸੁਰਜੀਤ ਕਲਮ ਉੱਚੀ ਉੱਚੀ ਗਾਉਦੀ ॥

**ਸੁਰਜੀਤ ਫੁਲੇੜਾ**
**9815533945**

# ਪ੍ਰੀਤ ਫੁਲਵਾੜੀ

## ਰੱਬ

ਖੌਰੇ ਕੀ ਮੰਗ ਬੈਠਾਂ ਰੱਬ ਕੋਲੋਂ
ਜੋ ਸੁਣ ਕੇ ਵੀ ਕੰਨ ਕਰਦਾ ਨਈਂ।=2
ਮੈ ਮੁੱਦਤਾਂ ਤੋਂ ਬੰਜਰ ਸੀ
ਅੱਜ ਵੀ ਔੜਾਂ ਜਰ ਰਿਹਾਂ
ਕਿਸੇ ਇਕ ਆਪਣੇ ਦੀ ਭਾਲ ਚ
ਮੈ ਕੱਈਆਂ ਹੱਥੋਂ ਮਰ ਰਿਹਾ
ਕੱਈ ਠੋਕਰਾਂ ਖਾ ਬੈਠਾਂ ਪਰ
ਮੰਨ ਮੇਰਾ ਕਿਉਂ ਮਰਦਾ ਨੀਂ।
ਖੌਰੇ ਕੀ ਮੰਗ ਬੈਠਾਂ ਰੱਬ ਕੋਲੋਂ
ਜੋ ਸੁਣ ਕੇ ਵੀ ਕੰਨ ਕਰਦਾ ਨਈਂ =2
ਬਦਲ ਗਏ ਓਹ ਹਾਲਾਤਾਂ ਨਾਲ
ਜੋ ਇਤਬਾਰ ਜਤਾਉਂਦੇ ਫਿਰਦੇ ਸੀ
ਭੀੜ ਪਈ ਨਾ ਕੋਲ ਖੜ੍ਹੇ
ਜੋ ਪਿਆਰ ਜਤਾਉਂਦੇ ਫਿਰਦੇ ਸੀ
ਕੰਢਿਆਂ ਤੇ ਪੈਰ ਭਲਾ
ਕੋਈ ਚਾਵਾਂ ਨਾਲ ਤਾਂ ਧਰਦਾ ਨਈਂ
ਖੌਰੇ ਕੀ ਮੰਗ ਬੈਠਾਂ ਰੱਬ ਕੋਲੋ
ਜੋ ਸੁਣ ਕੇ ਵੀ ਕੰਨ ਕਰਦਾ ਨਈਂ. =2
ਤਾਣੇ ਬਾਣੇ ਜਿੰਦਗੀ ਦੇ
ਜੇ ਐਨਾ ਉਲਝਾਂਓਦੇ ਨਾ
ਸਿਖਣਾ ਕੀ ਸੀ ਜਿੰਦਗੀ ਚੋਂ
ਜੇ ਓਹ ਠੋਕਰਾਂ ਮਾਰ ਸਿਖਾਂਉਦੇ ਨਾ
ਖੁੱਲ ਗਏ ਭੇਤ ਉਨ੍ਹਾਂ ਵਾਲੇ
ਰਿਹਾ ਕੋਈ ਪਰਦਾ ਨਈਂ
ਖੌਰੇ ਕੀ ਮੰਗ ਬੈਠਾਂ ਰੱਬ ਕੋਲੋਂ
ਜੋ ਸੁਣ ਕੇ ਵੀ ਕੰਨ ਕਰਦਾ ਨਈਂ =2
ਚਾਅ ਤਾਂ ਸਬ ਮੁਕ ਗਏ ਨੇ
ਸਦਰਾਂ ਬਚਾਈ ਬੈਠੇ ਆਂ
ਕੌਣ ਸਿਵੇ ਨੂੰ ਅੱਗ ਦਾਓ
ਇੱਹ ਆਸ ਲਗਾਈ ਬੈਠੇ ਆਂ
ਖੌਰੇ ਓਹ ਇਹੀ ਪਲ ਉਡੀਕਦੇ ਹੋਣ
ਇਹ ਰਾਜ ਭਲਾ ਕਿਉਂ ਮਰਦਾ ਨਈਂ
ਖੌਰੇ ਕੀ ਮੰਗ ਬੈਠਾਂ ਮੈਂ ਰੱਬ ਕੋਲੋ
ਜੋ ਸੁਣ ਕੇ ਵੀ ਕੰਨ ਕਰਦਾ ਨਈਂ =2
ਬਲਰਾਜ

## ਮਹਿਰਮ

ਮੇਰੇ ਦੁੱਖਾ ਦਾ ਮਹਿਰਮ
ਮੇਰੇ ਦੁੱਖਾ ਨੂੰ ਸੁਣਦਾ ਏ,
ਮੇਰੀ ਕੋਈ ਸਾਰ ਨਾ ਲਵੇ
ਮੇਰਾ ਮਹਿਰਮ ਸੁਣਦਾ ਏ,
ਮੇਰੇ ਦੁੱਖਾਂ ਦੇ ਕੀਰਣੇ ਜੀ
ਵਿੱਚ ਕੜਾਹੀ ਦੇ ਭੁੰਨਦਾ ਏ,
ਮੇਰਾ ਦੁੱਖਾ ਦਾ ਮਹਿਰਮ
ਮੇਰੇ ਦੁੱਖਾ ਨੂੰ ਸੁਣਦਾ ਏ,
ਲੋਕਾ ਭਾਵੇ ਉਹ ਹੱਸਦਾ
ਪਰ ਵਿੱਚ ਮਨ ਦੇ ਰੱਖਦਾ ਏ
ਮੇਰੇ ਦੁੱਖਾ ਦਾ ਮਹਿਰਮ
ਮੇਰੇ ਦੁੱਖਾ ਨੂੰ ਸੁਣਦਾ ਏ ,
ਰਹਿੰਦਾ ਇਕੱਲਾ ਇਕੱਲਾ ਜੀ
ਵਾਲੀ ਲੋਕਾ ਦੀ ਨਾ ਸੁਣਦਾ ਏ
ਮੇਰੇ ਦੁੱਖਾ ਦਾ ਮਹਿਰਮ
ਮੇਰੇ ਦੁੱਖਾ ਨੂੰ ਸੁਣਦਾ ਏ ,
ਸ਼ੋਕ ਅਵੱਲੇ ਜੇ ਲਾਈ ਫਿਰਦਾ
ਆਪਣੇ ਆਪ ਚ ਰਹਿੰਦਾ ਘਿਰਦਾ ਏ
ਮੇਰੇ ਦੁੱਖਾ ਦਾ ਮਹਿਰਮ
ਮੇਰੇ ਦੁੱਖਾ ਨੂੰ ਸੁਣਦਾ ਏ ,
ਇੱਕ ਮੈਨੂੰ ਪਿਆਰ ਕਰਦਾ
ਤੇ ਦੂਜੇ ਆਪਣੇ ਰੰਗਾ ਚ ਫਿਰਦਾ ਏ
ਮੇਰੇ ਦੁੱਖਾ ਦਾ ਮਹਿਰਮ
ਮੇਰੇ ਦੁੱਖਾ ਨੂੰ ਸੁਣਦਾ ਏ,
ਮੇਰਾ ਚਿੱਤ ਕਰੇ ਦੁਨੀਆਂ ਛੱਡਦਾ
ਉਹਨੂੰ ਵੇਖ ਕੇ ਨਾ ਮਨ ਕਰਦਾ ਏ ,
ਮੇਰੇ ਦੁੱਖਾ ਦਾ ਮਹਿਰਮ
ਮੇਰੇ ਦੁੱਖਾ ਨੂੰ ਸੁਣਦਾ ਏ ,
ਮੈ ਦੱਸੀ ਜਾਵਾਂ ਹਾਲ ਬੈਠ ਕੇ
ਉਹ ਚਿੱਤ ਲਾ ਕੇ ਸੁਣਦਾ ਏ
ਮੇਰੇ ਦੁੱਖਾ ਦਾ ਮਹਿਰਮ
ਮੇਰੇ ਦੁੱਖਾ ਨੂੰ ਸੁਣਦਾ ਏ ,
ਮੈਨੂੰ ਕਹਿੰਦਾ ਮਨ ਕਰੇ
ਤੇਰੇ ਦੁੱਖਾ ਨੂੰ ਲੈ ਲਵਾ
ਦਿਲ ਜੁਦਾਈ ਤੋ ਡਰਦਾ ਏ
ਮੇਰੇ ਦੁੱਖਾ ਦਾ ਮਹਿਰਮ
ਮੇਰੇ ਦੁੱਖਾ ਨੂੰ ਸੁਣਦਾ ਏ ,
ਮੈਨੂੰ ਕਹਿੰਦਾ ਦੱਸੀ ਚੱਲ ਦੁੱਖ ਆਪਣੇ,
ਹੱਲ ਦੁੱਖਾ ਦਾ ਕਰਨੇ ਨੂੰ ਕਰਦਾ ਏ ,
ਮੇਰੇ ਦੁੱਖਾ ਦਾ ਮਹਿਰਮ
ਮੇਰੇ ਦੁੱਖਾ ਨੂੰ ਸੁਣਦਾ ਏ
**ਗੁਰਪਿੰਦਰ ਆਦੀਵਾਲ ਸ਼ੇਖਪੁਰਾ**
7657902005

## ਕਸ਼ਮੀਰੀ ਲੋਕ

ਅਸੀਂ ਹਰ ਵਾਰ ਜ਼ੁਲਮ ਨਾਲ
ਟੱਕਰ ਲੈਂਦਾ ਆਏ ਹਾਂ
ਅਸੀਂ ਕਸ਼ਮੀਰੀ ਹੁੰਦੇ ਆਏ
ਹਾਂ
ਫ਼ੌਜ ਨੇ ਦਬਾਉਣ ਦੀ ਸਾਨੂੰ
ਕੀਤੀ ਕੋਸ਼ਿਸ਼
ਅਸੀਂ ਫ਼ੌਜ ਨਾਲ ਟੱਕਰ
ਲੈਂਦੇ ਆਏ ਹਾਂ
ਸਾਨੂੰ ਅੱਤਵਾਦੀ
ਕਹਿੰਦਿਆਂ
ਆਈਆਂ ਸਰਕਾਰਾਂ
ਅਸੀਂ ਆਜ਼ਾਦੀ ਲਈ
ਲੜਦੇ
ਆਏ ਹਾਂ
ਤੋੜਨ ਦੀ ਕੋਸ਼ਿਸ਼ ਕੀਤੀ
ਕਈਆਂ ਆਪਣਿਆਂ ਨੇ
ਅਸੀਂ ਆਪਣਿਆਂ ਨੂੰ ਵੀ
ਸਾਥੀ ਬਣਾਉਂਦੇ ਆਏ ਹਾਂ
ਸਾਡੀ ਚੁੱਪ ਨੂੰ ਸਮਝੀ
ਨਾ ਤੂੰ ਡਰਪੋਕ
ਅਸੀਂ ਸਰਕਾਰਾਂ ਨਾਲ ਲੜਦੇ
ਆਏ ਹਾਂ
ਕਸ਼ਮੀਰੀ ਹਾਂ ਅਸੀਂ , ਡਰਦੇ
ਨਹੀਂ ਕਿਸੇ ਤੋ ਵੀ
ਸਰਕਾਰਾਂ ਨੂੰ ਵੀ ਖੁੰਝੇ
ਲਾਉਂਦੇ ਆਏ ਹਾਂ
ਜਿਨ੍ਹਾਂ ਮਰਜੀ ਦਬਾ ਲਏ
ਸਰਕਾਰੇ ਸਾਨੂੰ
ਹਰ ਵਾਰ ਵੱਖਰੇ ਢੰਗ ਨਾਲ
ਉਭਰਦੇ ਆਏ ਹਾਂ
ਲੋੜ ਪੈਣ ਤੇ ਦਿੰਦੇ ਹਾਂ ਕਸ਼ਮੀਰ
ਲਈ ਜਾਨ
ਅਸੀਂ ਆਜ਼ਾਦੀ ਲਈ ਲੜਦੇ
ਮਰਦੇ ਆਏ ਹਾਂ
ਧਾਰਾ 370 ਹਟਾ ਕੇ ਕੀ ਕਰ
ਲਵੇਗੀ ਸਰਕਾਰ
ਅਸੀਂ ਕਈ ਧਰਾਵਾਂ ਨਾਲ
ਲੜਦੇ ਆਏ ਹਾਂ
ਅੱਜ ਨਹੀਂ ਤਾਂ ਕੱਲ੍ਹ ਹੋਵੇਗੀ
ਜਿੱਤ ਸਾਡੀ
ਅਸੀਂ ਹਾਲਾਤਾਂ ਨਾਲ ਲੜਦੇ
ਆਏ ਹਾਂ
ਕਸ਼ਮੀਰ ਰਹੇਗਾ, ਸਿਰਫ਼
ਕਸ਼ਮੀਰੀਆਂ ਦਾ
ਅਸੀਂ ਹਰ ਵਾਰ ਦਾਅਵੇ ਨਾਲ
ਕਹਿੰਦੇ ਆਏ ਹਾਂ
ਬੰਦੂਕ ਦੀ ਨੋਕ ਤੇ ਲੜ ਲੈਂਦਾ
ਏ
ਹਰ ਕੋਈ
ਅਸੀਂ ਡੋਲਿਆ ਵਿਚ ਪਈ
ਜਾਨ
ਨਾਲ ਜਾਨ ਲੈਂਦੇ ਆਏ ਹਾਂ
ਸਰਕਾਰ ਕੁਝ ਨਹੀਂ ਕਰ
ਸਕੀ ਸਾਡਾ
ਕਿਉਂਕਿ ਅਸੀਂ ਕਲਮ ਦੀ
ਨੋਕ ਤੇ ਲੜਦੇ ਆਏ ਹਾਂ।
**ਪ੍ਰੀਤ**

## ਗ਼ਜ਼ਲ

ਭਰੇ ਮਨ ਨਾਲ ਮੈਂ ਪਿੰਡ ਸੋਹਰਿਆਂ ਤੋਂ ਆਈ,
ਕੱਲ ਤੇਰੀ ਗੱਲ ਸਾਰੀ ਮਾਂ ਨੇ ਫੋਨ ਤੇ ਸੁਣਾਈ,
ਤੈਨੂੰ ਸੁਰਤ ਨਾ ਰਹਿੰਦੀ ਹਾਲੋਂ ਬੇਹਾਲ ਹੋਇਆ,,
ਚੰਗਾ ਰਹੇਗਾ ਇਹ ਪਰੇ ਕੋਹੜ ਵੱਢਦੇ ਦੇ ਵੇ,,
ਮੈਨੂੰ ਲੋੜ ਨਾ ਸੌਗਾਤਾਂ ਦੀ ਰੱਖੜੀ ਤੇ ਵੀਰਿਆ,,
ਭੈਣ ਤੇਰੀ ਦਾ ਤਰਲਾ ਹਾੜੇ ਨਸ਼ੇ ਛੱਡਦੇ ਵੇ,
ਕਰ ਯਾਦ ਮਾਂ ਨੇ ਕਦੇ ਤੈਨੂੰ ਪਾਇਆ ਨਾ ਗਿੱਲੇ,
ਜੀਭ ਤਤਲਾਓਂਦੀ ਤੇ ਹੁਣ ਡੱਕੇ ਵਾਂਗ ਹਿੱਲੇਂ,
ਬਿਨ ਕਹੇ ਤੇਰੇ ਸਾਰੇ ਚਾਅ ਸੀ ਕੀਤੇ ਪੂਰੇ,,
ਭਾਵੇਂ ਖੁਦ ਇਹਨਾਂ ਦੇ ਲੀੜੇ ਜੋੜੇ ਸੀ ਅੱਡਦੇ ਵੇ,
ਮੈਨੂੰ ਲੋੜ ਨਾ ਸੌਗਾਤਾਂ ਦੀ ਰੱਖੜੀ ਤੇ ਵੀਰਿਆ,,
ਭੈਣ ਤੇਰੀ ਦਾ ਤਰਲਾ ਹਾੜੇ ਨਸ਼ੇ ਛੱਡਦੇ ਵੇ,
ਮਰਨ ਹੋਇਆ ਮੇਰਾ ਵੇਖ ਸੰਗਲ ਨਾਲ ਬੰਨਿਆਂ,
ਸੁਣਿਆ ਤਾਈ ਤੋਂ ਜਿੰਦਾ ਪੇਟੀ ਦਾ ਤੂੰ ਭੰਨਿਆਂ,
ਮੱਖਣ ਤੇਰੀ ਸ਼ੇਰੋਂ ਚ ਕੋਈ ਸੌਂਹ ਵੀ ਨਾ ਖਾਂਦਾ ਸੀ,
ਸਭ ਮਿੱਟੀ ਚ ਮਿਲਾਏ ਕਰੇ ਕੰਮ ਚੱਜ ਦੇ ਵੇ,
ਮੈਨੂੰ ਲੋੜ ਨਾ ਸੌਗਾਤਾਂ ਦੀ ਰੱਖੜੀ ਤੇ ਵੀਰਿਆ,,
ਭੈਣ ਤੇਰੀ ਦਾ ਤਰਲਾ ਹਾੜੇ ਨਸ਼ੇ ਛੱਡਦੇ ਵੇ,
**ਮੱਖਣ ਸ਼ੇਰੋਂ ਵਾਲਾ**
**ਪਿੰਡ ਤੇ ਡਾਕ ਸ਼ੇਰੋਂ ਤਹਿ ਸੁਨਾਮ ਜਿਲ੍ਹਾ ਸੰਗਰੂਰ**
**ਸੰਪਰਕ98787-98726**

## ਮਾਂ ਬੋਲੀ

ਇੰਗਲਿਸ਼ ਵਾਲ਼ੀ ਵਗੇ ਹਨ੍ਹੇਰੀ
ਉੱਤੋਂ ਹਿੰਦੀ ਬਣ ਗਈ ਵੈਰੀ
ਪੰਜ ਆਬਾਂ ਦੀ ਰਾਣੀ ਸੀ
ਜੋ ਬਣਕੇ ਰਹਿ ਗਈ ਗੋਲੀ
ਸਾਂਭ ਲਓ ਪੰਜਾਬੀਓ
ਨਹੀਂ ਮੁੱਕ ਜਾਣੀ ਮਾਂ ਬੋਲੀ
ਗਰੂਆਂ ,ਪੀਰਾਂ ਜਾਈ ਨੂੰ
ਕਿਉਂ ਘਰ ਚੋਂ ਜਾਂਦੇ ਕੱਢੀ
ਹੈਲੋ ਹੈਲੋ ਕਰਦਿਆਂ ਨੇ
ਕਿਉਂ ਫਤਿਹ ਬੁਲਾਉਣੋਂ ਛੱਡੀ
ਜੀਹਦੇ ਨਾਲ ਸੀ ਰਿਸ਼ਤਾ ਗੂੜ੍ਹਾ
ਬੱਚਿਆਂ ਤਾਈਂ ਨੂੰ ਭੁੱਲਿਆ ਊੜਾ
ਹੱਥੀਂ ਆਪਣੇ ਵਿਰਸੇ ਨੂੰ
ਕਿਉਂ ਜਾਂਦੇ ਮਿੱਟੀ ਰੋਲ਼ੀ
ਸਾਂਭ ਲਵੋ ਪੰਜਾਬੀਓ
ਵਿਚ 47 ਦੋ ਥਾਂ ਵੰਡੀ
ਰੋਈ ਤੇ ਕੁਰਲਾਈ
ਦਿੱਲੀ ਵਾਲ਼ੇ ਜਾਂਦੇ ਉੱਤੋਂ
ਤੇਲ ਜੜਾਂ ਵਿਚ ਪਾਈ
ਮਾੜੇ ਰੱਖਦੇ ਨੇ ਮਨਸੂਬੇ
ਲੈ ਗਏ ਖੋਹ ਪੰਜਾਬੀ ਸੂਬੇ
ਹੱਕ ਮਾਰਦੀ ਆਈ ਸਾਡੇ
ਇਹ ਠੱਗਾਂ ਦੀ ਟੋਲੀ
ਸਾਂਭ ਲਵੋ ਪੰਜਾਬੀਓ
ਨਾਨਕ ,ਬੁੱਲ੍ਹੇ ਸ਼ਾਹ ਫ਼ਰੀਦ
ਜਿਹੇ ਇਸਦੇ ਪੁੱਤਰ ਪਿਆਰੇ
ਵਾਰਿਸ, ਹਾਸ਼ਮ, ਬਾਹੂ ਦੇ
ਅਸੀਂ ਜਾਈਏ ਵਾਰੇ ਵਾਰੇ
ਜੱਗੇ, ਜਿਉਣੇ, ਸੁੱਚੇ, ਦੁੱਲੇ
ਕਾਹਤੋਂ ਚੇਤਿਆਂ ਵਿਚੋਂ ਭੁੱਲੇ
" ਸੋਨੂੰ ਮੰਗਲ਼ੀ " ਵਾਲ਼ੇ ਦੀ ਗੱਲ
ਕਰਿਓ ਨਾ ਅਣਗੌਲੀ
ਸਾਂਭ ਲਵੋ ਪੰਜਾਬੀਓ
**ਸੋਨੂੰ ਮੰਗਲ਼ੀ**

## ਅੰਮ੍ਰਿਤਸਰ ਵੱਲ ਜਾਂਦੇ ਰਾਹੀਓ

ਨਗਰੀ ਇਹ ਗੁਰੂ ਰਾਮਦਾਸ ਦੀ, ਕੁੱਲ ਦੁੱਖਾਂ ਦਾ ਨਾਸ਼ ਕਰੇ
ਵੈਰ-ਵਿਰੋਧ ਮਿਟਾ ਦੇਵੇ ਸਭ, ਪਾਪੀ ਦਿਲ ਇਹ ਪਾਕ ਕਰੇ
ਜਾ ਕੇ ਧੁਰ ਦੀ ਜੰਨਤ ਤੱਕ ਲਓ, ਮਾਣੋ ਖ਼ੂਬ ਨਜ਼ਾਰੇ ਬਈ
ਹਰਿਮੰਦਰ ਦੇ ਦਰਸ਼ਨ ਕਰਕੇ, ਟੁੱਟ ਜਾਂਦੇ ਦੁੱਖ ਸਾਰੇ ਬਈ
ਅੰਮ੍ਰਿਤਸਰ.....
ਪਿੰਗਲਾ ਜਿੱਥੇ ਰਾਜ਼ੀ ਹੋਇਆ, ਓਥੇ ਕਰ ਇਸ਼ਨਾਨ ਲਇਓ
ਬਹਿਕੇ ਸ਼ਰਣੀ ਸਤਿਗੁਰ ਦੀ, ਕਰ ਓਸੇ ਦਾ ਗੁਨਗਾਨ ਲਇਓ
ਤਾਰ ਦੇਵੇ ਗੁਰ ਦਰਸ਼ਨ ਸਭੇ, ਲੋਭੀ ਤੇ ਹੰਕਾਰੇ ਬਈ
ਹਰਿਮੰਦਰ ਦੇ ਦਰਸ਼ਨ ਕਰਕੇ, ਟੁੱਟ ਜਾਂਦੇ ਦੁੱਖ ਸਾਰੇ ਬਈ
ਅੰਮ੍ਰਿਤਸਰ.....
ਦੁੱਖ-ਭੰਜਨੀ ਦੇ ਦਰਸ਼ਨ ਕਰਿਓ, ਜਿਹੜੀ ਕਸ਼ਟ ਮਿਟਾ ਦੇਵੇ
ਦੀਪ ਸਿੰਘ ਦੀ ਤੱਕ ਸਮਾਧੀ, ਦਿਲ ਵਿੱਚ ਜੋਸ਼ ਲਿਆ ਦੇਵੇ
ਜਿਸਦੇ ਅੱਗੇ ਸਭੇ ਹੀ ਸਨ, ਵੈਰੀ - ਜ਼ਾਲਮ ਹਾਰੇ ਬਈ
ਹਰਿਮੰਦਰ ਦੇ ਦਰਸ਼ਨ ਕਰਕੇ, ਟੁੱਟ ਜਾਂਦੇ ਦੁੱਖ ਸਾਰੇ ਬਈ
ਅੰਮ੍ਰਿਤਸਰ.....
ਗੁਰ-ਦਰਸ਼ਨ ਦਾ ਫ਼ਲ ਹੈ ਵੱਡਾ, ਸਾਰੀ ਦੁਨੀਆਂ ਕਹਿੰਦੀ ਏ
ਉਹ ਵਡਭਾਗੀ ਦੁਨੀਆਂ ਜਿਹੜੀ, ਸਤਿਗੁਰ ਸ਼ਰਣੀ ਰਹਿੰਦੀ ਏ
ਸਤਿਗੁਰ ਆਪਣੇ ਪਿਆਰਿਆਂ ਉੱਤੋਂ, ਜਾਂਦੇ ਨੇ ਬਲਿਹਾਰੇ ਬਈ
ਹਰਿਮੰਦਰ ਦੇ ਦਰਸ਼ਨ ਕਰਕੇ, ਟੁੱਟ ਜਾਂਦੇ ਦੁੱਖ ਸਾਰੇ ਬਈ
ਅੰਮ੍ਰਿਤਸਰ.....
ਸ਼ਾਨ ਏਸ ਹਰਿਮੰਦਰ ਦੀ ਬਈ, ਸਾਰੇ ਜੱਗ ਤੋਂ ਨਿਆਰੀ ਏ
ਜਿਸ ਥਾਂ ਬੈਠਾ ਸਤਿਗੁਰ ਮੇਰਾ, ਬਣਕੇ ਪਰ-ਉਪਕਾਰੀ ਏ
ਸੁੱਖ ਹੀ ਸੁੱਖ ਵਰਤਾਏ ਜੱਗਤੇ, ਸਭ ਇਸ ਬਖ਼ਸ਼ਣਹਾਰੇ ਬਈ
ਹਰਿਮੰਦਰ ਦੇ ਦਰਸ਼ਨ ਕਰਕੇ, ਟੁੱਟ ਜਾਂਦੇ ਦੁੱਖ ਸਾਰੇ ਬਈ
ਅੰਮ੍ਰਿਤਸਰ.....
ਗੋਇੰਦਵਾਲ ਤੇ ਤਰਨਤਾਰਨ ਵੀ, ਧਰਤੀ ਅੰਮ੍ਰਿਤਸਰ ਦੀ ਏ
ਕਰ ਇਸ਼ਨਾਨ ਜੋ ਸਿਮਰੇ ਸਤਿਗੁਰ, ਤਨ ਮਨ ਨਿਰਮਲ ਕਰਦੀ ਏ
"ਲੱਖੇ" 'ਸਲੇਮਪੁਰੀ' ਜਿਹੇ ਤਰਗੇ, ਜਾਂਦੇ ਵਾਰੇ - ਵਾਰੇ ਬਈ
ਹਰਿਮੰਦਰ ਦੇ ਦਰਸ਼ਨ ਕਰਕੇ, ਟੁੱਟ ਜਾਂਦੇ ਦੁੱਖ ਸਾਰੇ ਬਈ
ਅੰਮ੍ਰਿਤਸਰ.....
**ਲੇਖਕ ਲਖਵਿੰਦਰ ਸਿੰਘ ਲੱਖਾ ਸਲੇਮਪੁਰੀ**

## ਗ਼ਜ਼ਲ

ਹੁਣ ਪੁੱਛਣ ਕੂੰਜਾਂ ਕਮਲੀਆਂ
ਅੱਜ ਦੇਸ਼ ਮੇਰੇ ਦਾ ਰਾਹ
ਜਿੱਥੇ ਜੁਵਾਨੀ ਚਿੱਟੇ ਮਾਰਲੀ
ਬਾਕੀ ਕੈਂਸਰ ਗਿਆ ਏ ਖਾਹ
ਇੱਥੇ ਕਾਲੇ ਪਾਣੀ ਬੱਣਗੇ
ਸਤਲੁਜ ਬਿਆਸ ਦਰਿਆ
ਨਾ ਇਥੇ ਚਿੱੜੀਆ
ਚਹਿੱਕਦੀਆਂ
ਅਸੀ ਪੰਛੀ ਲਏ ਗੁਵਾ
ਅਸੀ ਹੱਥੀ ਜ਼ਹਿਰ ਖਿਲਾਰਦੇ
ਆਪਣੇ ਖੇਤਾ ਵਿੱਚ ਲਿਆ
ਸੁਣੋ ਮੁੰਡੇ ਵੇਚਣ ਵਾਲਿਉ
ਗਿਆ ਉੱਲਟ ਜ਼ਮਾਨਾ ਆ
ਹੁਣ ਕੁੜੀਆ ਫਿਰਦੇ ਲੱਭਦੇ
ਚੱੜਿਆ ਬਹਾਰ ਜਾਣ ਦਾ ਚਾਅ
ਜਿਹਨੂੰ ਰੰਗਲਾ ਪੰਜਾਬ ਆਖਦੇ
ਅੱਜ ਸਾਰਾ ਗੰਧਲ ਗਿਆ
ਅਜੇ ਵੀ ਵੇਲਾ ਹੱਥ ਹੈ ਨਿੰਦਰਾ
ਇਹਨੂੰ ਉੱਜੜਣੋ ਲਉ ਬਚਾ
**ਨਰਿੰਦਰ ਸਿੰਘ ਬਰਾੜ**

## ਬਚਪਣ ਦੀ ਯਾਦ

ਰੋੜ ਰੋੜ ਟਾਇਰ...
ਪਿੱਛੇ ਪਿੱਛੇ ਭੱਜਣਾ ਆ,
ਨਾਲ ਆੜੀਆਂ ਦੇ.....
ਮੀਂਹ 'ਚ ਭਿੱਜਣਾ ਆ,
ਬਣਾ ਕਾਗਜ਼ ਦੀ ਕਿਸ਼ਤੀ,
ਸ਼ੌਕ ਹੁੰਦਾ ਸੀ,
ਪਾਣੀ ਤੇ ਤਰਾਂਉਣ ਦਾ,
ਅੱਜ ਫਿਰ ਯਾਦ ਆਈ,
ਬਚਪਣ ਏ ਬਤਾਉਣ ਦਾ,....
ਸਾਇਕਲ ਦੀ ਕੈਂਚੀ ਸਿੱਖੀ,
ਫੇਰ ਪੈਰ ਆਏ ਡੰਡੇ ਤੇ.......
ਟੈਂਅ ਟੈਂਅ ਡੰਡੂਆਂ ਦੀ ਸੁਣੀ,
ਬੈਠ ਟੌਂਭੇ ਦੇ ਕੰਡੇ ਤੇ......
ਛੁੱਟੀਆਂ 'ਚ ਸਕੂਲ ਦੇ ਕੰਮ ਦਾ
ਜੱਬ ਹੁੰਦਾ ਸੀ .........
ਛੇਤੀ ਛੇਤੀ ਮਕਾਉਣ ਦਾ ਆ,
ਅੱਜ ਫਿਰ ਯਾਦ ਆਈ....
ਬਚਪਣ ਏ ਬਤਾਉਣ ਦਾ, !!
ਤੋੜਦੇ ਸੀ ਕੱਚੀਆਂ ਅੰਬੀਆਂ
ਜਾਅ ਲੰਬੜਾ ਦੇ ਬਾੜੇ ਚੋਂ,
ਬੜੇ ਪਤੰਗ ਡੋਰਾਂ ਲੁਟੀਆਂ,
ਚੜ ਕੇ ਛੱਤ ਏ ਚੌਬਾਰੇ ਤੋਂ......
ਨਾਨਕੇ ਜਾਣ ਨੂੰ ਘੜਦੈ ਸਕੀਮਾਂ,
ਬਸ ਕੰਮ ਹੁੰਦਾਂ ਸੀ,
ਬੇਬੇ ਜੀ ਨੂੰ ਮਨਾਉਣ ਦਾ,
ਅੱਜ ਫੇਰ ਯਾਦ ਆਈ,
ਬਚਪਣ ਨੂੰ ਬਤਾਉਣ ਦਾ,
ਫੜ ਫੜ ਮੱਝਾਂ ਦੀਆਂ ਪੂੰਛਾਂ,
ਟੋਭੇ 'ਚ ਸਿੱਖੇ ਸੀ ਤਰਨਾ,
ਮਖਿਆਲ ਬੜੇ ਚੌਏ ਏ
ਮੱਖੀਆਂ ਦੇ,ਡੰਗ ਤੋ, ਨਾ ਡਰਨਾ,
ਨੱਕ ਬੰਦ ਕਰ,ਲਾਉਣੀ ਜਦੋ ਤਾਰੀ,
ਬੜਾ ਮਜ਼ਾ ਆਉਦਾ ਸੀ,
ਸੂਹੇ ਵਿੱਚ ਨਹਾਉਣ ਦਾ,
ਅੱਜ ਫੇਰ ਯਾਦ ਆਈ,
ਬਚਪਣ ਨੂੰ ਬਤਾਉਣ ਦਾ,
ਗੰਨਿਆਂ ਦੀ ਟਰਾਲੀ ਚੋਂ
ਭੱਜ ਪਿੱਛੋ ਗੰਨੇ ਖਿੱਚਣੇ ਏ,
ਕੱਢ ਭੜੋਲਿਆਂ ਚੋਂ ਦਾਣੇ ਏ......
ਬਰਫ ਦੇ ਗੋਲੇ ਲੈਣੇ,
ਜਦੋ ਆਉਣੇ ਪਿੰਡ ਵਿੱਕਣੇ,
ਨਿੱਕੀ ਨਿੱਕੀ ਗੱਲ ਪਿੱਛੇ
ਆਪਸ 'ਚ ਲੜਣਾ ਆ,
ਪਲ ਪਿੱਛੋ " ਦੀਪ " ਹੁੰਦਾ ਸੀ,
ਇੱਕ ਦੂਜੇ ਨੂੰ ਮਨਾਉਣ ਦਾ,
ਅੱਜ ਫੇਰ ਯਾਦ ਆਈ,
ਬਚਪਣ ਨੂੰ ਬਤਾਉਣ ਦਾ......!!
**ਦੀਪ ਰੱਤੀ**

## ਆਜ਼ਾਦੀ ਨਸ਼ਿਆਂ ਤੋਂ

ਸਰਹੱਦ ਨਾ ਰਹੀ ਕੋਈ
ਜਿਥੇ ਰੁੱਕ ਜਾਂਦਾ
ਬਿਨਾਂ ਕਿਸੇ ਜਿੰਦਗੀ ਦੇ ਮੋਈ
ਰੋਕਣਾ ਸੀ ਜਿਨ੍ਹਾਂ ਜਵਾਨਾਂ
ਖੁਦ ਚਿੱਟੇ ਦੀ ਚਾਦਰ ਢੋਈ
ਤਰਸ ਰਹੀ ਜਿੰਦਗੀ
ਆਪਣੇ ਪੈਰ ਫੈਲਾਉਣ ਨੂੰ
ਨਸ਼ਿਆਂ ਕੀਤਾ ਕਬਜ਼ਾ
ਜਿੰਦਗੀ ਪਲ - ਪਲ ਜਿਊਣ ਨੂੰ ਰੋਈ ....
ਪਹੁੰਚਿਆ ਸੀ ਜਦ ਸਰਹੱਦ ਮੁਲਕ ਦੀ
ਨਾ ਸੀ ਚਿੰਤਾ ਕਿਸੇ ਨੂੰ ਹੋਈ
ਕਰਦਾ ਹੋਇਆ ਪਾਰ ਸਰਹੱਦਾਂ
ਸਰਹੱਦ ਪੰਜਾਬ ਦੀ ਆਣ ਸੀ ਤੋੜੀ
ਵੱਸਦੇ ਘਰਾਂ ਦੀਆਂ ਹੱਦਾਂ ਲੰਘਿਆ
ਖੂਨ ਦੀ ਥਾਂ ਜਿਸਮਾਂ ਵਿਚ ਰਚਿਆ
ਪਾ ਲਈਆਂ ਜੰਜ਼ੀਰਾਂ ਗੁਲਾਮੀ ਦੀਆਂ
ਸੋਚ ਵਿਚ ਬਸ ਨਸ਼ਾ ਵਸਿਆ....
ਸੁੰਨੀਆਂ ਹੋਈਆਂ ਮਾਵਾਂ ਦੀਆਂ ਝੋਲੀਆਂ
ਪੁੱਤਾਂ ਨਸ਼ੇ ਨੂੰ ਮਾਂ ਬਣਾ ਲਿਆ
ਅੰਨ ਦੀ ਭੁੱਖ ਤੋਂ ਜਿਆਦਾ
ਸਰੀਰ ਆਪਣੇ ਨੂੰ ਲਾ ਲਿਆ
ਰਹੇ ਨਾ ਕਮਾਉਣ ਜੋਗੇ
ਜੋ ਸੀ ਉਹ ਵੀ ਗਵਾ ਲਿਆ .....
ਬੀਤਿਆ ਵਕਤ ਕਦ ਮੁੜਦਾ ਏ
ਨਾ ਮੁੜੇ ਕੋਈ ਜਿੰਦਗੀ ਮੋਈ
ਕਿਵੇਂ ਰੋਕ ਲਈਏ ਰਾਹ ਇਸਦਾ
" ਪ੍ਰੀਤ " ਸੋਚ ਡੂੰਘੀ ਹੋਈ
ਲੋੜ ਹੈ ਆਜ਼ਾਦੀ ਦੀ
ਆਜਾਦੀ ਨਸ਼ਿਆਂ ਦੀ ਗੁਲਾਮ ਹੋਈ
**ਪ੍ਰੀਤ ਰਾਮਗੜ੍ਹੀਆ**
**ਮੋਬਾਇਲ : +918427174139**

## ਰੁਲ਼ਦੂ ਕੋਠੇ ਚੜ੍ਹ ਕੇ ਕੂਕਿਆ

ਸੁਣੋ ਦੇਸ਼ ਦੁਨੀਆਂ ਦੇ ਵਾਸੀਓ
ਰਾਤੀਂ ਸਭ ਧਰਮਾਂ ਦੇ ਰਹਿਬਰ
ਮੈਨੂੰ ਮਿਲਣ ਆਏ ਸੀ ।
ਮੈਂ ਮੰਜੇ ਡਾਹ ਕੇ
ਚਾਹ ਪਾਣੀ ਪੁੱਛ ਕੇ
ਹੱਥ ਜੋੜ ਅਰਜ ਕੀਤੀ
" ਹੁਕਮ ਕਰੋ ਮਾਈ ਬਾਪ "
ਉਹਨਾਂ ਸਾਰਿਆਂ ਨੇ
ਇੱਕ ਆਵਾਜ ਹੋ ਕੇ ਫੁਰਮਾਇਆ
" ਉਇ ਭਲਿਓ ਮਾਣਸੋ
ਸਾਡੇ ਨਾਵਾਂ ਦੇ ਧਾਰਮਿਕ ਸਥਾਨ
ਬਹੁਤ ਬਣ ਗਏ
ਸਾਡੀਆਂ ਤਸਵੀਰਾਂ ਨੂੰ
ਮੱਥੇ ਵੀ ਵਥੇਰੇ ਟੇਕ ਲਏ
ਬੇਅੰਤ ਚੜ੍ਹਾਵੇ ਚੜ੍ਹਾ ਲਏ ।
ਹੁਣ ਮੌਕਾ ਆ ਗਿਆ ਹੈ
ਕਿ ਸਾਡੇ ਵੱਲੋਂ
ਕਹੀਆਂ ਗੱਲਾਂ ਉੱਪਰ
ਅਮਲ ਕਰੋ " ।
ਮੇਰਿਓ ਲੋਕੋ
ਮੈਂ ਤੁਹਾਡੇ ਦਾਸ ਵਜੋਂ
ਹਾਲੇ ਕੁੱਝ ਪੁੱਛਣਾ ਹੀ ਚਾਹਿਆ ਸੀ
ਕਿ ਮੇਰੀ ਅੱਖ ਖੁੱਲ੍ਹ ਗਈ ।
**ਮੂਲ ਚੰਦ ਸ਼ਰਮਾ ਉਰਫ**
**ਰੁਲ਼ਦੂ ਬੱਕਰੀਆਂ ਵਾਲ਼ਾ .**



ਸੁਰਾਂ ਦੇ ਬਾਦਸ਼ਾਹ

# ਸਰਦੂਲ ਸਿਕੰਦਰ

15 ਜਨਵਰੀ 1961 - 23 ਫਰਵਰੀ 2021

ਦੇ ਬੇਵਕਤੀ ਇਸ ਫਾਨੀ ਸੰਸਾਰ ਤੋਂ ਰੁਖਸਤ ਹੋ ਜਾਣ ਤੇ

# ਅਦਾਰਾ ਪ੍ਰੀਤਨਾਮਾ

ਅਫਸੋਸ ਪ੍ਰਗਟ ਕਰਦਾ ਹੋਇਆ ਸ਼ਰਧਾ ਦੇ ਫੁੱਲ ਭੇਟ ਕਰਦਾ ਹੈ

PREETNAMA ਪ੍ਰੀਤਨਾਮਾ ਖਰਾ ਸੱਚ

preetnamausa@gmail.com
**Contact : 201-312-4180**